

SKY TRANSPORT SOLUTIONS

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ

PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ

VOL - 7 ISSUE - 3

May 02, 2018

Postal Address
5101 Doe Hollow Pl., Antelope, CA-95843

www.deshdoaba.com
www.ambedkartimes.com



Golden State Truck Sales Inc.

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ




ਅਦਾਰਾ 'ਅੰਬੇਦਕਰ ਟਾਈਮਜ਼' ਅਤੇ 'ਦੇਸ਼ ਦੁਆਬਾ' ਵੱਲੋਂ ਬੁੱਧ ਪੂਰਨਿਮਾ ਲੱਖ-ਲੱਖ ਵਧਾਈਆਂ। ਇਸ ਸ਼ੁਭ ਦਿਹਾੜੇ 'ਤੇ ਸ. ਫਤਿਹਜੰਗ ਸਿੰਘ ਦਾ ਵਿਸ਼ੇਸ਼ ਲੇਖ ਦੇਖੋ **ਸਫਾ 15, 16 ਤੇ**

# ਆਦਮਪੁਰ ਏਅਰਪੋਰਟ ਤੋਂ ਦਿੱਲੀ ਲਈ ਉਡਾਣਾਂ ਆਰੰਭ

**ਆਦਮਪੁਰ (ਬਿਊਰੋ)–** ਆਦਮਪੁਰ 'ਚ ਬਣੇ ਹਵਾਈ ਅੱਡੇ ਤੋਂ ਦਿੱਲੀ ਦੇ ਲਈ 1 ਮਈ ਨੂੰ ਸ਼ਾਮ 5:05 'ਤੇ ਪਹਿਲੀ ਫਾਲਈਟ ਨੇ ਉਡਾਣ ਭਰੀ। ਦੱਸਣਯੋਗ ਹੈ ਕਿ 1 ਮਈ ਨੂੰ ਹੀ ਦੁਪਹਿਰ ਕਰੀਬ 3.30 ਵਜੇ ਦਿੱਲੀ ਕੌਮਾਂਤਰੀ ਹਵਾਈ ਅੱਡੇ ਦੇ ਟਰਮੀਨਲ-2 ਤੋਂ ਉੱਡਣ ਵਾਲੀ ਫਲਾਈਟ ਸ਼ਾਮ 4:45 'ਤੇ ਆਦਮਪੁਰ ਸਿਵਲ ਹਵਾਈ ਅੱਡੇ 'ਤੇ ਲੈਂਡ ਕੀਤੀ ਸੀ। ਇਥੇ 20 ਮਿੰਟ ਰੁਕਣ ਦੇ ਬਾਅਦ 5:05 ਵਜੇ ਫਲਾਈਟ ਵਾਪਸ ਦਿੱਲੀ ਲਈ ਉੱਡੀ। ਫਿਲਹਾਲ ਰੋਜ਼ਾਨਾ ਇਕ ਫਲਾਈਟ ਤੋਂ ਸ਼ੁਰੂਆਤ ਹੋਵੇਗੀ।

### ਆਦਮਪੁਰ ਬਣੇਗਾ ਬਿਜ਼ੀ ਏਅਰਪੋਰਟ




ਆਦਮਪੁਰ ਸਿਵਲ ਹਵਾਈ ਅੱਡੇ ਸਬੰਧੀ ਜਾਣਕਾਰੀ ਦਿੰਦਿਆਂ ਆਦਮਪੁਰ ਸਿਵਲ ਹਵਾਈ ਅੱਡੇ ਦੇ ਡਾਇਰੈਕਟਰ ਕੇਵਲ ਕਿਸ਼ਨ ਨੇ ਦੱਸਿਆ ਕਿ ਏਅਰਪੋਰਟ ਅਥਾਰਟੀ ਆਫ ਇੰਡੀਆ ਦੀ ਮਿਹਨਤ ਦਾ ਨਤੀਜਾ ਹੈ ਕਿ ਇਹ ਹਵਾਈ ਅੱਡਾ ਰੀਜਨਲ ਕੁਨੈਕਟੀਵਿਟੀ ਸਕੀਮ ਅਧੀਨ ਤਿਆਰ ਕੀਤਾ ਗਿਆ ਹੈ। ਇਸ ਦੇ ਪਹਿਲੇ ਪੜਾਅ 'ਚ ਲਗਭਗ 7 ਕਰੋੜ ਰੁਪਏ ਦੀ ਲਾਗਤ ਆਈ ਹੈ। ਇਹ ਹਵਾਈ ਅੱਡਾ ਇੰਨੀ ਜਲਦੀ ਤਿਆਰ ਹੋਣਾ ਏਅਰਪੋਰਟ ਅਥਾਰਟੀ ਆਫ ਇੰਡੀਆ ਦੀ ਵਧੀਆ ਕਾਰਗੁਜ਼ਾਰੀ ਦੀ ਮਿਸਾਲ ਹੈ।

**(ਬਾਕੀ ਸਫਾ 4 'ਤੇ)**




ਬੇਗਮਪੁਰਾ ਕਲਚਰਲ ਐਂਡ ਐਜੂਕੇਸ਼ਨ ਏਡ ਆਰਗੇਨਾਈਜੇਸ਼ਨ ਨੇ ਮਨਾਇਆ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਦਾ 127ਵਾਂ ਜਨਮ ਦਿਨ। ਸ੍ਰੀ ਕਸ਼ਮੀਰ ਸਿੰਘ ਹੀਰਾ (ਇੰਡੀਆ ਮਾਰਕੀਟ ਵਾਲੇ) ਸ਼ਰਧਾ ਦੇ ਫੁੱਲ ਭੇਂਟ ਕਰਦੇ ਹੋਏ। **(ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 12 'ਤੇ)**



ਫਗਵਾੜਾ ਗੋਲੀ ਕਾਂਡ ਦੇ ਸ਼ਹੀਦ ਜਸਵੰਤ ਕੁਮਾਰ ਉਰਫ ਬੌਬੀ (ਹੋਰ ਜਾਣਕਾਰੀ ਲਈ ਦੇਖੋ ਸਫਾ 3 'ਤੇ)

# ਅਮਰੀਕਾ ਦੀ ਨਾਇਕਾ ਹੈ ਕਲਪਨਾ ਚਾਵਲਾ: ਟਰੰਪ

**ਵਾਸ਼ਿੰਗਟਨ (ਬਿਊਰੋ)–** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਭਾਰਤੀ ਮੂਲ ਦੀ ਕਲਪਨਾ ਚਾਵਲਾ ਨੂੰ ਅਮਰੀਕੀ ਨਾਇਕਾ ਦਸਦਿਆਂ ਕਿਹਾ ਕਿ ਉਸ ਨੇ ਪੁਲਾੜ ਪ੍ਰੋਗਰਾਮ ਲਈ ਆਪਣਾ ਜੀਵਨ ਵਾਰ ਦਿੱਤਾ ਤੇ ਦੁਨੀਆਂ ਦੀਆਂ ਲੱਖਾਂ ਕੁੜੀਆਂ ਨੂੰ ਪੁਲਾੜ ਵਿਗਿਆਨੀ ਬਣਨ ਲਈ ਪ੍ਰੇਰਿਆ। ਟਰੰਪ ਵੱਲੋਂ ਇਹ ਬਿਆਨ ਮਈ ਮਹੀਨੇ ਨੂੰ 'ਏਸ਼ਿਆਈ ਅਮਰੀਕੀ ਤੇ ਪੈਸੇਫਿਕ ਟਾਪੂ ਵਾਸੀ ਵਿਰਾਸਤ ਮਹੀਨੇ' ਵਜੋਂ ਮਨਾਉਣ ਦੇ ਕੀਤੇ ਐਲਾਨ ਤੋਂ ਇੱਕ ਦਿਨ ਬਾਅਦ ਦਿੱਤਾ ਗਿਆ ਹੈ। ਅਮਰੀਕੀ ਕਾਂਗਰਸ ਨੇ ਵੀ ਹਰ ਸਾਲ ਮਈ ਮਹੀਨੇ ਨੂੰ 'ਏਸ਼ਿਆਈ/ਪੈਸੇਫਿਕ ਅਮਰੀਕੀ ਵਿਰਾਸਤ ਮਹੀਨੇ' ਵਜੋਂ ਮਨਾਉਣ ਦਾ ਫ਼ੈਸਲਾ ਕੀਤਾ ਹੈ। ਕਲਪਨਾ ਚਾਵਲਾ ਭਾਰਤੀ ਮੂਲ ਦੀ ਪਹਿਲੀ ਮਹਿਲਾ ਸੀ ਜੋ ਪੁਲਾੜ 'ਚ ਗਈ ਸੀ। ਉਹ ਪੁਲਾੜ 'ਚ ਜਾਣ ਵਾਲੀ ਉਸ ਸੱਤ ਮੈਂਬਰੀ ਟੀਮ 'ਚ ਸ਼ਾਮਲ ਸੀ ਜੋ 2003 'ਚ ਪੁਲਾੜ ਜਹਾਜ਼ ਕੋਲੰਬੀਆ ਦੇ ਧਮਾਕੇ 'ਚ ਮਾਰੇ ਗਈ ਸੀ।






MANDEEP SANDHU

SANDHU IMMIGRATION CONSULTANT

ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜ਼ਾ, ਗਰੀਨ ਕਾਰਡ ਆਦਿ ਲਈ ਮਿਲੋ

Passports, Visas, Green Cards, Sponsorship, Immigration Forms, Citizenship, Spouse/Family Petitions, Study Visas

All Kinds of Immigration Forms/Petitions/Visa

ਵੀਜ਼ਾ

WE OPEN 7-DAYS A WEEK

Note: I am not an Immigration Attorney. msandhu2014@gmail.com (CST# 2122162-50)

"We sell International and Domestic Airline Tickets on Low Airfares"

(209-373-3562)

3222 PENELOPE DR. STOCKTON, CA- 95212
(NEAR HWY 99 ON MORADA LANE)





LIC# 01959890

Independently Owned & Operated

Jiwan Rattu Jiwan.realtor@gmail.com

Realtor2081 Arena Boulevard Suite # 100
Sacramento, CA 95834

RE/MAX GOLD

Cell: (703) 546-6755, Office: (916) 285-1000, Fax: (916) 285-1010

* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ, ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ





RAMESH SUMAN
Broker Realtor
RCS-D TM

MAJESTIC HOMES

Office (925) 779-1234
Direct (925) 366-3618
Fax (905) 219-3918
DRE Licence- 00871752

www.majestichomes.us ramesh@rameshsuman.com
P.O. Box 3434, Antioch, CA 94531-3434



SAROAY INVESTMENT REALTY

Ram Saroay
Broker/Realtor
Business License 031035
ramsaroay@hotmail.com



39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983



Amrik Chand (CPA)

Phone : 510-490-8200
Fax : 510-490-8202
Email : achand@pacbell.net



Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.

* Please call us for Professional & reliable services at reasonable rates.

959 Corporate Way, Fremont, CA. 94539





BERKSHIRE HATHAWAY
Home Services

ELITE REAL ESTATE

* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ, ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;

Shangara Ram
Realtor CalBRE# 01969522
Cell: 916-479-5587
Fax # 916-721-2373
Office: 916-681-5112
shangararam2@gmail.com

7412 Elsie Ave., Sacramento, CA 95828





ਮਨਜੀਤ ਕੌਰ

FARMERS INSURANCE

Auto, Home, Business, Commercial, Rental, Workecomp, Life, Health etc.

Manjit Kaur Insurance Agency

Cell: 916-412-5222 Email: mkaur@farmersagent.com
Tel: 916-550-0318 Fax: 916-891-5109
7651 Daly Ave, Suite Sacramento CA 95842

COVERED CALIFORNIA



Buying, Selling any Kind of Real Estate or just need friendly advice call

DALVIR 'DIL' NIJJAR
Realtor,
Lic # 01418648

RE/MAX



2081 Arena Blvd. @ 100
Sacramento CA 95835

916-628-2210
Dil.realtor@gmail.com

ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

Kash FABRICS



ਸਾਡੀ ਸਪੈਸ਼ਲਟੀ

* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।

Appointments & Walk-Ins Welcome
Tuesday - Sunday: 11 AM - 8 PM



ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

Threading Salon
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair



KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
Like us on Facebook | Follow us on Instagram



INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ

WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..



ਕਸ਼ਮੀਰ ਸਿੰਘ ਹੀਰਾ



ਬਰਿੰਦਰ ਬੰਗੜ

Super Eyebrow Threading Now Open
Eyebrow Threading & Henna Tattoo
7 times, Get 8th one free!



Inside India Market

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD.
# 100 ROSEVILLE, CA 95747
916- 786-7666

Cell : 916-798-8142
Email: IndiaMarketRoseville@gmail.com



Raja SWEETS & CATERING
AUTHORIZED CATERER FOR MAJOR 5-STAR HOTELS



ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on: facebook. rajasweetsandcatering
Follow us on Twitter rajasweets



INDIA BAZAAR




INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS

CALL TO HAPPY
Cell: (209)-487-2127
Ph: (209) 478-0285
Fax: (209) 477-3206

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com

# ਫਗਵਾੜਾ ਗੋਲੀ ਕਾਂਡ 'ਚ ਗੰਭੀਰ ਜਖਮੀ ਹੋਏ ਦਲਿਤ ਨੌਜਵਾਨ ਜਸਵੰਤ ਕੁਮਾਰ ਬੋਬੀ ਦੀ ਹੋਈ ਮੌਤ





ਫਗਵਾੜਾ ਗੋਲੀ ਕਾਂਡ ਦੇ ਸ਼ਹੀਦ ਜਸਵੰਤ ਕੁਮਾਰ ਉਰਫ ਬੌਬੀ





ਸ਼ਹੀਦ ਜਸਵੰਤ ਕੁਮਾਰ ਉਰਫ ਬੌਬੀ ਦੇ ਪਰਿਵਾਰਕ ਮੈਂਬਰ

**ਫਗਵਾੜਾ (ਰੱਤੂ)-** ਬੀਤੀ 13 ਅਪ੍ਰੈਲ ਨੂੰ ਜੀ.ਟੀ. ਰੋਡ ਸਥਿਤ ਗੋਲ ਚੌਕ ਦਾ ਨਾਮ ਬਦਲਣ ਨੂੰ ਲੈ ਕੇ ਦੋ ਧਿਰਾਂ ਵਿਚ ਹੋਈ ਆਪਸੀ ਝੜਪ ਦੌਰਾਨ ਗੋਲੀ ਲੱਗਣ ਨਾਲ ਗੰਭੀਰ ਫੱਟੜ ਹੋਏ ਜਸਵੰਤ ਕੁਮਾਰ ਉਰਫ ਬੋਬੀ ਨਾਮਕ ਨੌਜਵਾਨ ਦੀ ਇਲਾਜ ਦੇ ਦੌਰਾਨ ਮੌਤ ਹੋਣ ਉਪਰੰਤ ਸਥਾਨਕ ਬੰਗਾ ਰੋਡ ਤੇ ਅੰਤਮ ਸੰਸਕਾਰ ਕਰ ਦਿੱਤਾ ਗਿਆ।

ਉਕਤ ਨੌਜਵਾਨ ਦੇ ਅੰਤਮ ਸੰਸਕਾਰ ਤੋਂ ਪਹਿਲਾਂ ਸੁਰੱਖਿਆ ਦੇ ਲਿਹਾਜ ਨਾਲ ਬੀਤੀ ਰਾਤ ਕਰੀਬ 11 ਵਜੇ ਤੋਂ ਪੰਜ ਜਿਲ੍ਹਿਆਂ ਜਿਹਨਾਂ ਵਿਚ ਜਲੰਧਰ, ਕਪੂਰਥਲਾ, ਹੁਸ਼ਿਆਰਪੁਰ ਐਸ.ਬੀ.ਐਸ. ਨਗਰ ਅਤੇ ਲੁਧਿਆਣਾ ਸ਼ਾਮਲ ਹਨ ਵਿਖੇ ਮੋਬਾਇਲ ਇੰਟਰਨੈਟ ਸੇਵਾਵਾਂ ਬੰਦ ਕਰ ਦਿੱਤੀਆਂ ਗਈਆਂ ਸਨ ਅਤੇ ਫਗਵਾੜਾ ਸ਼ਹਿਰ ਨੂੰ ਖਾਸ ਤੌਰ ਤੇ ਬੰਗਾ ਰੋਡ ਦਾ ਇਲਾਕਾ ਪੂਰੀ ਤਰ੍ਹਾਂ ਸੀਲ ਕੀਤਾ ਗਿਆ ਸੀ।

ਜਸਵੰਤ ਕੁਮਾਰ ਬੋਬੀ ਦੇ ਅੰਤਮ ਸੰਸਕਾਰ ਵਿਚ ਹਜਾਰਾਂ ਦੀ ਗਿਣਤੀ ਵਿਚ ਸ਼ਹਿਰ ਵਾਸੀ ਵੱਖ-ਵੱਖ ਸਮਾਜਿਕ, ਧਾਰਮਿਕ ਅਤੇ ਸਿਆਸੀ ਪਾਰਟੀਆਂ ਦੇ ਆਗੂ ਸ਼ਾਮਲ ਹੋਏ। ਇਸ ਤੋਂ ਪਹਿਲਾਂ ਏ.ਆਈ.ਜੀ. ਜਲੰਧਰ ਹਰਕਮਲ ਪ੍ਰੀਤ ਸਿੰਘ ਖੱਖ, ਐਸ.ਐਸ.ਪੀ. ਕਪੂਰਥਲਾ ਸੰਦੀਪ ਸ਼ਰਮਾ, ਏ.ਡੀ.ਸੀ. ਫਗਵਾੜਾ ਬਬਿਤਾ ਕਲੇਰ, ਐਸ.ਡੀ.ਐਮ. ਜਯੋਤੀ ਬਾਲਾ ਮੱਟੂ ਤੋਂ ਆਦਿ ਨੇ ਮ੍ਰਿਤਕ ਦੇ ਪਰਿਵਾਰ ਨਾਲ ਡੂੰਘੀ ਹਮਦਰਦੀ ਦਾ ਪ੍ਰਗਟਾਵਾ ਕੀਤਾ, ਮ੍ਰਿਤਕ ਦੇਹ ਨੂੰ ਸ਼ਰਧਾਂਜਲੀ ਭੇਂਟ ਕਰਦੇ ਹੋਏ ਆਤਮਿਕ ਸ਼ਾਂਤੀ ਦੀ ਅਰਦਾਸ ਕੀਤੀ ਅਤੇ ਸ਼ਹਿਰ ਦੇ ਸੁਰੱਖਿਆ ਪ੍ਰਬੰਧਾਂ ਦਾ ਜਾਇਜਾ ਲਿਆ।

ਅੰਤਮ ਸੰਸਕਾਰ ਦੇ ਦੌਰਾਨ ਵੀ ਪੁਲਿਸ ਵਲੋਂ ਬੰਗਾ ਰੋਡ ਤੇ ਫਲੈਗ ਮਾਰਚ ਜਾਰੀ ਰਿਹਾ।

ਇਸ ਮੌਕੇ ਬਸਪਾ ਆਗੂ ਮੋਹਨ ਲਾਲ ਸਾਬਕਾ ਐਮ.ਐਲ.ਏ., ਸਾਬਕਾ ਮੰਤਰੀ ਜੋਗਿੰਦਰ ਸਿੰਘ ਮਾਨ, ਅਕਾਲੀ ਵਿਧਾਇਕ ਪਵਨ ਕੁਮਾਰ ਟੀਨੂੰ, ਵਿਧਾਇਕ ਰਾਜਕੁਮਾਰ ਚੱਬੇਵਾਲ, ਰਸ਼ਪਾਲ ਰਾਜੂ ਪ੍ਰਧਾਨ ਬਸਪਾ ਪੰਜਾਬ, ਸੁਖਵਿੰਦਰ ਬਿੱਲੂ ਖੇੜਾ, ਜਰਨੈਲ ਨੰਗਲ, ਹਰਭਜਨ ਸੁਮਨ, ਅਨੁ ਸਹੋਤਾ, ਯਸ਼ ਬਰਨਾ, ਸੁਰਿੰਦਰ ਢੰਡਾ, ਰਜਿੰਦਰ ਘੇੜਾ, ਤੁਲਸੀ ਰਾਮ ਖੋਸਲਾ, ਧਰਮਵੀਰ ਸੇਠੀ, ਪਵਨ ਸੇਠੀ, ਰਾਜਪਾਲ ਘਈ, ਪਰਮਜੀਤ ਪੰਮ, ਵਿੱਕੀ ਘਈ, ਲਵ ਅਨਾਰਿਆ, ਯਸ਼ ਖਲਵਾੜਾ, ਰਮੇਸ਼ ਕੌਲ, ਬੀਬੀ ਰਚਨਾ ਦੇਵੀ, ਵਿਕਰਮ ਬਘਾਣੀਆ, ਅਸ਼ਵਨੀ ਸਹੋਤਾ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿਚ ਇਲਾਕਾ ਨਿਵਾਸੀ ਹਾਜਰ ਹੋਏ।

## ਡਿਪਟੀ ਕਮਿਸ਼ਨਰ ਤੇ ਐਸ.ਐਸ.ਪੀ ਨੇ ਜਸ਼ਵੰਤ ਕੁਮਾਰ ਬੌਬੀ ਪਰਿਵਾਰ ਨੂੰ 5 ਲੱਖ ਰੁਪਏ ਦੀ ਸਹਾਇਤਾ ਰਾਸ਼ੀ ਦਾ ਚੈੱਕ ਭੇਟ



**ਫਗਵਾੜਾ (ਰੱਤੂ)-** ਫਗਵਾੜਾ ਵਿਚ ਬੀਤੇ ਦਿਨੀਂ ਹੋਈ ਹਿੰਸਾ ਵਿਚ ਜ਼ਖ਼ਮੀ ਹੋਏ ਨੌਜਵਾਨ ਯਸ਼ਵੰਤ ਕੁਮਾਰ ਬੌਬੀ, ਜੋ ਕਿ ਦਮ ਤੋੜ ਗਿਆ, ਦਾ ਅੱਜ ਬੰਗਾ ਰੋਡ ਸਥਿਤ ਸ਼ਮਸ਼ਾਨਘਾਟ 'ਚ ਪੂਰੀਆਂ ਧਾਰਮਿਕ ਰੀਤੀਆਂ ਅਨੁਸਾਰ ਅੰਤਿਮ ਸੰਸਕਾਰ ਕਰ ਦਿੱਤਾ ਗਿਆ।ਇਸੇ ਦੌਰਾਨ ਡਿਪਟੀ ਕਮਿਸ਼ਨਰ ਸ੍ਰੀ ਮੁਹੰਮਦ ਤਇਅਬ ਅਤੇ ਐਸ ਸ਼ਐਸਅਪੀ ਸ੍ਰੀ ਸੰਦੀਪ ਸ਼ਰਮਾ ਨੇ ਬੌਬੀ ਦੇ ਘਰ ਜਾ ਕੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ। ਇਸ ਮੌਕੇ ਉਨ੍ਹਾਂ ਪਰਿਵਾਰ ਨੂੰ 5 ਲੱਖ ਰੁਪਏ ਦੀ ਸਹਾਇਤਾ ਰਾਸ਼ੀ ਦਾ ਚੈੱਕ ਭੇਂਟ ਕੀਤਾ ਅਤੇ ਪਰਿਵਾਰ ਦਾ ਇਕ ਮੈਂਬਰ ਨੂੰ ਨੌਕਰੀ ਦੇਣ ਦਾ ਐਲਾਨ ਵੀ ਕੀਤਾ। ਡਿਪਟੀ ਕਮਿਸ਼ਨਰ ਸ੍ਰੀ ਤਇਅਬ ਨੇ ਇਸ ਦੌਰਾਨ ਦੱਸਿਆ ਕਿ ਫਗਵਾੜਾ 'ਚ ਹਾਲਾਤ ਪੂਰੀ ਤਰ੍ਹਾਂ ਸੁਖਾਵੇਂ ਅਤੇ ਸ਼ਾਂਤੀਪੂਰਨ ਹਨ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਸੇ ਤਰ੍ਹਾਂ ਆਪਸੀ ਪਿਆਰ ਅਤੇ ਭਾਈਚਾਰਕ ਸਾਂਝ ਬਰਕਰਾਰ ਰੱਖਣ ਅਤੇ ਕਿਸੇ ਵੀ ਤਰ੍ਹਾਂ ਦੀਆਂ ਗਲਤ ਅਫਵਾਹਾਂ 'ਤੇ ਯਕੀਨ ਨਾ ਕਰਨ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਲੋਕਾਂ ਦੀ ਸੁਰੱਖਿਆ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਕਿਸੇ ਵੀ ਸ਼ਰਾਰਤੀ ਅਨਸਰ ਨੂੰ ਮਾਹੌਲ ਵਿਗਾੜਨ ਦੀ ਆਗਿਆ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਸ਼ਾਂਤੀ ਬਣਾਈ ਰੱਖਣ ਲਈ ਫਗਵਾੜਾ ਵਾਸੀਆਂ ਦਾ ਧੰਨਵਾਦ ਕੀਤਾ।

## ਆਤਮਕ ਸ਼ਾਂਤੀ ਲਈ ਰੱਖਿਆ ਮੌਨ

**ਗੁਰਾਇਆਂ-** ਬਸਪਾ ਸਰਕਲ ਗੁਰਾਇਆਂ ਵੱਲੋਂ ਇਕ ਅਹਿਮ ਮੀਟਿੰਗ ਕੀਤੀ ਗਈ, ਜਿਸ ਵਿਚ ਸੰਵਿਧਾਨ ਚੌਂਕ ਗੋਲੀ ਕਾਂਡ 'ਚ ਸ਼ਹੀਦ ਹੋਏ ਜਸਵੰਤ ਬੌਬੀ ਦੀ ਆਤਮਕ ਸ਼ਾਂਤੀ ਲਈ ਦੋ ਮਿੰਟ ਦਾ ਮੌਨ ਧਾਰਨ ਕੀਤਾ ਗਿਆ।ਇਸ ਮੌਕੇ ਬਸਪਾ ਆਗੂਆਂ ਵੱਲੋਂ ਬਾਬਾ ਸਾਹਿਬ ਡਾ. ਅੰਬੇਦਕਰ ਜੀ ਦੀ ਤਸਵੀਰ ਨੂੰ ਫੁੱਲ ਮਾਲਾਵਾਂ ਚੜ੍ਹਾ ਕੇ ਸੰਪਲਪ ਲਿਆ ਗਿਆ ਕਿ ਮਹਾਨ ਸ਼ਹੀਦ ਦੀ ਕੁਰਬਾਨੀ ਨੂੰ ਬਹੁਜਨ ਸਮਾਜ ਪਾਰਟੀ ਅਜਾਈਂ ਨਹੀਂ ਜਾਣ ਦੇਵੇਗੀ। ਬਸਪਾ ਆਗੂਆਂ ਨੇ ਸਰਕਾਰ ਕੋਲੋਂ ਮੰਗ ਕੀਤੀ ਕਿ ਬੌਬੀ ਦੇ ਕਾਤਲਾਂ ਨੂੰ ਗ੍ਰਿਫਤਾਰ ਕਰਕੇ ਉਹਨਾਂ ਨੂੰ ਸਖਤ ਸਜ਼ਾ ਦਿਵਾਈ ਜਾਵੇ ਤੇ ਦਲਿਤਾਂ 'ਤੇ ਦਰਜ ਕੀਤੇ ਨਜਾਇਜ਼ ਪਰਚੇ ਰੱਦ ਕੀਤੇ ਜਾਣ। ਬਸਪਾ ਸੂਬਾ ਪ੍ਰਧਾਨ ਰਛਪਾਲ ਰਾਜੂ ਦੀ ਅਗਵਾਈ 'ਚ ਪਾਰਟੀ ਜਿਸ ਤਰ੍ਹਾਂ ਦਾ ਅੰਦੋਲਨ ਕਰਨ ਦਾ ਸੱਦਾ ਦੇਵੇਗੀ, ਉਸ ਨੂੰ ਇੰਨ-ਬਿੰਨ੍ਹ ਲਾਗੂਕੀਤਾ ਜਾਵੇਗਾ। ਇਸ ਮੌਕੇ ਰਾਮ ਸਰੂਪ ਸਰੋਏ, ਡਾ. ਗਿਆਨ ਚੰਦ ਚੌਂਕੜੀਆ, ਸੇਵਾ ਮੁਕਤ ਐਸ. ਡੀ. ਓ. ਸਤਪਾਲ ਭੌਂਸਲੇ, ਡਾ. ਕੁਲਵੰਤ ਸਿੰਘ ਤੱਖਰ, ਅਸ਼ੋਕ ਰੱਤੂ, ਮਲਕੀਤ ਬੰਗਾ, ਡਾ. ਭੁਪਿੰਦਰ ਸਿੰਘ ਤੇ ਹੋਰ ਹਾਜ਼ਰ ਸਨ।

SKY TRANSPORT SOLUTIONS
STRIVE FOR MORE
ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES
SPECIAL BIT INSPECTION AND DOT AUDIT COMPLIANCE:
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.
SPECIAL DOT COMPLIANCE FOR SAFETY, AUDITS AND RECORD KEEPING.
PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
2680 N TRACY BLVD, SUITE 4, TRACY, CA 95376

# ਸਿਆਟਲ ਵਿਚ ਗਿਆਨੀ ਜੈਲ ਸਿੰਘ ਦੇ ਪੋਤੇ ਰੁਪਿੰਦਰ ਸਿੰਘ ਦਾ ਸਵਾਗਤ

**ਸਿਆਟਲ (ਗੁਰਚਰਨ ਸਿੰਘ ਢਿੱਲੋਂ)–** ਭਾਰਤ ਦੇ ਰਾਸ਼ਟਰਪਤੀ ਰਹੇ ਗਿਆਨੀ ਜੈਲ ਸਿੰਘ ਦੇ ਪੋਤੇ ਐਸ. ਐਸ. ਪੀ. ਵਿਜੀਲੈਂਸ ਲੁ-ਧਿਆਣਾ ਰੁਪਿੰਦਰ ਸਿੰਘ ਦਾ ਸਿਆਟਲ ਪਹੁੰਚਣ 'ਤੇ ਨਿੱਘਾ ਸਵਾਗਤ ਕੀਤਾ ਗਿਆ। ਇਯ ਮੌਕੇ ਰੁਪਿੰਦਰ ਸਿੰਘ ਨਾਲ ਪੰਜਾਬ ਪੁਲਿਸ ਦੀ ਕਾਰ-ਗੁਜ਼ਾਰੀ ਅਤੇ ਪੰਜਾਬ ਸਰਕਾਰ ਦੀਆਂ ਮੌਜੂਦਾ ਗਤੀਵਿਧੀਆਂ ਬਾਰੇ ਵਿਚਾਰ ਚਰਚਾ ਕੀਤੀ ਗਈ। ਰੁਪਿੰਦਰ ਸਿੰਘ ਨੇ ਦੱਸਿਆ ਕਿ ਪੰਜਾਬ ਪੁਲਿਸ ਆਪਣੇ ਤਰੀਕੇ ਨਾਲ ਲੋਕਾਂ ਨਾਲ ਇਨਸਾਫ ਕਰਨ ਦੀ ਕੋਸ਼ਿਸ਼ ਕਰਦੀ ਹੈ। ਪੰਜਾਬ ਸਰਕਾਰ ਦੀ ਬਹੁਤੀ ਦਖਲਅੰਦਾਜ਼ੀ ਨਹੀਂ ਹੁੰਦੀ।



ਰੁਪਿੰਦਰ ਸਿੰਘ ਨੇ ਸਿਆਟਲ ਨਿਵਾਸੀਆਂ ਤੇ ਪੰਜਾਬੀ ਭਾਈਚਾਰੇ ਵੱਲੋਂ ਕੀਤੀਆਂ ਤਰੱਕੀਆਂ ਦੀ ਸ਼ਲਾਘਾ ਕੀਤੀ। ਰੁਪਿੰਦਰ ਸਿੰਘ ਨੇ ਆਪਣੀ 10 ਸਾਲ ਦੀ ਉਮਰ ਵਿਚ ਆਪਣੇ ਦਾਦੇ ਗਿਆਨੀ ਜੈਲ ਸਿੰਘ ਕੋਲ ਰਾਸ਼ਟਰਪਤੀ ਭਵਨ ਵਿਚ ਗੁਜ਼ਾਰੇ ਸਮੇਂ ਦੀ ਵਿਚਾਰ ਚਰਚਾ ਕੀਤੀ। ਉਹਨਾਂ ਨੇ ਆਪਣੇ ਦਾਦੇ ਗਿਆਨੀ ਜੈਲ ਸਿੰਘ ਨੂੰ ਪਿੰਡ ਪੱਧਰ ਤੋਂ ਉਠ ਕੇ ਪੰਜਾਬ ਦਾ ਮੁੱਖ ਮੰਤਰੀ ਅਤੇ ਫਿਰ ਭਾਰਤ ਸਰਕਾਰ ਦਾ ਗ੍ਰਹਿ ਮੰਤਰੀ ਅਤੇ ਫਿਰ ਸਭ ਤੋਂ ਉਚੇ ਅਹੁਦੇ ਰਾਸ਼ਟਰਪਤੀ ਤੱਕ ਪਹੁੰਚਣ ਲਈ ਸਫਰ ਬਾਰੇ ਬਹੁਤ ਵੱਡੀ ਮਿਹਨਤ ਤੇ ਕਿਸਮਤ ਵਾਲੇ ਦੱਸਿਆ।

# ਓਨਟਾਰੀਓ ਦੀ ਪ੍ਰੀਮੀਅਰ ਕੈਥਲਿਨ ਵਿੰਨ ਵੱਲੋਂ ਕੁਈਨਜ਼ ਪਾਰਕ ਵਿਖੇ "ਵਤਨੋਂ ਪਾਰ ਪੰਜਾਬੀ ਡਾਇਰੈਕਟਰੀ" ਦਾ 17ਵਾਂ ਐਡੀਸ਼ਨ ਰਿਲੀਜ਼

**ਨਿ੍ਯਾਰਕ/ ਨਟਾਰੀ (ਰਾਜ ਗੋਗਨਾ)–** ਬੀਤੇ ਦਿਨ ਕੈਨੇਡਾ ਦੇ ਓਨਟਾਰੀਓ ਸੂਬੇ ਚ ਬੀਤੇ 17 ਸਾਲ ਤੋਂ ਸਫਲਤਾ ਪੂਰਵਕ ਪੰਜਾਬੀ ਭਾਈਚਾਰੇ ਨੂੰ ਸੇਵਾਂਵਾਂ ਪਰਦਾਨ ਕਰਦੀ ਆ ਰਹੀ ਡਾਇਰੈਕਟਰੀ "ਵਤਨੋਂ ਪਾਰ ਪੰਜਾਬੀ" ਦੇ 17ਵੇਂ ਐਡੀਸ਼ਨ ਨੂੰ ਸੂਬੇ ਦੀ ਪ੍ਰੀਮੀਅਰ (ਮੁੱਖ ਮੰਤਰੀ) ਕੈਥਲਿਨ ਵਿੰਨ ਵੱਲੋਂ ਕੂਈਨਜ਼ ਪਾਰਕ (ਸੂਬੇ ਦੀ ਵਿਧਾਨ ਸਭਾ) ਵਿਖੇ ਰਿਲੀਜ਼ ਕੀਤਾ ਗਿਆ। ਇਸ ਮੌਕੇ ਵਤਨੋਂ ਪਾਰ ਪੰਜਾਬੀ ਅਦਾਰੇ ਦੇ ਸੰਚਾਲਕ ਕੰਵਲਜੀਤ ਸਿੰਘ ਕੰਵਲ ਨੇ ਡਾਇਰੈਕਟਰੀ ਦੇ 17ਵੇਂ ਐਡੀਸ਼ਨ ਦੀਆਂ ਕਾਪੀਆਂ ਮਾਣਯੋਗ ਪ੍ਰੀਮੀਅਰ ਕੈਥਲਿਨ ਵਿੰਨ ਨੂੰ ਭੇਟ ਕੀਤੀਆਂ ਗਈਆਂ। ਸੂਬੇ ਦੀ ਪ੍ਰੀਮੀਅਰ ਵੱਲੋਂ ਅਦਾਰਾ ਵਤਨੋਂ ਪਾਰ ਪੰਜਾਬੀ ਡਾਇਰੈਕਟਰੀ ਅਦਾਰੇ ਦੇ ਪ੍ਰਬੰਧਕਾਂ ਨੂੰ 17 ਸਾਲਾਂ ਦੇ ਸਫਲਤਾ ਪੂਰਵਕ ਸਫਰ ਅਤੇ ਪੰਜਾਬੀ ਭਾਈਚਾਰੇ ਨੂੰ ਸੇਵਾਂਵਾਂ ਦਿੱਤੇ ਜਾਣ ਦੀ ਵਧਾਈ ਦਿੱਤੀ ਅਤੇ



ਆਉਣ ਵਾਲੇ ਸਮੇਂ ਚ ਵੀ ਏਸੇ ਤਰਾਂ ਸੇਵਾਂਵਾਂ ਦੇਂਦੇ ਰਹਿਣ ਦੀ ਕਾਮਨਾਂ ਕੀਤੀ। ਇਸ ਮੌਕੇ ਕੰਵਲਜੀਤ ਸਿੰਘ ਕੰਵਲ ਵੱਲੋਂ ਜਿੱਥੇ ਪ੍ਰੀਮੀਅਰ ਕੈਥਲਿਨ ਵਿੰਨ ਦਾ ਇਸ ਡਾਇਰੈਕਟਰੀ ਨੂੰ ਬੀਤੇ ਕਈ ਵਰ੍ਹਿਆਂ ਤੋਂ ਲਗਾਤਾਰ ਰਿਲੀਜ਼ ਕੀਤੇ ਜਾਣ ਦਾ ਧੰਨਵਾਦ ਕੀਤਾ ਉੱਥੇ ਉਹਨਾਂ ਨੇ ਇਸ ਡਾਇਰੈਕਟਰੀ ਦੇ ਐਡਵਰਟਾਈਜ਼ਰਜ਼ ਅਤੇ ਇਸ ਡਾਇਰੈਕਟਰੀ ਤੋਂ ਸੇਵਾਵਾਂ ਲੈਣ ਵਾਲੇ ਪੰਜਾਬੀ ਭਾਈਚਾਰੇ ਦਾ ਵੀ ਦਿਲੋਂ ਧੰਨਵਾਦ ਕੀਤਾ। ਚੇਤੇ ਰਹੇ "ਵਤਨੋਂ ਪਾਰ ਪੰਜਾਬੀ" ਡਾਇਰੈਕਟਰੀ 672 ਪੇਜ਼ੇਜ਼ ਨਾਲ ਲਬਰੇਜ਼ ਖੂਬਸੂਰਤ ਰੰਗਦਾਰ ਨਾਲ ਹਰ ਸਾਲ ਸਮੇਂ ਸਿਰ ਵੱਡੀ ਗਿਣਤੀ ਵਿੱਚ ਪੰਜਾਬੀ ਭਾਈਚਾਰੇ ਚ ਪੇਸ਼ ਕੀਤੀ ਜਾਂਦੀ ਹੈ ਅਤੇ ਇਸ ਵਿੱਚ ਰੋਜਾਨਾਂ ਲੋੜੀਦੀਆਂ ਸੇਵਾਵਾਂ ਦੀ ਭਰਪੂਰ ਜਾਣਕਾਰੀ ਮੁਹਈਆ ਕੀਤੀ ਜਾਂਦੀ ਹੈ ਅਤੇ ਇਹ ਡਾਇਕਟਰੀ ਵੈਬ ਅਤੇ ਐਪ ਤੇ ਵੀ ਵਿਜਟ ਕੀਤੀ ਜਾ ਸਕਦੀ ਹੈ।

# ਡਾ: ਐੱਸ ਪੀ ਸਿੰਘ ਤੇ ਸਹਿਜਪ੍ਰੀਤ ਮਾਂਗਟ ਦਾ ਪੰਜਾਬ ਭਵਨ ਕੈਨੇਡਾ 'ਚ ਸਨਮਾਨ

**ਨਿਊਯਾਰਕ/ਉਨਟਾਰੀਓ (ਰਾਜ ਗੋਗਨਾ)–** ਬੀਤੇ ਦਿਨ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਤੇ ਪਰਵਾਸੀ ਸਾਹਿਤ ਅਧਿਐਨ ਨੂੰ ਯੂਨੀਵਰਸਟੀਆਂ ਚ ਸਿਲੇਬਸ ਦਾ ਹਿੱਸਾ ਬਣਾਉਣ ਵਾਲੇ ਡਾ: ਐਸ ਪੀ ਸਿੰਘ, ਕੈਨੇਡਾ ਵੱਸਦੀ ਉੱਘੀ ਲੇਖਿਕਾ ਇੰਦਰਜੀਤ ਕੌਰ ਸਿੱਧੂ ਤੇ ਪੰਜਾਬੀ ਕਵੀ ਸਹਿਜਪ੍ਰੀਤ ਸਿੰਘ ਮਾਂਗਟ ਮੀਤ ਪਰਧਾਨ, ਪੰਜਾਬੀ ਸਾਹਿੱਤ ਅਕਾਡਮੀ ਲੁਧਿਆਣਾ ਨੂੰ ਪੰਜਾਬ ਭਵਨ ਸਰੀ (ਕੈਨੇਡਾ) ਚ ਵੈਨਕੂਵਰ ਵਿਚਾਰ ਮੰਚ ਤੇ ਪੰਜਾਬ ਭਵਨ ਸੱਰੀ ਵੱਲੋਂ ਬੀਤੀ ਸ਼ਾਮ ਸਨਮਾਨਿਤ ਕੀਤਾ ਗਿਆ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਡਾ: ਐਸ ਪੀ ਸਿੰਘ ਨੇ ਕਿਹਾ ਕਿ ਜੀ ਜੀ ਐਨ ਖਾਲਸਾ ਕਾਲਿਜ ਲੁਧਿਆਣਾ ਚ ਪਰਵਾਸੀ ਸਾਹਿੱਤ ਅਧਿਐਨ ਕੇਂਦਰ ਦੀ ਵੱਖਰੀ ਇਮਾਰਤ ਦੀ ਉਸਾਰੀ ਕੀਤੀ ਜਾ ਰਹੀ ਹੈ ਜਿਸ ਦਾ ਨੀਂਹ ਪੱਥਰ ਨੇੜਲੇ ਭਵਿੱਖ ਚ ਰੱਖਿਆ ਜਾਵੇਗਾ। ਉਨ੍ਹਾਂ ਕਿਹਾ ਕਿ ਤ੍ਰੈਮਾਸਿਕ ਖੋਜ ਪੱਤਰ ਪਰਵਾਸ ਨੂੰ ਵੀ ਮੁੜ ਨਵੀਂ ਵਿਉਂਤਕਾਰੀ ਨਾਲ ਆਰੰਭ ਕਰਨ ਦੀ ਯੋਜਨਾ ਹੈ। ਉਨ੍ਹਾਂ ਪੰਜਾਬ ਭਵਨ ਨਾਲ ਸਾਂਝ ਨੂੰ ਸ਼ਕਤੀ ਵਜੋਂ ਪਰਵਾਨਿਆ ਤੇ ਕਿਹਾ ਕਿ ਦੁਵੱਲੇ ਸਹਿਯੋਗ ਨੂੰ ਹੋਰ ਮਜਬੂਤ ਕੀਤਾ ਜਾਵੇਗਾ।





ਸਹਿਜਪ੍ਰੀਤ ਸਿੰਘ ਮਾਂਗਟ ਨੇ ਆਪਣੀ ਸਾਹਿੱਤਕ ਯਾਤਰਾ ਚ ਆਪਣੇ ਮਾਤਾ ਜੀ ਤੋਂ ਇਲਾਵਾ ਡਾ: ਦੀਪਕ ਮਨਮੋਹਨ, ਉਜਾਗਰ ਸਿੰਘ ਕੰਵਲ ਤੇ ਗੁਰਭਜਨ ਗਿੱਲ ਵੱਲੋਂ ਮਿਲੇ ਸਨੇਹ ਦਾ ਵਿਸ਼ੇਸ਼ ਜ਼ਿਕਰ ਕੀਤਾ। ਇਸ ਮੌਕੇ ਸੁੱਖੀ ਬਾਠ, ਜਰਨੈਲ ਸਿੰਘ ਸੇਖਾ, ਮੰਗਾ ਬਾਸੀ,ਜਰਨੈਲ ਸਿੰਘ ਆਰਟਿਸਟ, ਡਾ: ਪਿਰਥੀਪਾਲ ਸਿੰਘ ਸੋਹੀ, ਮੋਹਨ ਗਿੱਲ, ਅੰਗਰੇਜ਼ ਬਰਾੜ, ਕ੍ਰਿਸ਼ਨ ਭਨੋਟ, ਹਰਚੰਦ ਸਿੰਘ ਬਾਗੜੀ ਦੰਪਤੀ, ਅਮਰੀਕ ਪਲਾਹੀ, ਕਵਿੰਦਰ ਚਾਂਦ ਤੋਂ ਇਲਾਵਾ ਕਈ ਹੋਰ ਸਿਰਕੱਢ ਵਿਅਕਤੀ ਹਾਜ਼ਰ ਸਨ। ਪੰਜਾਬ ਭਵਨ ਦੇ ਸੰਸਥਾਪਕ ਸੁੱਖੀ ਬਾਠ ਨੇ ਕਿਹਾ ਕਿ ਮੇਰੇ ਪਿਤਾ ਜੀ ਸ: ਅਰਜਨ ਸਿੰਘ ਬਾਠ ਜੀ ਦੀ ਯਾਦ ਚ ਸਥਾਪਤ ਪੰਜਾਬ ਭਵਨ ਇਨੀ ਥੋੜੀ ਉਮਰ ਚ ਹੀ ਡੂੰਘੀਆਂ ਜੜ੍ਹਾਂ ਵਾਲਾ ਘਣਛਾਵਾਂ ਬਿਰਖ ਬਣ ਜਾਵੇਗਾ, ਮੈਂ ਕਦੇ ਨਹੀਂ ਸੀ ਸੋਚਿਆ। ਸਭ ਲੇਖਕਾਂ ਨੇ ਸਮਾਗਮ ਚ ਭਰਵੀਂ ਸ਼ਿਰਕਤ ਕੀਤੀ। ਪੰਜਾਬੀ ਲੇਖਕ ਮੋਹਨ ਗਿੱਲ ਤੇ ਅੰਗਰੇਜ਼ ਬਰਾੜ ਨੇ ਸਭ ਮਹਿਮਾਨ ਦਾ ਧੰਨਵਾਦ ਕੀਤਾ।

# ਗੁਰਦਵਾਰਾ ਬੋਗ ਰੋਡ ਯੂਬਾ ਸਿਟੀ ਵਿਖੇ ਵਿਸਾਖੀ ਪੁਰਬ ਧੂਮ ਧਾਮ ਨਾਲ ਮਨਾਇਆ ਗਿਆ





**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਗੁਰਦਵਾਰਾ ਬੋਗ ਰੋਡ ਯੂਬਾ ਸਿਟੀ ਵਿਖੇ ਸੰਤ ਜਵਾਲਾ ਸਿੰਘ ਜੀ ਦੀ ਬਰਸੀ ਅਤੇ ਵਿਸਾਖੀ ਪੁਰਬ ਬੜੀ ਸਰਧਾ ਅਤੇ ਧੂਮ ਧਾਮ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਗਿਆ,ਵੀਰਵਾਰ ਨੂੰ ਸਮੂਹ ਥਿਆੜਾ ਪਰਿਵਾਰ ਸ: ਮਹਿੰਦਰ ਸਿੰਘ ਥਿਆੜਾ ਸਰਦਾਰਨੀ ਮੋਹਨ ਕੌਰ ਜੀ ਦੇ ਪਰਿਵਾਰ ਜੂਨੀਅਰ ਥਿਆੜਾ, ਹਰਮਨ ਥਿਆੜਾ ਸਮੂਹ ਥਿਆੜਾ ਪਰਿਵਾਰ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਦੀ ਅਰੰਭਤਾ ਹੋਈ। ਨਿਸਾਨ ਸਾਹਿਬ ਜੀ ਦੇ ਚੌਲੇ ਦੀ ਸੇਵਾ ਥਿਆੜਾ ਪਰਿਵਾਰ ਅਤੇ ਸੰਗਤਾਂ ਦੇ ਭਾਰੀ ਇਕੱਠ ਨਾਲ ਅਰੰਭ ਹੋਈ ਉਪਰੰਤ ਸੰਗਤਾਂ ਦੇ ਭਾਰੀ ਇਕੱਠ ਵਿੱਚ 10 ਵਜੇ ਰੱਖੇ ਗਏ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ, ਅਰਦਾਸ ਉਪਰੰਤ ਗੁਰਦਵਾਰਾ ਸਾਹਿਬ ਵੱਲੋਂ ਸ,ਮਹਿੰਦਰ ਸਿੰਘ ਥਿਆੜਾ, ਜੂਨੀਅਰ ਥਿਆੜਾ ਅਤੇ ਹਰਮਨ ਥਿਆੜਾ ਨੂੰ ਸਿਰਪਾਉ ਦੇ ਕੇ ਨਿਵਾਜਿਆ ਗਿਆ। ਉਪਰੰਤ ਗੁਰੂਘਰ ਦੇ ਹਜ਼ੂਰੀ ਕੀਰਤਨੀਏ ਭਾਈ ਜੋਗਿੰਦਰ ਸਿੰਘ ਜੀ ਡੇਹਰਾਦੂਨ ਵਾਲੇ ਅਤੇ ਭਾਈ ਮਨਜੀਤ ਸਿੰਘ ਜੀ (ਸਾਬਕਾ ਹਜੂਰੀ ਰਾਗੀ ਸ੍ਰੀ ਦਰਬਾਰ ਸਾਹਿਬ) ਦੇ ਕੀਰਤਨ ਨਾਲ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕੀਤਾ। ਵਿਸਾਖੀ ਪੁਰਬ ਦੀਆਂ ਖੁਸੀਆਂ ਵਿੱਚ ਸ: ਸਰਬਜੀਤ ਸਿੰਘ ਥਿਆੜਾ ਵੱਲੋਂ ਗੁਰਦਵਾਰਾ ਸਾਹਿਬ ਦੀ ਪੂਰੀ ਇਮਾਰਤ ਨੂੰ ਰੰਗ ਕਰਵਉਣ ਅਤੇ ਨਵੀਆਂ ਟਾਇਲਾਂ ਲਗਵਉਣ ਦੀ ਸੇਵਾ ਵੀ ਲਈ ਗਈ । ਸ:ਹਰਬੰਸ ਸਿੰਘ ਪੰਮਾ ਵੱਲੋਂ ਸਟੇਜ ਸੈਕਟਰੀ ਦੀ ਸੇਵਾ ਬਾਖੂਬੀ ਨਿਭਾਈ ਗਈ ਤੇ ਦਿਲਬਾਗ ਬੈਂਸ, ਰਣਜੀਤ ਕੰਦੋਲਾ, ਹਰਬੰਸ ਸਿੰਘ ਪੰਮਾ, ਜਸਵੰਤ ਬੈਂਸ, ਜੋਗਾ ਸਿੰਘ ਥਿਆੜਾ, ਸਾਬ੍ਹੀ ਸਿੰਘ, ਗੁਰਚਰਨ ਰੰਧਾਵਾ, ਹਰਜੀਤ ਗਿੱਲ, ਰਵਿੰਦਰ ਸਹੋਤਾ, ਜਸਵਿੰਦਰ ਹੀਰ, ਅਜੈਬ ਮੱਲ੍ਹੀ, ਜਸਪ੍ਰੀਤ ਥਿਆੜਾ, ਪਾਲਾ ਗਿੱਲ ਆਦਿ ਨੇ ਵੀ ਹਾਜਰੀ ਭਰੀ, ਇਸ ਦੌਰਾਨ ਸਮੂਹ ਥਿਆੜਾ ਵੱਲੋਂ ਸੰਗਤਾਂ ਨੂੰ ਜੀ ਆਇਆਂ ਕਿਹਾ ਅਤੇ ਸੰਗਤਾਂ ਦਾ ਧੰਨਵਾਦ ਕੀਤਾ।

# ਊਨਾ ਕਾਂਡ ਮਗਰੋਂ ਬੀਜੇਪੀ ਵਿਧਾਇਕ ਸਣੇ 450 ਦਲਿਤਾਂ ਨੇ ਛੱਡਿਆ ਹਿੰਦੂ ਧਰਮ

**ਅਹਿਮਦਾਬਾਦ–** ਗੁਜਰਾਤ ਦਾ ਊਨਾ ਕਾਂਡ ਇੱਕ ਵਾਰ ਫਿਰ ਸੁਰਖੀਆਂ ਵਿੱਚ ਹੈ। ਊਨਾ ਵਿੱਚ ਗੌ ਰੱਖਿਅਕਾਂ ਦੀ ਦਹਿਸ਼ਤ ਦਾ ਸ਼ਿਕਾਰ ਬਣੇ ਨੌਜਵਾਨਾਂ ਸਣੇ 450 ਦਲਿਤਾਂ ਨੇ ਹਿੰਦੂ ਧਰਮ ਛੱਡ ਕੇ ਬੁੱਧ ਧਰਮ ਅਪਣਾ ਲਿਆ ਹੈ। ਇਸ ਮੌਕੇ ਭਾਰਤੀ ਜਨਤਾ ਪਾਰਟੀ ਦੇ ਦਲਿਤ ਵਿਧਾਇਕ ਪ੍ਰਦੀਪ ਪਰਮਾਰ ਵੀ ਮੌਜੂਦ ਸਨ।

ਗਿਰ ਸੋਮਨਾਥ ਜ਼ਿਲ੍ਹੇ ਦੇ ਮੋਤਾ ਸਮਧਿਆਲਾ ਪਿੰਡ ਵਿੱਚ ਹੋਏ ਪ੍ਰੋਗਰਾਮ ਵਿੱਚ ਦਲਿਤਾਂ ਨੇ ਹਿੰਦੂਆਂ ਦੇ ਭਗਵਾਨ ਨੂੰ ਨਾ ਮੰਨਣ ਸਣੇ 22 ਕਸਮਾਂ ਲਈਆਂ। ਅਧਿਕਾਰਕ ਤੌਰ 'ਤੇ ਧਰਮ ਤਬਦੀਲੀ ਉਸ ਵੇਲੇ ਤੱਕ ਨਹੀਂ ਮੰਨੀ ਜਾਂਦੀ ਜਦ ਤੱਕ ਜ਼ਿਲ੍ਹੇ ਦੇ ਕਲੈਕਟਰ ਇਸ ਨੂੰ ਸਰਟੀਫਾਈ ਨਹੀਂ ਕਰਦੇ।

ਪ੍ਰੋਗਰਾਮ ਵਿੱਚ 1000 ਤੋਂ ਵੱਧ ਦਲਿਤਾਂ ਨੇ ਹਿੱਸਾ ਲਿਆ। ਜੁਲਾਈ 2016 ਵਿੱਚ ਊਨਾ ਵਿੱਚ ਮਰੀ ਗਾਂ ਦੀ ਚਮੜੀ ਕੱਢਣ ਨੂੰ ਲੈ ਕੇ ਕਥਿਤ ਗੌ ਰੱਖਿਅਕਾਂ ਨੇ ਸੱਤ ਦਲਿਤਾਂ ਦੀ ਪਿਟਾਈ ਕੀਤੀ ਸੀ। ਇਸ ਮਾਮਲੇ ਦੇ ਪੀੜਤਾਂ ਵਿੱਚ ਬਾਲੂ ਭਾਈ ਸਰਵੀਆ, ਉਨ੍ਹਾਂ ਦੇ ਬੇਟੇ ਰਮੇਸ਼ ਤੇ ਵਸ਼ਰਾਮ ਤੋਂ ਇਲਾਵਾ ਉਨ੍ਹਾਂ ਦੀ ਪਤਨੀ ਕੰਵਰ ਸਰਵੀਆ ਨੇ ਬੁੱਧ ਧਰਮ ਅਪਣਾ ਲਿਆ। ਇਹ ਸਾਰੇ ਉਨ੍ਹਾਂ ਵਿੱਚ ਸ਼ਾਮਲ ਸੀ, ਜਿਨ੍ਹਾਂ ਨੂੰ ਗੌ ਰੱਖਿਅਕਾਂ ਨੇ ਕੁੱਟਿਆ ਸੀ।

## ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਹਰ ਸ਼ਨਿਚਰਵਾਰ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।

ਰਚਨਾ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੈ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ

ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**1-916-947-8920 (ਫੋਨ), 1-916-238-1393 (ਫੈਕਸ)**

**E-mail : deshdoaba@yahoo.com**

www.deshdoaba.com www.ambedkartimes.com

ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ (ਰਜਿ.)
ਵਲੋਂ
ਡਾ. ਕਰਮਜੀਤ ਸਿੰਘ ਦੀਆਂ ਪੁਸਤਕਾਂ
ਹਰਿਆਣੇ ਦੇ ਪੰਜਾਬੀ ਲੋਕ ਗੀਤ ਅਤੇ ਕਾਲ਼ੇ ਵਰਕੇ : ਵਸਤੂ ਬਿਰਤਾਂਤ ਅਤੇ ਸੰਰਚਨਾ
ਦਾ ਲੋਕ ਅਰਪਣ ਅਤੇ ਸੰਵਾਦ
ਮਿਤੀ : 06 ਮਈ 2018 ਦਿਨ ਐਤਵਾਰ
ਸਮਾਂ : ਸਵੇਰੇ 10.30 ਵਜੇ ਸਥਾਨ : ਖੇਤੀਬਾੜੀ ਭਵਨ, ਨੇੜੇ ਡੀ ਏ ਵੀ ਕਾਲਜ
ਪ੍ਰਧਾਨਗੀ : ਪ੍ਰਿੰਸੀਪਲ ਪਰਮਜੀਤ ਸਿੰਘ (ਸਰਕਾਰੀ ਕਾਲਜ ਪੋਜੇਵਾਲ)
ਬੁਲਾਰੇ : ਪ੍ਰਿੰਸੀਪਲ ਜਨਮੀਤ ਸਿੰਘ, ਪ੍ਰੋ. ਬਲਦੇਵ ਸਿੰਘ ਬੱਲੀ, ਪ੍ਰੋ. ਹਰਜਿੰਦਰ ਸਿੰਘ ਅਟਵਾਲ, ਨਵਤੇਜ ਗੜ੍ਹਦੀਵਾਲਾ
ਆਪ ਸਭ ਨੂੰ ਪਰਿਵਾਰ ਸਮੇਤ ਆਉਣ ਦਾ ਨਿੱਘਾ ਸੱਦਾ
ਮਦਨਵੀਰਾ, ਪ੍ਰਧਾਨ ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ (ਰਜਿ.)
ਉਡੀਕਵਾਨ :
ਡਾ. ਜਸਵੰਤ ਰਾਏ, ਜਨਰਲ ਸਕੱਤਰ ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ (ਰਜਿ.)



## ਗੁਰੂ ਘਰ ਟਾਇਰਾ ਬਿਊਨਾ ਯੂਬਾ ਸਿਟੀ ਵਿਖੇ 4-5-6 ਮਈ ਦੇ ਪ੍ਰੋਗਰਾਮ

4 ਮਈ ਤੋਂ 6 ਮਈ 2018 ਦਿਨ ਸ਼ੁੱਕਰਵਾਰ ਤੋਂ ਐਤਵਾਰ ਨੂੰ ਅਖੰਡ ਪਾਠ ਅਤੇ ਲੰਗਰ ਦੀ ਸੇਵਾ ਵੱਲੋਂ ਬਲਜੀਤ ਸਿੰਘ ਢਿੱਲੋਂ ਪਰਿਵਾਰ ਵੱਲੋਂ।

5 ਮਈ 2018 ਦਿਨ ਸਨਿਚਰਵਾਰ ਨੂੰ ਸੁਖਮਨੀ ਸਾਹਿਬ ਦਾ ਪਾਠ ਅਤੇ ਲੰਗਰ ਦੀ ਸੇਵਾ ਵੱਲੋਂ ਹਰਮਾਂਗਟ ਸਿੰਘ ਦੁਸਾਂਝ ਪਰਿਵਾਰ ਵੱਲੋਂ।

5 ਮਈ 2018 ਦਿਨ ਸਨਿਚਰਵਾਰ ਨੂੰ ਸੁਖਮਨੀ ਸਾਹਿਬ ਦਾ ਪਾਠ ਅਤੇ ਲੰਗਰ ਦੀ ਸੇਵਾ ਨਰਿੰਦਰ ਸਿੰਘ ਧਾਲੀਵਾਲ ਦੇ ਗ੍ਰਹਿ ਵਿਖੇ।

6 ਮਈ 2018 ਦਿਨ ਸ਼ੁੱਕਰਵਾਰ ਤੋਂ ਐਤਵਾਰ ਨੂੰ ਅਖੰਡ ਪਾਠ ਦੇ ਭੋਗ, ਕਥਾ ਦੀਵਾਨ ਵੱਲੋਂ ਬਲਜੀਤ ਸਿੰਘ ਢਿੱਲੋਂ ਪਰਿਵਾਰ ਵੱਲੋਂ।




## ਸਿੱਖ ਟੈਂਪਲ ਟਰਲਕ ਦੇ ਮਈ ਮਹੀਨੇ ਦੇ ਪ੍ਰੋਗਰਾਮ

ਸਿੱਖ ਟੈਂਪਲ ਟਰਲਕ ਦੀ ਪ੍ਰਬੰਧਕ ਕਮੇਟੀ ਅਤੇ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਗੁਰਦੁਆਰਾ ਸਾਹਿਬ ਸੰਗਤ ਨੂੰ ਮਿਲਣ ਦੀ ਖੁਸ਼ੀ ਵਿਚ ਸਾਰੀ ਸੰਗਤ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ 4 ਮਈ 2018 ਦਿਨ ਸ਼ੁੱਕਰਵਾਰ ਨੂੰ 11 ਵਜੇ ਆਰੰਭ ਹੋਣਗੇ, ਜਿਹਨਾਂ ਦੇ ਭੋਗ 6 ਮਈ ਦਿਨ ਐਤਵਾਰ ਨੂੰ 11 ਵਜੇ ਪੈਣਗੇ ਅਤੇ 1 ਵਜੇ ਤੋਂ 3 ਵਜੇ ਤੱਕ ਦੀਵਾਨ ਸਜਣਗੇ। ਸਾਰੀਆਂ ਸੰਗਤਾਂ ਦੇ ਚਰਨਾਂ ਵਿਚ ਹੱਥ ਜੋੜ ਕੇ ਬੇਨਤੀ ਹੈ ਕਿ ਤਿੰਨੇ ਦਿਨ ਪਰਿਵਾਰਾਂ ਸਮੇਤ ਦਰਸ਼ਨ ਦੇਣ ਦੀ ਕਿਰਪਾਲਤਾ ਕਰਨੀ ਜੀ। ਤਿੰਨੇ ਦਿਨ ਗੁਰੂ ਕੇ ਲੰਗਰ ਅਤੁੱਟ ਵਰਤਾਏ ਜਾਣਗੇ।

**ਸਮੂਹ ਸਾਧ ਸੰਗਤ ਗੁਰਦੁਆਰਾ ਸਹਿਬ**
**ਸਿੱਖ ਟੈਂਪਲ ਟਰਲਕ 1391, 5ਵੀਂ ਸਟ੍ਰੀਟ, ਟਰਲਕ**
**ਹੋਰ ਜਾਣਕਾਰੀ ਲਈ ਸੰਪਰਕ ਕਰੋ:**
**ਸੁਖਮਿੰਦਰ ਸਿੰਘ ਦਿਓਲ 209-535-7025**
**ਹਰਵਿੰਦਰ ਸਿੰਘ ਬੈਂਸ 209-678-0372**

# ਵਿਆਹ ਦੀਆਂ ਖੁਸ਼ੀਆਂ ਮਨਾ ਰਹੇ ਪੰਜਾਬੀ ਮੂਲ ਦੇ ਤਿੰਨ ਅਮਰੀਕੀ ਅੱਗ 'ਚ ਸੜੇ, ਮੌਤ



**ਵਾਸ਼ਿੰਗਟਨ:** ਅਮਰੀਕਾ ਵਿੱਚ ਪੰਜਾਬੀ ਮੂਲ ਦੀ ਔਰਤ, ਉਸ ਦੇ ਦਾਦਾ-ਦਾਦੀ ਤੇ ਅੱਗ ਦੀ ਭੇਟ ਚੜ੍ਹ ਗਏ, ਜਦਕਿ ਉਸ ਦੇ ਦੋ ਬੱਚਿਆਂ ਜ਼ਖ਼ਮੀ ਹੋਏ ਹਨ। ਸ਼ਨੀਵਾਰ ਨੂੰ ਜਦੋਂ ਇਹ ਹਾਦਸਾ ਵਾਪਰਿਆ ਪਰਿਵਾਰ ਆਪਣੇ ਰਿਸ਼ਤੇਦਾਰ ਦੇ ਆਉਣ ਵਾਲੇ ਵਿਆਹ ਸਮਾਗਮ ਦੀਆਂ ਖੁਸ਼ੀਆਂ ਮਨਾ ਰਿਹਾ ਸੀ।

ਮ੍ਰਿਤਕਾਂ ਦੀ ਪਛਾਣ ਹਰਲੀਨ ਮੱਗੂ, ਉਸ ਦੇ ਦਾਦਾ ਪਿਆਰਾ ਕੈਂਥ (87), ਦਾਦੀ ਰਘਵੀਰ ਕੌਰ ਕੈਂਥ (82) ਵਜੋਂ ਹੋਈ ਹੈ। ਮੱਗੂ ਦੀ ਅੱਠ ਸਾਲਾ ਕੁੜੀ ਤੇ ਛੇ ਸਾਲਾ ਮੁੰਡੇ ਨੂੰ ਰਾਹਤ ਕਰਮਚਾਰੀਆਂ ਨੇ ਬਚਾਅ ਲਿਆ। ਲੜਕੀ ਦੀ ਹਾਲਤ ਕਾਫੀ ਗੰਭੀਰ ਹੈ ਜਦਕਿ ਲੜਕਾ ਖ਼ਤਰੇ ਤੋਂ ਬਾਹਰ ਹੈ।

ਨਿਊਯਾਰਕ ਸ਼ਹਿਰ ਫਾਇਰ ਵਿਭਾਗ ਦੇ ਉਪ ਮੁਖੀ ਮਿਸ਼ੇਲ ਗਾਲਾ ਨੇ ਦੱਸਿਆ ਕਿ ਹਾਦਸੇ ਵਿੱਚ ਜ਼ਖ਼ਮੀ ਹੋਏ ਸੱਤ ਹੋਰ ਵਿਅਕਤੀਆਂ ਨੂੰ ਸਥਾਨਕ ਹਸਪਤਾਲਾਂ ਵਿੱਚ ਦਾਖਲ ਕਰਵਾਇਆ ਗਿਆ। ਅੱਗ ਬੁਝਾਊ ਦਸਤੇ ਅੱਗ ਲੱਗਣ ਦੇ ਕਾਰਨ ਤਲਾਸ਼ ਰਹੇ ਹਨ। ਮ੍ਰਿਤਕਾਂ ਦੇ ਰਿਸ਼ਤੇਦਾਰ ਰਣਜੀਤ ਕੌਰ (38) ਨੇ ਕਿਹਾ ਕਿ ਘਰ ਵਿੱਚ ਕਾਫੀ ਵੱਡੀ ਅੱਗ ਲੱਗੀ ਸੀ, ਉਸ ਦੇ ਰੌਲਾ ਪਾਉਣ ਤੇ ਮਦਦ ਆਈ।

ਹਰਲੀਨ ਮੱਗੂ ਆਪਣੇ ਦਾਦਾ ਨਾਲ ਰਹਿੰਦੀ ਸੀ ਤੇ ਉਹ ਘਰ ਵਿੱਚ ਆਪਣੇ ਕਜ਼ਨ ਦੇ ਆਉਣ ਵਾਲੇ ਦੀ ਵਿਆਹ ਖੁਸ਼ੀ ਮਨਾ ਰਹੇ ਸਨ। ਮ੍ਰਿਤਕਾ ਦੇ ਭਰਾ ਪਰਮ ਸਿੰਘ ਨੇ ਦੱਸਿਆ ਕਿ ਉਸ ਦੀ ਭੈਣ ਬਾਹਰ ਆ ਗਈ ਸੀ ਪਰ ਉਹ ਆਪਣੇ ਦਾਦਾ ਦਾਦੀ ਨੂੰ ਬਚਾਉਣ ਲਈ ਮੁੜ ਅੰਦਰ ਚਲੀ ਗਈ ਤੇ ਵਾਪਸ ਨਾ ਆ ਸਕੀ।

# ਗੁਰੂ ਨਾਨਕ ਸਪੋਰਟਸ ਕਲੱਬ ਵੱਲੋਂ ਫੈਮਲੀ ਪਿਕਨਿਕ 12 ਮਈ ਅਤੇ ਉਪਨ ਕਬੱਡੀ ਟੂਰਨਾਮੈਂਟ 13 ਮਈ ਨੂੰ ਹੋਵੇਗਾ

**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ /ਨੀਟਾ ਮਾਛੀਕੇ):** ਸੈਂਟਰਲ ਵੈਲੀ ਕੈਲੀਫੋਰਨੀਆਂ ਦੇ ਸ਼ਹਿਰ ਸਨਵਾਕੀਨ ਦੇ ਸਟੇਡੀਅਮ ਵਿੱਚ ਗੁਰੂ ਨਾਨਕ ਸਪੋਰਟਸ ਕਲੱਬ ਕਰਮਨ ਅਤੇ ਸਨਵਾਕੀਨ ਵੱਲੋਂ ਫੈਂਮਲੀ ਪਿਕਨਿਕ ਅਤੇ ਦੋ ਦਿਨਾਂ ਟੂਰਨਾਂਮੈਂਟ ਕਰਵਾਇਆ ਜਾ ਰਿਹਾ ਹੈ। ਜਿਸ ਵਿੱਚ ਪਹਿਲੇ ਦਿਨ 12 ਮਈ ਨੂੰ ਸ਼ਾਕਰ ਅਤੇ ਬਾਸਕਟਬਾਲ ਤੋਂ ਇਲਾਵਾ ਫੈਂਮਲੀ ਪਿਕਨਿਕ ਵਿੱਚ ਗਿੱਧੇ, ਭੰਗੜੇ, ਵਿਰਾਸਤੀ ਖੇਡਾਂ ਜਿਵੇ ਚਾਟੀ ਰੇਸ਼, ਬੋਰੀ ਰੇਸ਼, ਤਿੰਨ ਟੰਗੀ ਰੇਸ਼, ਰੱਸਾਕਸ਼ੀ, ਕੁੱਕੜ ਫੜਨਾ ਆਦਿਕ ਬਹੁਤ ਸਾਰੀਆਂ ਖੇਡਾਂ ਦੇ ਮੁਕਾਬਲੇ ਕਰਵਾਏ ਜਾਣਗੇ। ਜਿਸ ਵਿੱਚ ਔਰਤਾਂ ਅਤੇ ਬੱਚਿਆ ਨੂੰ ਖੁੱਲਾ ਸੱਦਾ ਦਿੱਤਾ ਗਿਆ ਹੈ।

ਬੀਬੀਆਂ ਦੁਆਰਾ ਪੰਜਾਬੀ ਰਹੁ-ਰੀਤਾਂ ਨਾਲ ਸੰਬੰਧਤ ਗੀਤਾਂ ਤੋਂ ਇਲਾਵਾ ਨਾਨਕਾ ਮੇਲ ਅਤੇ ਦਾਦਕਾ ਮੇਲ ਦੇ ਗੀਤਾਂ ਦਾ ਮੁਕਾਬਲੇ ਹੋਣਗੇ। ਕਰਮਨ ਪੰਜਾਬੀ ਸਕੂਲ, ਜੀ.ਐਚ.ਜੀ. ਅਕੈਡਮੀ ਅਤੇ ਹੋਰ ਸਥਾਨਕ ਸਕੂਲਾ ਦੇ ਬੱਚਿਆ ਦੁਆਰਾ ਵਿਰਾਸਤੀ ਖੇਡਾ ਵਿੱਚ ਪ੍ਰਦਰਸ਼ਨ ਕੀਤਾ ਜਾਵੇਗਾ।

ਸਥਾਨਿਕ ਸਕੂਲਾ ਵਿੱਚ 4.0 ਜਾਂ ਵਧੀਕ ਜੀ. ਪੀ. ਏ. ਪ੍ਰਾਪਤ ਕਰਨ ਵਾਲੇ ਬੱਚਿਆ ਨੂੰ ਬਾਕੀ ਖੇਡਾਂ ਵਾਂਗ ਨਕਦ ਇਨਾਮ ਅਤੇ ਮੈਂਡਲ ਦੇ ਕੇ ਸਨਮਾਨਿਤ ਕੀਤਾ ਜਾਵੇਗਾ। ਇਸ ਟੂਰਨਾਮੈਂਟ ਦੌਰਾਨ ਦੂਸਰੇ ਦਿਨ 13 ਮਈ ਨੂੰ ਕਬੱਡੀ ਵਿੱਚ ਅੰਡਰ ਇੱਕੀ ਸਾਲ ਉਮਰ ਅਤੇ ਉਪਨ ਕਬੱਡੀ ਦੇ ਮੁਕਾਬਲੇ ਕਰਵਾਏ ਜਾਣਗੇ। ਜਿਸ ਵਿੱਚ ਅੰਤਰ-ਰਾਸ਼ਟਰੀ ਪੱਧਰ ਦੇ ਕਬੱਡੀ ਖਿਡਾਰੀਆਂ ਨੇ ਭਾਰਤ ਅਤੇ ਕਨੇਡਾ ਤੋਂ ਪਹੁੰਚ ਰਹੇ ਹਨ। ਇਸ ਸਮੇਂ ਦੋਨੋ ਦਿਨ ਪੰਜਾਬੀ ਗਾਇਕੀ ਦੀ ਬੁਲੰਦ ਅਵਾਜ਼ ਗੀਤਕਾਰ ਅਤੇ ਗਾਇਕ ਧਰਮਵੀਰ ਥਾਂਦੀ, ਪ੍ਰਸਿੱਧ ਗਾਇਕਾ ਜੋਤ ਰਣਜੀਤ, ਕਮਲਜੀਤ ਬੈਨੀਪਾਲ ਅਤੇ ਦਿਲਦਾਰ ਮਿਉਜ਼ੀਕਲ ਗਰੁੱਪ ਕੈਲੀਫੋਰਨੀਆਂ ਵੱਲੋਂ ਖੁੱਲੇ ਅਖਾੜੇ ਦੇ ਰੂਪ ਵਿੱਚ ਆਪਣੀ ਗਾਇਕੀ ਰਹੀ ਹਾਜ਼ਰੀਨ ਦਾ ਮੰਨੋਰੰਜ਼ਨ ਵੀ ਕੀਤਾ ਜਾਵੇਗਾ।

ਕਬੱਡੀ ਟੂਰਨਾਂਮੈਂਟ ਦੌਰਾਨ ਸਟੇਜ਼ ਸੰਚਾਲਨ ਬਾਖੂਬੀ ਸ਼ਾਇਰਾਨਾ ਅੰਦਾਜ਼ ਵਿੱਚ ਬੀਬੀ ਆਸ਼ਾ ਸ਼ਰਮਾ ਕਰਨਗੇ। ਇਸ ਟੂਰਨਾਂਮੈਂਟ ਦੌਰਾਨ ਮੁੱਫਤ ਲੰਗਰਾਂ ਅਤੇ ਪਾਰਕਿੰਗ ਦਾ ਖੁੱਲਾ ਪ੍ਰਬੰਧ ਵੀ ਹੋਵੇਗਾ।

ਪ੍ਰਬੰਧਕਾ ਵੱਲੋਂ ਜੇਤੂ ਟੀਮਾਂ ਨੂੰ ਦਿਲਕਸ਼ ਨਕਦ ਇਨਾਮ ਅਤੇ ਸਨਮਾਨ ਦਿੱਤੇ ਜਾਣਗੇ। ਇਹ ਟੂਰਨਾਮੈਂਟ ਦੋਨੋ ਦਿਨ ਸਵੇਰੇ 10 ਵਜ਼ੇ ਸ਼ੁਰੂ ਹੋਵੇਗਾ। ਸਮੂੰਹ ਨਿਵਾਸੀਆਂ ਨੂੰ ਸਮੇਂ ਸਿਰ ਪਹੁੰਚ ਕੇ ਖੇਡਾਂ ਦਾ ਅਨੰਦ ਮਾਣਣ ਦੀ ਬੇਨਤੀ ਕੀਤੀ ਜਾਂਦੀ ਹੈ।

------

# ਆਦਮਪੁਰ ਏਅਰਪੋਰਟ ਤੋਂ ਦਿੱਲੀ ਲਈ ਫਲਾਈਟਾਂ ਆਰੰਭ

(ਸਫਾ 1 ਦੀ ਬਾਕੀ)



ਚੰਡੀਗੜ੍ਹ ਤੋਂ ਆਏ ਐੱਮ. ਐੱਸ. ਦੋਹਨ ਜੁਆਇੰਟ ਜਨਰਲ ਮੈਨੇਜਰ ਏਅਰਪੋਰਟ ਅਥਾਰਟੀ ਨੇ ਕਿਹਾ ਕਿ ਪਿਛਲੇ ਸਾਲ ਜੁਲਾਈ ਮਹੀਨੇ 'ਚ ਇਸ ਦੀ ਸ਼ੁਰੂਆਤ ਕੀਤੀ ਗਈ ਸੀ ਅਤੇ ਸਿਰਫ 11 ਮਹੀਨਿਆਂ 'ਚ ਹੀ ਏ. ਏ. ਆਈ. ਨੇ ਇਸ ਨੂੰ ਉਡਾਣ ਭਰਨ ਦੇ ਲਾਇਕ ਬਣਾ ਦਿੱਤਾ ਅਤੇ ਅੱਗੇ ਵੀ ਏਅਰਪੋਰਟ ਅਥਾਰਟੀ ਆਫ ਇੰਡੀਆ ਇਸ ਦੇ ਅਗਲੇ ਪੜਾਅ ਦੇ ਕੰਮ ਨੂੰ ਵੀ ਜਲਦ ਪੂਰਾ ਕਰ ਲਵੇਗੀ। ਉਨ੍ਹਾਂ ਨੇ ਪੰਜਾਬ ਦੇ ਲੋਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਲੋਕਾਂ ਦੇ ਰੁਝਾਨ ਨੂੰ ਦੇਖਦਿਆਂ ਹੋਇਆਂ ਲੱਗਦਾ ਹੈ ਕਿ ਇਹ ਹਵਾਈ ਅੱਡਾ ਵੀ ਜਲਦੀ ਹੀ ਵਿਅਸਤ ਹਵਾਈ ਅੱਡਿਆਂ 'ਚ ਆ ਜਾਵੇਗਾ। ਇੱਥੇ ਵਰਣਨਯੋਗ ਹੈ ਕਿ ਆਦਮਪੁਰ ਏਅਰਪੋਰਟ ਦਾ ਬੀੜਾ ਚੁੱਕਣ ਲਈ ਫਿਲੌਰ ਹਲਕੇ ਤੋਂ ਪਾਰਲੀਮੈਂਟ ਮੈਂਬਰ ਚੌਧਰੀ ਸੰਤੋਖ ਸਿੰਘ ਨੇ ਪਾਰਲੀਮੈਂਟ ਵਿਚ ਜਲਦੀ ਨੇਪਰੇ ਚਾੜ੍ਹਨ ਦੀ ਮੰਗ ਕੀਤੀ ਸੀ। ਉਹ ਵੀ ਇਸ ਗੱਲ ਲਈ ਵਧਾਈ ਦੇ ਪਾਤਰ ਹਨ, ਜਿਹਨਾਂ ਨੇ ਦੁਆਬੇ ਦੀ ਇਸ ਜ਼ਰੂਰਤ ਲਈ ਕੰਮ ਕੀਤਾ।

# 1971 ਵਾਲੀ ਜੰਗ ਲੜਣ ਵਾਲੇ ਕਰਨਲ ਮਹਿੰਦਰ ਸਿੰਘ ਸੋਹੀ ਨਹੀਂ ਰਹੇ

ਪਾਕਿਸਤਾਨ ਨਾਲ 1971 ਚ ਹੋਈ ਲੜਾਈ ਵਿਚ ਵੈਸਟਰਨ ਕਮਾਂਡ ਦੀ ਅਗਵਾਈ ਕਰਨ ਵਾਲੇ ਸ. ਮਹਿੰਦਰ ਸਿੰਘ ਸੋਹੀ ਨਹੀਂ ਰਹੇ । ਕਰਨਲ ਮਹਿੰਦਰ ਸਿੰਘ ਸੋਹੀ ਦਾ ਜਨਮ ਇਕ ਸਤੰਬਰ 1932 ਵਿਚ ਪਿੰਡ ਧਨੌਰੀ ਜ਼ਿਲਾ ਰੋਪੜ ਵਿਖੇ ਇਕ ਅਗਾਂਹਵਦੁ ਕਿਸਾਨ ਪਰਿਵਾਰ ਚ ਹੋਇਆ। ਬਚਪਨ ਤੋਂ ਹੀ ਮਹਿੰਦਰ ਸਿੰਘ ਪੜ੍ਹਨ ਵਿਚ ਹੁਸ਼ਿਆਰ ਸਨ। ਉਹਨਾਂ ਨੇ ਉਸ ਸਮੇਂ ਚ ਖਾਲਸਾ ਹਾਈ ਸਕੂਲ ਕੁਰਾਲੀ 770 ਨੰਬਰ ਲੈ ਕੇ ਪਾਸ ਕੀਤਾ ਅਤੇ ਇਕ ਨਵਾਂ ਰਿਕਾਰਡ ਕਾਇਮ ਕੀਤਾ। ਅਜੇ ਉਹਨਾਂ ਲੁਧਿਆਣੇ ਖੇਤੀਬਾੜੀ ਕਾਲਿਜ ਵਿਚ ਦਾਖਿਲਾ ਲਿਆ ਹੀ ਸੀ ਕੇ ਭਾਰਤੀ ਫੌਜ ਵਲੋਂ ਨੌਕਰੀ ਦਾ ਸੱਦਾ ਆ ਗਿਆ। ਬੜੀ ਛੇਤੀ ਹੀ ਉਹਨਾਂ ਦੇ ਅਫਸਰਾਂ ਨੂੰ ਪਤਾ ਲੱਗ ਗਿਆ ਕੇ ਇਹ ਫੌਜੀ ਵਡਾ ਅਫਸਰ ਬਣ ਸਕਦਾ ਹੈ। ਇਸ ਕਰਕੇ ਅਫਸਰਾਂ ਨੇ ਉਹਨਾਂ ਅਗੇ ਪੜ੍ਹਾਈ ਕਰਨ ਵਾਸਤੇ ਭੇਜ ਦਿੱਤਾ। ਫੇਰ ਮਹਿੰਦਰ ਸਿੰਘ ਸੋਹੀ ਨੇ ਪਿਛੇ ਮੁੜ ਕੇ ਨਹੀਂ ਵੇਖਿਆ । ਬੜੀ ਮਿਹਨਤ ਅਤੇ ਲਗਨ ਨਾਲ ਸੰਨ 1959 ਤਕ ਇੰਡੀਅਨ ਮਿਲੀਟਰੀ ਅਕੈਡਮੀ ਦੇਹਰਾਦੂਨ ਤੋਂ ਪੜ੍ਹਾਈ ਪੂਰੀ ਕੀਤੀ ਅਤੇ ਫਿਰ ਬੜੀ ਛਿਦਤ ਨਾਲ ਨੋਕਰੀ ਕੀਤੀ । 8 ਅਪ੍ਰੈਲ 1962 ਨੂੰ ਉਹਨਾਂ ਦਾ ਵਿਆਹ ਪਿੰਡ ਜਗਦੇਵ ਖੁਰਦ ਜ਼ਿਲਾ ਅਮ੍ਰਿਤਸਰ ਦੇ ਸ. ਇਕਬਾਲ ਸਿੰਘ ਗਿਲ ਦੀ ਸਪੁਤਰੀ ਗੁਰਬਰਿੰਦਰ ਕੌਰ ਨਾਲ ਹੋਇਆ । ਉਸ ਵੇਲੇ ਸ. ਮਹਿੰਦਰ ਸਿੰਘ ਸੋਹੀ ਨੂੰ ਅਮਰੀਕਾ ਦੀ ਮਿਸ਼ੀਘਨ ਸਟੇਟ ਯੂਨੀਵਰਸਿਟੀ ਤੋਂ ਇੰਜੀਨਿਅਰੀਂਗ ਦੀ ਪੜ੍ਹਾਈ ਕਰਨ ਦਾ ਸੱਦਾ ਮਿਲੀਆ ਭਰ ਉਹਨਾਂ ਨੇ ਭਾਰਤੀ ਫੌਜ਼ ਵਿਚ ਦੇਸ਼ ਦੀ ਸੇਵਾ ਕਰਨ ਦਾ ਫ਼ੈਸਲਾ ਲਿਆ। ਸ. ਮਹਿੰਦਰ ਸਿੰਘ ਸੋਹੀ ਨੇ ਭਾਰਤੀ ਫੋਜ ਵਿਚ ਵੱਖ ਵੱਖ ਥਾਂਵਾ ਤੇ ਬਾਖੂਬੀ ਸੇਵਾ ਕੀਤੀ ਅਤੇ ਆਪਣੇ ਦੁਸ਼ਮਣਾਂ ਤੋਂ ਲੋਹਾ ਮਨਵਾਇਆ। ਜਿੰਦਗੀ ਦੇ ਸਫ਼ਰ ਵਿਚ ਉਹਨਾਂ ਦੀ ਧਰਮ ਪਤਨੀ ਗੁਰਬਰਿੰਦਰ ਕੌਰ ਸੋਹੀ ਨੇ ਉਹਨਾਂ ਦਾ ਸਾਥ ਮੋਢੇ ਨਾਲ ਮੋਢਾ ਲਾ ਕੇ ਹਰ ਸੁੱਖ ਦੁੱਖ ਵਿਚ ਬਾਖੂਬੀ ਨਿਭਾਇਆ। ਪਾਕਿਸਤਾਨ ਨਾਲ 1971 ਚ ਹੋਈ ਲੜਾਈ ਵਿਚ ਸ. ਮਹਿੰਦਰ ਸਿੰਘ ਸੋਹੀ ਨੂੰ ਵੈਸਟਰਨ ਕਮਾਂਡ ਦੀ ਅਗਵਾਈ ਦੀ ਜਿੰਮੇਵਾਰੀ ਦਿੱਤੀ ਗਈ। ਜਿਹੜੀ ਉਹਨਾਂ ਨੇ ਜਲੰਧਰ ਨੇੜੇ ਸੁਰਾਨਸੀ ਤੋਂ ਦੁਸ਼ਮਣਾਂ ਨੂੰ ਲੋਹਾ ਮਨਵਾ ਕੇ ਪੂਰੀ ਕੀਤੀ । ਸੰਨ 1975 ਵਿਚ ਉਹਨਾਂ ਨੂੰ 26 ਜਨਵਰੀ ਦੀ ਪਰੇਡ ਵੇਲੇ ਪ੍ਰਧਾਨ ਮੰਤਰੀ ਦੀ ਸਕ੍ਰੀਟੀ ਦੀ ਜਿੰਮੇਵਾਰੀ ਦਿੱਤੀ ਗਈ। ਸ. ਮਹਿੰਦਰ ਸਿੰਘ ਸੋਹੀ 1984 ਵਿਚ ਕਰਨਲ ਦੇ ਆਹੁਦੇ ਤੋਂ ਰਟਾਇਰ ਹੋਏ। ਇਸ ਤੋਂ ਬਾਦ ਕਰਨਲ ਮਹਿੰਦਰ ਸਿੰਘ ਸੋਹੀ ਅਮੇਰੀਕਾ ਆ ਕੇ ਵਾਸ਼ਿੰਗਟਨ ਡੀਸੀ ਵਸ ਗਏ ਅਤੇ ਇਸ ਨਾਲ ਉਹਨਾਂ ਦੀ ਧਰਮ ਪਤਨੀ ਗੁਰਬਰਿੰਦਰ ਕੌਰ ਸੋਹੀ ਨੂੰ ਆਪਣੇ ਵੀਰ ਡਾ. ਗੁਰਮੁਖ ਸਿੰਘ ਗਿਲ ਕੋਲ ਰਹਿਣ ਦਾ ਮੌਕਾ ਮਿਲਿਆ। ਕਰਨਲ ਮਹਿੰਦਰ ਸਿੰਘ ਸੋਹੀ ਨੇ ਅਮਰੀਕਾ ਆ ਕੇ ਦੂਸਰੀ ਪਾਰੀ ਸੁਰੂ ਕੀਤੀ ਅਤੇ ਸਖ਼ਤ ਮਿਹਨਤ ਨਾਲ ਅਪਣੇ ਪਰਿਵਾਰ ਨੂੰ ਇਥੇ ਸੈਟ ਕੀਤਾ। ਕਰਨਲ ਸੋਹੀ ਹਰ ਸਾਲ ਪੰਜਾਬ ਜਾਂਦੇ, ਦਰਬਾਰ ਸਾਹਿਬ ਦੇ ਦਰਸ਼ਨ ਮਨਾਰੇ ਕਰਦੇ ਅਤੇ ਆਪਣੇ ਲੋੜਵੰਦ ਭੈਣ-ਭਰਾਵਾਂ, ਭਤੀਜੇ ਭਤੀਜੀਆਂ, ਰਿਸ਼ਤੇਦਾਰਾਂ ਦੀ ਮਦੱਦ ਕਰਦੇ ਰਹੇ। ਇਹਨਾਂ ਦੂਸਰੀ ਪਾਰੀ ਏਸੇ ਤਰ੍ਹਾਂ ਤਿੰਨ ਦਹਾਕੇ ਤੱਕ ਚਲਦੀ ਰਹੀ। ਦੋ ਸਾਲ ਪਹਿਲਾਂ 23 ਅਪ੍ਰੈਲ 2016 ਨੂੰ ਉਹਨਾ ਦੀ ਧਰਮ ਪਤਨੀ ਗੁਰਬਰਿੰਦਰ ਕੌਰ ਸੋਹੀ ਅਚਾਨਕ ਸਾਥ ਛੱਡ ਗਏ। ਜੀਵਨ ਸਾਥੀ ਦਾ ਵਿਛੋੜਾ ਕਰਨਲ ਮਹਿੰਦਰ ਸਿੰਘ ਸੋਹੀ ਤੇ ਭਾਰੂ ਹੋਣ ਲੱਗ ਪਿਆਂ ਅਤੇ ਉਹ ਬੀਮਾਰ ਰਹਿਣ ਲੱਗ ਪਏ। ਉਹਨਾਂ ਦੀ ਇਕਲੌਤੀ ਬੇਟੀ ਕੁਲਜੀਤ ਕੌਰ, ਜਵਾਈ ਨਵਜੀਤ ਸਿੰਘ, ਦੋਤਰੀ ਨੂਰ ਅਤੇ ਦੋਤਰਾ ਅਨੀਲ ਹੋਰਾਂ ਨੇ ਉਹਨਾਂ ਦੀ ਸੇਵਾ ਵਿਚ ਦਿਨ ਰਾਤ ਇਕ ਕਰ ਦਿੱਤਾ। ਦੋ ਮਹੀਨੇ ਪਹਿਲਾ ਅਪਣੀ ਇਛਾ ਅਨੁਸਾਰ ਕਰਨਲ ਮਹਿੰਦਰ ਸਿੰਘ ਸੋਹੀ ਆਪਣੀ ਬੇਟੀ ਨਾਲ ਪੰਜਾਬ ਜਾ ਕੇ ਵਾਪਸ ਐਸ਼ਬਰਨ ਪਰਤੇ ਸਨ।

ਆਖਿਰ ਵਿਚ ਕਰਨਲ ਮਹਿੰਦਰ ਸਿੰਘ ਸੋਹੀ ਜਿੰਦਗੀ ਦੀ ਲੜਾਈ ਹਾਰ ਕੇ 25 ਅਪ੍ਰੈਲ 2018 ਨੂੰ ਇਸ ਫਾਨੀ ਦੁਨੀਆਂ ਨੂੰ ਸਦਾ ਵਾਸਤੇ ਸਲੂਟ ਮਾਰ ਕੇ ਅਲਵਿਦਾ ਹੋ ਗਏ । ਪ੍ਰਮਾਤਮਾ ਇਹਨਾਂ ਦੀ ਰੂਹ ਨੂੰ ਅਪਣੇ ਚਰਨਾਂ ਵਿਚ ਨਿਵਾਸ ਦੇਵੇ ਅਤੇ ਪਰਿਵਾਰ ਨੂੰ ਭਾਣਾ ਮੱਨਣ ਦਾ ਬਲ ਬਖਸ਼ੇ। ਕਰਨਲ ਮਹਿੰਦਰ ਸਿੰਘ ਸੋਹੀ ਦੀ ਪੰਜ ਭੂਤਕ ਦੇਹ ਦਾ ਸੰਸਕਾਰ 6 ਮਈ 2018 1 ਤੋਂ 3 ਵਜੇ, ਫੇਅਰਫੈਕਸ ਮੈਮੋਰੀਅਲ ਫੁਨਰਲ ਹੋਮ, 9902 ਬਰੈਡਡੌਕ ਰੋਡ, ਫੇਅਰਫੈਕਸ, ਵਰਜੀਨੀਆ-22032 (703-425- 9702) ਅਤੇ ਅੰਤਿਮ ਅਰਦਾਸ ਰਾਜ ਖਾਲਸਾ ਗੁਰੂਦਵਾਰਾ, 22821 ਸਿਲਵਰਬਰੂਕ ਸੈਂਟਰ ਡਰਾਈਵ, ਸਟਰਲਿੰਗ, ਵਰਜੀਨੀਆ-20166, 5 ਤੋਂ 7 ਵਜੇ ਸ਼ਾਮ ਨੂੰ ਹੋਵੇਗੀ। ਪਰਿਵਾਰ ਨਾਲ ਹੇਠ ਲਿਖੇ ਨੰਬਰਾਂ ਤੇ ਸੰਪਰਕ ਕੀਤਾ ਜਾ ਸਕਦਾ ਹੈ- 703- 314-3955, 703-314- 3632

# ਮਈ 'ਚ ਰਾਜ ਦੀਆਂ ਗੱਲਾਂ ਲੈ ਕੇ ਆ ਰਿਹਾ ਹੈ ਕੈਨੇਡਾ ਦਾ ਲੋਕ ਗਾਇਕ ਹਰਪ੍ਰੀਤ ਰੰਧਾਵਾ



**ਨਿਊਯਾਰਕ (ਰਾਜ ਗੋਗਨਾ)—** ਉੱਚੀਆ ਹੇਕਾਂ ਲਾ ਕੇ ਹਿੱਕ ਦੇ ਜ਼ੋਰ ਨਾਲ ਸੱਚ ਨੂੰ ਬਿਆਨ ਕਰਨ ਵਾਲੇ ਹਰਪ੍ਰੀਤ ਰੰਧਾਵਾ ਨੇ ਅੱਤਵਾਦੀ ਗੀਤ ਤੋਂ ਬਾਅਦ ਜੱਸ ਸੰਘਾ ਨਾਲ ਇਕ ਹਕੀਕੀ ਸੱਚ ਜਾਣੀ ਅੰਦਰੂਨੀ ਸੱਚ ਲੋਕ ਕਚਹਿਰੀ ਵਿੱਚ ਲਿਆ ਰਹੇ ਹਨ ਜਿਸ ਨੂੰ ਕਲਮਬੱਧ ਕੀਤਾ ਹੈ ਸਾਹਿਬ ਢਿੱਲੋ ਨੇ ਅਤੇ ਸੰਗੀਤ ਨਾਲ ਸਿਗਾਰਿਆਂ ਹੈ ਬਬਲੂ ਸਨਿਆਲ ਨੇ ਇਸ ਸੱਚ ਦਾ ਨਾਮ ਹੈ ਰਾਜ ਦੀਆ ਗੱਲਾਂ, ਇਹ ਰਾਜ ਦੀਆ ਗੱਲਾਂ ਪਰਿਵਾਰਾਂ ਵਿੱਚ ਬੈਠ ਕੇ ਸੁਨਣ ਤੇ ਵਿਚਾਰਨ ਵਾਲੀਆ ਹਨ ਹਰਪ੍ਰੀਤ ਤੇ ਜੱਸ ਸੰਘਾ ਨੇ ਇਹ ਗੱਲਾਂ ਕਵਾਲੀ ਦੇ ਰੂਪ ਵਿੱਚ ਬਹੁਤ ਹੀ ਵਧੀਆ ਤੇ ਨਿਰਾਲੇ ਢੰਗ ਨਾਲ ਪੇਸ ਕੀਤੀਆ ਹਨ ਆਸ ਹੈ ਕੇ ਇਨਾ ਰਾਜ ਦੀਆ ਗੱਲਾਂ ਨੂੰ ਵੀ ਲੋਕਾਂ ਵੱਲੋਂ ਪੂਰਾ ਪਿਆਰ ਮਿਲੇਗਾ ਅਤੇ ਇਹ ਵੀ ਹਰ ਜ਼ੁਬਾਨ ਉਤੇ ਅੱਤਵਾਦੀ ਗੀਤ ਵਾਂਗ ਹੀ ਇਹਨਾਂ ਕਲਾਕਾਰਾਂ ਦਾ ਕਹਿਣਾ ਹੈ ਕਿ ਇਹ ਜੋ ਗਾਇਕੀ ਦੀ ਦਾਤ ਮਾਲਕ ਨੇ ਅਸਾਂ ਨੂੰ ਬਖ਼ਸ਼ੀ ਹੈ ਸਮੇਂ ਸਮੇਂ ਦੇ ਨਾਲ ਵਧੀਆ ਤੇ ਪਰਿਵਾਰਾਂ ਵਿੱਚ ਬੈਠ ਕੇ ਸੁਨਣ ਵਾਲੀ ਸਾਫ਼ ਸੁਥਰੀ ਗਾਇਕੀ ਨਾਲ ਸਮਾਜ ਦੀ ਸੇਵਾ ਕਰਦੇ ਰਹਾਂਗੇ

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
6930 65TH STREET # 115 SACRAMENTO CA 95823

Sandeep Jony Bagga

ਦੇਸ਼ ਦੁਆਬਾ

# ਭਾਰਤ ਅਤੇ ਚੀਨ ਵੱਲੋਂ ਸ਼ਾਂਤੀ ਲਈ ਕੋਸ਼ਿਸ਼

ਭਾਰਤ ਅਤੇ ਚੀਨ ਆਪਸ ਵਿਚ ਹਾਲਾਂਕਿ ਮੁਕਾਬਲੇ ਵਿਚ ਸ਼ੁਰੂ ਤੋਂ ਦੇਖਦੇ ਆਏ ਹਨ, ਪਰ ਇਸ ਦੇ ਬਾਵਜੂਦ ਦੋਵੇਂ ਮੁਲਕਾਂ ਵਿਚਕਾਰ ਫੌਜੀ ਟਕਰਾਅ ਦਾ ਇਤਿਹਾਸ ਬਹੁਤ ਘੱਟ ਰਿਹਾ ਹੈ। ਸਦੀਆਂ ਤੋਂ ਭਾਰਤ ਅਤੇ ਚੀਨ ਦੀ ਅਰਥ ਵਿਵਸਥਾ ਦਾ ਆਪਸ ਵਿਚ ਟਾਕਰਾ ਰਿਹਾ ਹੈ। ਭਾਰਤ ਅਤੇ ਚੀਨ ਵਿਚਕਾਰ ਆਪਸੀ ਸਬੰਧ ਸਿੰਧੂ ਘਾਟੀ ਦੀ ਸਭਿਅਤਾ ਤੋਂ ਆਰੰਭ ਹੋ ਕੇ ਨਾਲੰਦਾ ਅਤੇ ਤਕਸ਼ਿਲਾ ਯੂਨੀਵਰਸਿਟੀਆਂ ਵਿਚ ਚੀਨੀ ਵਿਦਿਆਥੀਆਂ ਦੇ ਪੜ੍ਹਨ ਲਈ ਆਉਣ ਤੱਕ ਹੈ। ਅੱਜ ਤੋਂ ਇਕ ਹਜ਼ਾਰ ਸਾਲ ਪਹਿਲਾਂ ਭਾਰਤੀ ਅਰਥਚਾਰਾ ਚੀਨ ਤੋਂ ਅੱਗੇ ਹੁੰਦਾ ਸੀ। ਇਸ ਤੋਂ ਬਾਅਦ ਭਾਰਤ ਤੇ ਵਿਦੇਸ਼ੀ ਹਮਲਾਵਰਾਂ ਦੇ ਹਮਲੇ ਹੋਣ ਲੱਗੇ ਅਤੇ ਭਾਰਤ ਕਮਜ਼ੋਰ ਪੈਂਦਾ ਚਲਿਆ ਗਿਆ। ਅਜਿਹੇ ਹੀ ਉਤਾਰ-ਚੜ੍ਹਾਅ ਚੀਨ ਨੇ ਵੀ ਦੇਖੇ ਹਨ। ਚੀਨ ਵਿਚ ਕਮਿਊਨਿਸਟ ਕ੍ਰਾਂਤੀ ਤੋਂ ਬਾਅਦ ਭਾਰਤ ਦੁਆਰਾ ਅਪਣਾਇਆ ਗਿਆ ਲੋਕਤੰਤਰ ਇਕ ਵਾਰ ਫਿਰ ਚੀਨ ਅਤੇ ਭਾਰਤ ਵਿਚਕਾਰ ਟਕਰਾਅ ਦਾ ਕਾਰਨ ਬਣਿਆ। ਇਹੀ ਕਾਰਨ 1962 ਦੀ ਜੰਗ ਦਾ ਕਾਰਨ ਬਣਿਆ। ਹਾਲਾਂਕਿ ਉਸ ਵਕਤ ਭਾਰਤ ਇੰਨਾ ਕਮਜ਼ੋਰ ਸੀ ਕਿ ਵਿਦੇਸ਼ੀ ਗੁਲਾਮੀ ਕਾਰਨ ਬੁਰੀ ਤਰ੍ਹਾਂ ਲੁੱਟਿਆ-ਪੁੱਟਿਆ ਪਿਆ ਸੀ ਅਤੇ ਸੰਭਲਣ ਦੀ ਕੋਸ਼ਿਸ਼ ਕਰ ਰਿਹਾ ਸੀ। ਪਰ ਚੀਨ ਦੇ ਨਾਲ-ਨਾਲ ਭਾਰਤ ਨੇ ਫਿਰ ਆਪਣੇ ਪੈਰਾਂ ਸਿਰ ਖੜ੍ਹਾ ਹੋਣ ਦੀ ਕੋਸ਼ਿਸ਼ ਨੂੰ ਤੇਜ਼ ਕੀਤਾ ਅਤੇ ਬਹੁਤ ਜਲਦੀ ਆਪਣੇ ਪੈਰਾਂ ਤੇ ਖੜ੍ਹਾ ਹੋ ਗਿਆ। ਅੱਜ ਭਾਰਤ ਹਿੰਦ ਮਹਾਸਾਗਰ ਵਿਚ ਇਕ ਵੱਡੀ ਮਹਾਂਸ਼ਕਤੀ ਵਜੋਂ ਦੇਖਿਆ ਜਾ ਰਿਹਾ ਹੈ ਅਤੇ ਚੀਨ ਦੀਆਂ ਵਧਦੀਆਂ ਜ਼ਿਆਦਤੀਆਂ ਕਾਰਨ ਰਣਨੀਤਿਕ ਪੱਖੋਂ ਅੱਜ ਦੁਨੀਆਂ ਭਾਰਤ ਵੱਲ ਦੇਖ ਰਹੀ ਹੈ। ਪਰ ਇਸ ਦਾ ਇਹ ਮਤਲਬ ਨਹੀਂ ਕਿ ਭਾਰਤ ਚੀਨ ਨਾਲ ਕੋਈ ਜੰਗ ਲੜੇ। ਚੀਨ ਦੇ ਲਈ ਵੀ ਅਜਿਹਾ ਉਚਿਤ ਨਹੀਂ ਹੈ ਕਿਉਂਕਿ ਭਾਰਤ ਨਾਲ ਜੰਗ ਲੜ ਕੇ ਉਸ ਨੂੰ ਇੰਨਾ ਜ਼ਿਆਦਾ ਨੁਕਸਾਨ ਹੋਵੇਗਾ ਕਿ ਪਿਛਲੇ 70 ਸਾਲਾਂ ਦੀ ਉਸ ਦੀ ਮਿਹਨਤ ਤੇ ਪਾਣੀ ਫਿਰ ਜਾਵੇਗਾ। ਅਜਿਹਾ ਵੀ ਹੋ ਸਕਦਾ ਹੈ ਕਿ ਦੋਵੇਂ ਮੁਲਕ ਬਰਬਾਦ ਹੋ ਜਾਣ ਅਤੇ ਫਿਰ ਦੁਬਾਰਾ 14ਵੀਂ 15ਵੀਂ ਸਦੀ ਵਾਲੀ ਬਦਹਾਲੀ ਵਿਚ ਚਲੇ ਜਾਣ। ਇਹੀ ਇਕ ਕਾਰਨ ਹੈ ਜੋ ਵਾਰ-ਵਾਰ ਦੋਵੇਂ ਮੁਲਕਾਂ ਨੂੰ ਇਕ ਦੂਜੇ ਦੇ ਨੇੜੇ ਲਿਆ ਰਿਹਾ ਹੈ।

ਹਾਲ ਹੀ ਵਿਚ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਚੀਨ ਦੇ ਵੂਹਾਨ ਸ਼ਹਿਰ ਦਾ ਦੌਰਾ ਕੀਤਾ ਅਤੇ ਇਕ ਵਾਰ ਫਿਰ ਚੀਨ ਨਾਲ ਮਿਲਕੇ ਅੱਗੇ ਵਧਣ ਦਾ ਤਹੱਈਆ ਕੀਤਾ। ਹਾਲਾਂਕਿ ਤਣਾਅ ਅਤੇ ਟਕਰਾਅ ਨੂੰ ਘਟਾਉਣ ਦੀ ਇਹ ਕੋਸ਼ਿਸ਼ ਸ਼ਲਾਘਾਯੋਗ ਹੈ ਪਰ ਇਸ ਦਾ ਇਹ ਮਤਲਬ ਬਿਲਕੁਲ ਨਹੀਂ ਕਿ ਚੀਨ ਅਤੇ ਭਾਰਤ ਇਥ ਦੂਜੇ ਨਾਲ ਮਿਲ ਗਏ ਹਨ।ਇਹਨਾਂ ਦੋਵੇਂ ਮੁਲਕਾਂ ਵਿਚਕਾਰ ਮੁਕਾਬਲਾ ਘਟੇਗਾ ਨਹੀਂ ਬਲਕਿ ਹੋਰ ਵਧੇਗਾ ਪਰ ਅੱਜ ਦੀ ਦੁਨੀਆਂ ਜੰਗਾਂ-ਯੁੱਧਾਂ ਨਾਲ ਆਪਣੇ ਮਕਸਦ ਹੱਲ ਕਰਨ ਵਾਲੀ ਨਹੀਂ ਹੈ, ਬਲਕਿ ਅਰਥਚਾਰੇ ਦੀ ਲੜਾਈ ਬਣ ਗਈ ਹੈ। ਇਸ ਵਿਚ ਭਾਰਤ ਅਤੇ ਚੀਨ ਦਾ ਮੁਕਾਬਲਾ ਨਿਰੰਤਰ ਰਹੇਗਾ। ਹਾਲ ਹੀ ਵਿਚ ਵਿਸ਼ਵ ਦੀਆਂ ਕਈ ਅਹਿਮ ਆਰਥਿਕ ਸਰਵੇਖਣ ਸੰਸਥਾਵਾਂ ਨੇ ਭਾਰਤ ਦੇ ਅਰਥਚਾਰੇ ਬਾਰੇ ਜੋ ਭਵਿੱਖਬਾਣੀਆਂ ਕੀਤੀਆਂ ਹਨ, ਜਾਹਿਰ ਹੈ ਚੀਨ ਉਹਨਾਂ ਨੂੰ ਦੇਖਦਿਆਂ ਭਾਰਤ ਨਾਲ ਉਲਝਣਾ ਨਹੀਂ ਚਾਹੇਗਾ ਅਤੇ ਭਾਰਤ ਲਈ ਵੀ ਇਹੀ ਉਚਿਤ ਹੈ ਕਿ ਉਹ ਚੀਨ ਵਰਗੇ ਵੱਡੇ ਮੁਲਕ ਨਾਲ ਉਲਝਣ ਦੀ ਬਜਾਏ ਆਪਣਾ ਘਰ ਪਹਿਲਾਂ ਸੰਵਾਰੇ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥ (ਗੁਰੂ ਗ੍ਰੰਥ ਸਾਹਿਬ)

ਲੜੀ ਨੰਬਰ-66

## ਗੁਰਬਾਣੀ ਚਾਨਣ ਚ ਹਉਮੈ



ਅਵਤਾਰ ਸਿੰਘ ਮਿਸ਼ਨਰੀ
510-432-5827

ਹਉਮੈ ਦੋ ਅੱਖਰਾਂ ਦਾ ਜੋੜ ਹੈ ਹਉ ਅਤੇ ਮੈਂ ਅਤੇ ਇਹ ਸੰਸਕ੍ਰਿਤ ਦਾ ਸ਼ਬਦ ਹੈ। ਹਉਂ ਦਾ ਅਰਥ ਵੀ ਮੈਂ ਹੈ। ਸੋ ਹਉਮੈ ਦਾ ਅਰਥ ਮੈਂ ਮੈਂ ਹੋ ਗਿਆ। ਮੈਂ ਮੇਰੀ, ਅਹੰਕਾਰ, ਅਭਿਮਾਨ। ਅਹੰਮਤਿ ਭਾਵ ਰੂਹਾਨੀ ਅਗਿਆਨ, ਮੈਂ ਪੁਨੇ ਦਾ ਭਾਵ ਜੋ ਅੰਦਰ ਸਥੂਲ ਰੂਪ ਧਾਰ ਲਵੇ। "ਮੈਂ" ਜਦ "ਮੈਂ ਨਹੀ" ਵੱਲ ਜਾਂਦੀ ਤਾਂ ਆਪਾ ਨਿ-ਵਾਰਦੀ ਹੈ। "ਮੈਂ" ਜਦ "ਹਉ" ਵੱਲ ਝੁਕਦੀ "ਹਉਂ ਹਉਂ" ਦ੍ਰਿੜ੍ਹ ਹੋ ਜਾਂਦੀ ਤਦ ਆਪਾ ਦ੍ਰਿੜ੍ਹ ਕਰਦੀ ਹੈ। ਇਸ ਭਾਵ ਤੋਂ ਮੋਹ ਮਾਇਆ ਵਿੱਚ ਫਸਦੀ ਹੈ ਇਹ ਹਉਮੈ ਹੈ-ਹਉਮੈ ਦੀਰਘ ਰੋਗੁ ਹੈ (੪੬੬) ਅੰਤਰਿ ਹਉਮੈ ਕੰਡਾ ਹੇ॥(੧੩)

ਡਾ. ਹਰਜਿੰਦਰ ਸਿੰਘ ਦਿਲਗੀਰ ਲਿਖਦੇ ਹਨ ਕਿ ਸਿੱਖ ਫਲਸਫੇ ਮੁਤ-ਾਬਿਕ ਹਉਮੈ ਜੋ ਰੱਬ ਅਤੇ ਇਨਸਾਨ ਵਿਚਕਾਰ ਰੁਕਾਵਟ ਬਣੀ ਰਹਿੰਦੀ ਹੈ। ਹਉਮੈ ਵਾਲਾ ਇਨਸਾਨ ਰੱਬ ਨੂੰ ਵੀ ਦੂਜੇ ਥਾਂ ਰੱਖਦਾ ਅਤੇ ਉਹ ਕੁਦਰਤ, ਇਨਸਾਨੀਅਤ ਅਤੇ ਰੱਬ ਨਾਲ ਪਿਆਰ ਨਹੀਂ ਕਰ ਸਕਦਾ ਕਿਉਂਕਿ ਪਿਆਰ ਕਰਨ ਵਾਸਤੇ ਕੁਰਬਾਨੀ ਦਾ ਜਜ਼ਬਾ ਹੋਣਾ ਚਾਹੀਦਾ ਹੈ ਪਰ ਹਉਮੈ ਵਾਲੇ ਨੂੰ ਖੁਦ ਤੋਂ ਸਿਵਾ ਹੋਰ ਕੁਝ ਅਹਿਮ, ਵੱਡਾ, ਚੰਗਾ ਨਜ਼ਰ ਨਹੀਂ ਆਉਂਦਾ।

ਗੁਰੂ ਨਾਨਕ ਸਾਹਿਬ ਆਸਾ ਕੀ ਵਾਰ ਚ ਦਰਸਾਉਂਦੇ ਹਨ ਕਿ-ਹਉ ਵਿਚਿ ਆਇਆ ਹਉ ਵਿਚਿ ਗਇਆ॥ ਹਉ ਵਿਚਿ ਜੰਮਿਆ ਹਉ ਵਿਚਿ ਮੂਆ॥ ਹਉ ਵਿਚਿ ਦਿਤਾ ਹਉ ਵਿਚਿ ਲਇਆ॥ ਹਉ ਵਿਚਿ ਖਟਿਆ ਹਉ ਵਿਚਿ ਗਇਆ॥ ਹਉ ਵਿਚਿ ਸਚਿਆਰੁ ਕੂੜਿਆਰੁ॥ ਹਉ ਵਿਚਿ ਪਾਪ ਪੁੰਨ ਵੀਚਾਰੁ॥ ....॥ ਇਹ ਸਾਰਾ ਸ਼ਬਦ ਵਿਸਥਾਰ ਨਾਲ ਹਉਮੈ ਦੀ ਵਿਆਖਿਆ ਹੈ ਪਰ ਅਖੀਰ ਤੇ ਫੁਰਮਾਂਦੇ ਹਨ ਕਿ ਜੇ ਇਨਸਾਨ ਹਉਮੈ ਨੂੰ ਬੁੱਝ ਲਵੇ ਉਸ ਨੂੰ ਹੀ ਮਾਲਕ ਦੇ ਦਰ ਦੀ ਸੋਝੀ ਹੋ ਸਕਦੀ ਹੈ-ਹਉਮੈ ਬੂਝੈ ਤਾ ਦਰ ਸੂਝੈ॥(੪੬੬)

ਦੁਨੀਆਂ ਵਿੱਚ ਜਿਤਨੇ ਵੀ ਸਰੀਰਕ ਅਤੇ ਮਾਨਸਿਕ ਰੋਗ ਹਨ ਹਉਮੈ ਸਭ ਨਾਲੋਂ ਵੱਡਾ ਤੇ ਦੀਰਘ (ਲੰਬਾ) ਰੋਗ ਹੈ ਪਰ ਇਹ ਲਾਇਲਾਜ਼ ਨਹੀ-ਹਉਮੈ ਦੀਰਘੁ ਰੋਗੁ ਹੈ ਦਾਰੂ ਭੀ ਇਸ ਮਾਹਿ॥ ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ॥ ਨਾਨਕ ਕਹੈ ਸੁਨਹੁ ਜਨਹੁ ਇਤੁ ਸੰਜਮਿ ਦੁਖ ਜਾਹਿ॥(੪੬੬) ਜਦ ਇਨਸਾਨ ਰੱਬ ਦੀ ਪੈਦਾ ਕੀਤੀ ਹਉਮੈ ਨੂੰ ਸਮਝ ਜਾਂਦਾ ਤਾਂ ਉਸ ਅਤੇ ਇਨਸਾਨ ਵਿੱਚ ਦਾ ਫਾਂਸਲਾ ਖਤਮ ਹੋ ਜਾਂਦਾ ਹੈ। ਜਦ ਇਨਸਾਨ ਕਰਤੇ ਦੇ ਹੁਕਮ ਚ ਰਹਿ ਕੇ ਜੀਣ ਦੀ ਕੋਸ਼ਿਸ਼ ਕਰਦਾ ਹੈ ਤਾਂ ਹਉਮੈ ਖਤਮ ਹੋ ਜਾਂਦੀ ਹੈ। ਹਉਮੈ ਕੂੜ ਦਾ ਪਰਦਾ ਹੈ ਜੋ ਰੱਬ ਦੀ ਬਜਾਏ ਆਪਣੇ ਮਨ ਦੀ ਅਵਾਜ਼ ਨੂੰ ਸੁਣਨ ਨਾਲ ਪੈਦਾ ਹੁੰਦੀ ਹੈ। ਹਉਮੈ ਮੁਕਤੀ ਮਾਰਗ ਚ ਸਭ ਤੋਂ ਵੱਡੀ ਰੁਕਾਵਟ ਹੈ। ਨਾਮ ਦਾ ਤੇ ਹਉਮੈ ਦਾ ਆਪਸੀ ਵਿਰੋਧ ਹੈ ਜਿੱਥੇ ਨਾਮ ਓਥੇ ਹਉਮੈ ਨਹੀ ਤੇ ਜਿੱਥੇ ਹਉਮੈ ਓਥੇ ਨਾਮ ਨਹੀ ਵੱਸ ਸਕਦਾ-ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਂਇ॥ (੫੬੦)

ਹਉਮੈ ਨੂੰ ਮਾਰਨ ਤੋਂ ਬਿਨਾ ਰੱਬੀ ਭਗਤੀ ਵੀ ਨਹੀਂ ਹੋ ਸਕਦੀ-ਇਸ ਮਾਰੀ ਬਿਨੁ ਭਗਤਿ ਨ ਹੋਈ॥(ਗੁਰੂ ਗ੍ਰੰਥ) ਹਉਮੈ ਨੂੰ ਮਾਰਨ ਤੋਂ ਭਾਵ ਬੁਰੇ ਵਿਚਾਰਾਂ ਤੇ ਖਿਆਲਾਂ ਦਾ ਖਤਮ ਕਰਨਾ ਹੈ। ਇਹ ਸ਼ਬਦ ਨਾਲ ਹੀ ਮਾਰੀ ਤੇ ਨਿਵਾਰੀ ਜਾ ਸਕਦੀ ਹੈ-ਹਉਮੈ ਮਾਰੇ ਸਬਦਿ ਨਿਵਾਰੇ॥ ਹਰਿ ਕਾ ਨਾਮੁ ਰਖੈ ਉਰਿ ਧਾਰੇ॥(੧੦੪੬) ਹਉਮੈ ਇੱਕ ਜ਼ਹਿਰ ਵੀ ਹੈ ਜਿਸ ਨੂੰ ਗੁਰ ਸ਼ਬਦ ਨਾਲ ਹੀ ਖਤਮ ਕੀਤਾ ਜਾ ਸਕਦਾ ਹੈ-ਹਉਮੈ ਬਿਖੁ ਮਨੁ ਮੋਹਿਆ ਲਦਿਆ ਅਜਗਰ ਭਾਰੀ॥ ਗਰੜੁ ਸਬਦੁ ਮੁਖਿ ਪਾਇਆ ਹਉਮੈ ਬਿਖੁ ਹਰਿ ਮਾਰੀ॥(੧੨੬੦) ਹਉਮੈ ਅੰਦਰਲੀ ਮੈਲ ਨਾਲ ਅੰਤਰਸ਼ਕਰਣ ਮੈਲਾ ਹੋ ਜਾਂਦਾ ਹੈ ਜੋ ਸ਼ਬਦ ਤੋਂ ਬਿਨਾ ਧੁਪ ਨਹੀਂ ਸਕਦਾ-ਹਉਮੈ ਅੰਤਰਿ ਮੈਲੁ ਹੈ ਸਬਦਿ ਨ ਕਾਢਹਿ ਧੋਇ॥ ਨਾਨਕ ਬਿਨੁ ਨਾਵੈ ਮੈ-ਲਿਆ ਮੁਏ ਜਨਮੁ ਪਦਾਰਥੁ ਖੋਇ॥(੪੧੫)

ਹੰਕਾਰੀ ਮਨੁੱਖ ਬਾਂਸ ਵਰਗਾ ਹੁੰਦਾ ਹੈ ਜੋ ਚੰਦਨ ਦੇ ਨੇੜੇ ਵੱਸ ਕੇ ਵੀ ਖੁਸ਼ਬੋ ਧਾਰਨ ਨਹੀਂ ਕਰਦਾ-ਕਬੀਰ ਬਾਂਸ ਬਡਾਈ ਬੂਡਿਆ ਇਉ ਮਤ ਬੂਡਹੁ ਕੋਇ॥ ਚੰਦਨਕੈ ਨਿਕਟੈ ਬਸੈ ਬਾਂਸ ਸੁਗੰਧੁ ਨ ਹੋਇ॥੧੨॥ ਕਬੀਰ ਸਾਹਿਬ ਫੁਰਮਾਂਦੇ ਹਨ ਕਿ ਗਰਬ ਕਰਕੇ ਗਰੀਬਾਂ ਤੇ ਹੱਸਣਾ ਨਹੀਂ ਚਾਹੀਦਾ ਕਿਉਂਕਿ ਅਜੇ ਜੀਵਨ ਦੀ ਬੇੜੀ ਸੰਸਾਰ ਸਮੁੰਦਰ ਵਿੱਚ ਹੈ ਪਤਾ ਨਹੀਂ ਕੀ ਹੋਣਾ ਹੈ-ਕਬੀਰ ਗਰਬੁ ਨ ਕੀਜੀਐ ਰੰਕੁ ਨ ਹਸੀਐ ਕੋਇ॥ ਅਜਹੁ ਸੁ ਨਾਉ ਸਮੁੰਦ੍ਰ ਮਹਿ ਕਿਆ ਜਾਨਉ ਕਿਆ ਹੋਇ॥੩੯॥ ਇਕੱਲੀ ਮਾਇਆ ਤਿਆਗਣ ਦਾ ਕੀ ਫਾਇਦਾ ਜੇ ਮਾਨ ਨਹੀਂ ਛੱਡਿਆ ਜਿਸ ਨੇ ਵੱਡੇ ਵੱਡੇ ਮੁਨੀਆਂ ਨੂੰ ਵੀ ਖਾ ਲਿਆ-ਕਬੀਰ ਮਾਇਆ ਤਜੀ ਤ ਕਿਆ ਭਇਆ ਜਉ ਮਾਨੁ ਤਜਿਆ ਨਹੀ ਜਾਇ॥ ਮਾਨ ਮੁਨੀ ਮੁਨਵਰ ਗਲੇ ਮਾਨੁ ਸਭੈ ਕਉ ਖਾਇ॥੧੫੬॥

ਤੀਰਥ ਯਾਤਰਾ, ਚੰਗੇ ਕਰਮ ਤੇ ਪੁੰਨ ਦਾਨ ਕੀਤੇ ਨਿਹਫਲ ਹਨ ਜੇ ਹਉਮੈ ਹੰਕਾਰ ਨਹੀਂ ਗਿਆ। ਇਹ ਸਭ ਕੁਝ ਹਾਥੀ ਦੇ ਇਸ਼ਨਾਨ ਵਰਗਾ ਹੈ ਜੋ ਨਹਾ ਕੇ ਫਿਰ ਖੇਹ ਮਿਟੀ ਚ ਲੇਟਦਾ ਹੈ-ਤੀਰਥ ਬਰਤ ਅਰ ਦਾਨ ਕਰਿ ਮਨ ਮੈ ਧਰੈ ਗੁਮਾਨੁ॥ ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸ਼ਨਾਨੁ॥੪੬॥(੧੪੨੮) ਸੋ ਹਉਮੈ ਤੋਂ ਗੁਰੂ ਸ਼ਬਦ ਦੀ ਕਮਾਈ ਕਰਕੇ ਹੀ ਬਚਿਆ ਜਾ ਸਕਦਾ ਹੈ। ਕਮਾਈ ਤੋਂ ਭਾਵ ਕਮਾਉਣਾ ਭਾਵ ਗੁਰੂ ਗਿਆਨ ਤੇ ਚੱਲਣਾ ਹੈ।

# ਸ਼ਬਦਾਂ ਦੀ ਸ਼ਕਤੀ



ਮੇਘ ਰਾਜ ਮਿੱਤਰ

ਲਗਭਗ ਇਕ ਦਹਾਕਾ ਪਹਿਲਾ ਦੀ ਗੱਲ ਹੈ। ਇੱਕ ਅਧਿਆਪਕਾ ਦੇ ਨੌਜਵਾਨ ਪੁੱਤਰ ਦੀ ਮੌਤ ਬਿਜਲੀ ਦੇ ਕਰੰਟ ਲੱਗਣ ਨਾਲ ਹੋ ਗਈ। ਕਿਸੇ ਸਿਆਣੇ ਦੇ ਕੁਝ ਮੰਤਰਾਂ ਦੇ ਜਾਪ ਨਾਲ ਉਸਦੀ ਮ੍ਰਿਤਕ ਦੇਹ ਨੂੰ ਮਿੱਟੀ ਵਿੱਚ ਦੱਬ ਦਿੱਤਾ ਗਿਆ। ਘਟਨਾ ਸਮੇਂ ਹਾਜ਼ਰ ਵਿਅਕਤੀਆਂ ਵਿੱਚੋਂ ਬਹੁਤਿਆਂ ਦਾ ਦਾਅਵਾ ਸੀ ਕਿ ਮੰਤਰਾਂ ਦੇ ਪ੍ਰਭਾਵ ਨਾਲ ਮਿੱਟੀ ਵਿੱਚ ਦੱਬਿਆ ਨੌਜਵਾਨ ਪ੍ਰਮਾਤਮਾ ਦਾ ਨਾਮ ਜਪਦਾ ਹੋਇਆ ਉੱਠ ਖੜ੍ਹਾ ਹੋਵੇਗਾ। ਉਹ ਅਧਿਆਪਕਾ ਕਿਸੇ ਸਮੇਂ ਮੇਰੇ ਨਾਲ ਹੀ ਸਕੂਲ ਵਿੱਚ ਪੜ੍ਹਾਉਂਦੀ ਰਹੀ ਸੀ ਤੇ ਮੈਂ ਵੀ ਅਜਿਹਾ ਚਾਹੁੰਦਾ ਸਾਂ ਕਿ ਅਜਿਹਾ ਵਾਪਰ ਜਾਵੇ। ਉਸਦਾ ਨੌਜਵਾਨ ਪੁੱਤਰ ਮੁੜ ਆਵੇ ਪਰ ਸਭ ਕੁਝ ਤਾਂ ਚਾਹੁਣ ਨਾਲ ਨਹੀਂ ਹੁੰਦਾ। ਕਈ ਵਾਰ ਜ਼ਮੀਨੀ ਹਕੀਕਤਾਂ ਕੁਝ ਹੋਰ ਹੁੰਦੀਆਂ ਨੇ।

ਬੜੇ ਦਾਅਵੇ ਕੀਤੇ ਜਾਂਦੇ ਨੇ ਕਿ ਗੁਰਬਾਣੀ ਦੇ ਕੁਝ ਸ਼ਬਦ ਸੁਣਨ ਜਾਂ ਸੁਣਾਉਣ ਨਾਲ ਕੈਂਸਰ ਦੇ ਮਰੀਜ ਠੀਕ ਹੋ ਜਾਂਦੇ ਨੇ। ਗੀਤਾ ਵਿੱਚੋਂ ਕੁਝ ਸ਼ਲੋਕ ਪੜ੍ਹਨ ਨਾਲ ਟੀ. ਬੀ. ਸਦਾ ਲਈ ਅਲੋਪ ਹੋ ਜਾਂਦੀ ਹੈ। ਕੁਰਾਨ ਦੀ ਆਇਤਾਂ ਵੀ ਕਈਆਂ ਦੀ ਰੀੜ੍ਹ ਦੀ ਹੱਡੀ ਦਾ ਮਣਕਾ ਠੀਕ ਕਰ ਦਿੰਦੀਆਂ ਹਨ। ਬਾਈਬਲ ਵਿੱਚੋਂ ਕੁਝ ਕਹਾਣੀਆਂ ਗੂੰਗਿਆਂ ਤੇ ਲੰਗੜਿਆਂ ਨੂੰ ਤੁਰਨ ਲਾ ਦਿੰਦੀਆਂ ਹਨ। ਅਸੀਂ ਤਰਕਸ਼ੀਲ ਚਾਹੁੰਦੇ ਹਾਂ ਅਜਿਹਾ ਕੁਝ ਵਾਪਰ ਜਾਵੇ। ਹਸਪਤਾਲਾਂ ਦੀ ਲੋੜ ਨਾ ਰਹੇ, ਡਾਕਟਰ ਦਫ਼ਾ ਹੋ ਜਾਣ, ਗਰੀਬ ਲੋਕਾਂ ਦੇ ਘਰ ਇਲਾਜ ਕਾਰਨ ਵਿਕਣੋਂ ਬੰਦ ਹੋ ਜਾਣ। ਮਰੀਜਾਂ ਦੇ ਦੁੱਖ ਦਰਦ ਮਿਟ ਜਾਣ ਪਰ ਅਫ਼ਸੋਸ ਅਜਿਹਾ ਨਹੀਂ ਹੋ ਸਕਦਾ।

ਬਿਮਾਰੀਆਂ ਕਿਸੇ ਕਾਰਨ ਕਰਕੇ ਹੀ ਸਰੀਰ ਨੂੰ ਗ੍ਰਸਤ ਕਰਦੀਆਂ ਹਨ। ਕਈ ਵਾਰ ਇਹ ਕਾਰਨ ਸਰੀਰ ਵਿੱਚ ਕਿਸੇ ਪਦਾਰਥ ਦੀ ਕਮੀ ਹੁੰਦਾ ਹੈ, ਕਈ ਵਾਰ ਕਿਸੇ ਪਦਾਰਥ ਦੀ ਬਹੁਤਾਤ, ਕਈ ਵਾਰ ਕਿਸੇ ਬਾਹਰੀ ਜਰਾਸੀਮ ਦਾ ਹਮਲਾ। ਕੁਝ ਸ਼ਬਦਾਂ ਦਾ ਉਚਾਰਨ ਨਾ ਤਾਂ ਸਰੀਰਕ ਘਾਟ ਨੂੰ ਪੂਰਾ ਕਰ ਸਕਦਾ ਹੈ ਤੇ ਨਾ ਹੀ ਕਿਸੇ ਸਰੀਰਕ ਵਾਧੇ ਨੂੰ ਖਾਰਜ ਕਰ ਸਕਦਾ ਹੈ। ਵਿਚਾਰੇ ਜਰਾਸੀਮਾਂ ਦੇ ਦਿਮਾਗ ਵੀ ਐਨੇ ਵਿਕਸਤ ਨਹੀਂ ਹੁੰਦੇ ਕਿ ਉਹ ਸ਼ਬਦਾਂ ਦੇ ਅਰਥ ਸਮਝ ਸਕਣ। ਸੋ ਬਿਮਾਰੀਆਂ ਨੂੰ ਸ਼ਬਦਾਂ ਰਾਹੀਂ ਸਰੀਰ ਵਿੱਚੋਂ ਬਾਹਰ ਕੱਢਣ ਦੀ ਕਲਾ ਮੇਰੇ ਤਾਂ ਸਮਝ ਤੋਂ ਬਾਹਰ ਹੈ।

ਪਰ ਧਾਰਮਿਕ ਸ਼ਬਦਾਂ ਵਿੱਚ ਇਕ ਕਲਾ ਜ਼ਰੂਰ ਹੈ ਕਿ ਇਸਦਾ ਅਸਰ ਲੋਕਾਂ ਦੀਆਂ ਜੇਬਾਂ ਉੱਤੇ ਜ਼ਰੂਰ ਹੋ ਜਾਂਦਾ ਹੈ। ਮੈਂ ਹਜ਼ਾਰਾਂ ਸ਼ਬਦ ਉਚਾਰਨ ਵਾਲਿਆਂ ਨੂੰ ਜਾਣਦਾ ਹਾਂ ਜੋ ਲੋਕਾਂ ਦੀਆਂ ਜੇਬਾਂ ਵਿੱਚੋਂ ਸ਼ਬਦ ਉਚਾਰਨ ਰਾਹੀਂ ਹੀ ਪੈਸੇ ਕਢਵਾਈ ਜਾਂਦੇ ਹਨ। ਉਹ ਲੋਕਾਂ ਨੂੰ ਸ਼ਬਦਾਂ ਰਾਹੀ ਠੀਕ ਹੋਣ ਵਾਲੇ ਵਿਅਕਤੀਆਂ ਦੀਆਂ ਹਜ਼ਾਰਾਂ ਉਦਾਹਰਣਾਂ ਪੇਸ਼ ਕਰ ਦਿੰਦੇ ਹਨ। ਉਨ੍ਹਾਂ ਨੂੰ ਪਤਾ ਹੈ ਕਿ ਲੋਕਾਂ ਨੇ ਤਾਂ ਇਨ੍ਹਾਂ ਗੱਲਾਂ ਦੀਆਂ ਜਾਂਚਾਂ ਪੜਤਾਲਾਂ ਕਰਨੀਆਂ ਹੀ ਹਨ ਅਤੇ ਨਾ ਹੀ ਉਨ੍ਹਾਂ ਨੇ ਇਹ ਜਾਣਨਾ ਹੈ ਕਿ ਮਰੀਜ ਜਿਸ ਬਿਮਾਰੀ ਦਾ ਦਾਅਵਾ ਕਰਦਾ ਹੈ ਕੀ ਉਸਨੂੰ ਸੱਚੀਉ ਹੀ ਉਹ ਬਿਮਾਰੀ ਸੀ? ਜਾਂ ਜਦੋਂ ਉਸਦੇ ਸ਼ਬਦਾਂ ਰਾਹੀ ਠੀਕ ਹੋਣ ਦਾ ਦਾਅਵਾ ਕੀਤਾ ਜਾਂਦਾ ਹੈ ਉਸ ਤੋਂ ਬਾਅਦ ਬਿਮਾਰੀ ਦੇ ਖਤਮ ਹੋਣ ਦੀ ਪੁਸ਼ਟੀ ਡਾਕਟਰਾਂ ਨੇ ਕੀਤੀ ਸੀ ਜਾਂ ਨਹੀਂ। ਜਾਂ ਉਹ ਬਿਮਾਰੀ ਕੁਝ ਸਮੇਂ ਬਾਅਦ ਆਪਣੇ ਆਪ ਠੀਕ ਹੋਣ ਵਾਲੀ ਤਾਂ ਨਹੀਂ ਸੀ।

ਹੁਣ ਬਾਸੂ ਭਾਰਦਵਾਜ ਦੇ ਕੇਸ ਨੂੰ ਹੀ ਲੈ ਲਈਏ। ਸੂਰਤ ਗੁਜਰਾਤ ਦਾ ਇੱਕ ਸ਼ਹਿਰ ਹੈ। ਇਸ ਸ਼ਹਿਰ ਦੇ ਪੱਤਰਕਾਰ ਨੂੰ ਹੱਡੀਆਂ ਦੇ ਕੈਂਸਰ ਦੀ ਬਿਮਾਰੀ ਸੀ। ਲਗਭਗ ਸਾਢੇ ਤਿੰਨ ਸਾਲ ਬੇਹਤਰੀਨ ਹਸਪਤਾਲਾਂ ਵਿੱਚ ਉਹ ਆਪਣਾ ਇਲਾਜ ਕਰਵਾਉਂਦਾ ਰਿਹਾ। ਆਪਣੇ ਕੁਝ ਰਿਸ਼ਤੇਦਾਰਾਂ ਦੇ ਕਹਿਣ ਤੇ ਆਖਰ ਉਸਨੇ ਆਪਣੇ ਇਲਾਜ ਨੂੰ ਅਲਵਿਦਾ ਕਹਿ ਦਿੱਤੀ ਤੇ 2002 ਵਿਚ ਅੰਮ੍ਰਿਤਸਰ ਆ ਕੇ ਗੁਰਬਾਣੀ ਦਾ ਪਾਠ ਇੱਕ ਦੋ ਦਿਨ ਸੁਣਿਆ। ਕਿਹਾ ਜਾਂਦਾ ਹੈ ਉਹ ਇਸ ਨਾਲ ਠੀਕ ਹੋ ਗਿਆ। ਉਸਦੇ ਸਾਰੇ ਟੈਸਟ ਨਾਰਮਲ ਹੋ ਗਏ। ਇਸ ਘਟਨਾ ਦੇ ਵੇਰਵੇ ਤਾਂ ਸਾਰੇ ਅਖ਼ਬਾਰਾਂ ਵਾਲਿਆਂ ਨੇ ਵੱਡੀਆਂ ਵੱਡੀਆਂ ਸੁਰਖੀਆਂ ਲਾ ਕੇ ਛਾਪ ਦਿੱਤੇ। ਪਰ 2006 ਵਿੱਚ ਉਸਦੀ ਮੌਤ ਜੋ ਉਸੇ ਕੈਂਸਰ ਨਾਲ ਹੋਈ, ਦੀ ਖ਼ਬਰ ਕਿਸੇ ਵੀ ਅਖ਼ਬਾਰ ਨੇ ਨਹੀਂ ਲਾਈ। ਅੱਜ ਸੈਂਕੜੇ ਵੈਬਸਾਈਟਾਂ ਤੇ ਬਾਸੂ ਭਰਦਵਾਜ ਦੇ ਗੁਰਬਾਣੀ ਦੇ ਪਾਠ ਰਾਹੀ ਠੀਕ ਹੋਣ ਦਾ ਕਰਿਸਮਾ ਤਾਂ ਦਰਜ ਹੈ ਪਰ ਕਿਸੇ ਇੱਕ ਤੇ ਵੀ ਉਸਦੀ ਮੌਤ ਦੀ ਪੁਸ਼ਟੀ ਨਹੀਂ ਕੀਤੀ ਗਈ।

ਅਸਲ ਵਿਚ ਅੰਧਵਿਸ਼ਵਾਸ ਫੈਲਾਉਣ ਵਾਲੀਆਂ ਖ਼ਬਰਾਂ ਤਾਂ ਵੱਡੀਆਂ-ਵੱਡੀਆਂ ਸੁਰਖੀਆਂ ਲਾ ਕੇ ਛਾਪੀਆਂ ਜਾਂਦੀਆਂ ਹਨ ਪਰ ਮਿਟਾਉਣ ਵਾਲੀਆਂ ਖ਼ਬਰਾਂ ਸਮੇਂ ਅਖ਼ਬਾਰਾਂ ਵਿੱਚ ਥਾਂ ਦੇਣ ਦੀ ਕੰਜੂਸੀ ਵਰਤ ਲਈ ਜਾਂਦੀ ਹੈ। ਇਹ ਜਾਣ ਬੁੱਝ ਕੇ ਕੀਤਾ ਜਾਂਦਾ ਹੈ ਜਾਂ ਅਣਜਾਣ ਪੁਣੇ ਵਿੱਚ? ਇਹ ਗੱਲ ਕਦੇ ਵੀ ਮੇਰੀ ਸਮਝ ਵਿੱਚ ਨਹੀਂ ਆਈ। ਚਲੋ ਛੱਡੋ ਵੱਡੇ ਆਦਮੀਆਂ ਦੀਆਂ ਵੱਡੀਆਂ ਗੱਲਾਂ।

ਕਿਹਾ ਜਾਂਦਾ ਹੈ ਕਿ ਬੀਜ ਮੰਤਰਾਂ ਰਾਹੀ ਬਿਮਾਰੀਆਂ ਠੀਕ ਕਰਨ ਦੀ ਸਲਾਹ ਦੇਣ ਨਾਲ ਰੋਗੀਆਂ ਦਾ ਕੋਈ ਨੁਕਸਾਨ ਨਹੀਂ ਹੁੰਦਾ। ਕਈ ਵਾਰ ਤਾਂ ਇਹ ਸਲਾਹ ਵੀ ਦੇ ਦਿੱਤੀ ਜਾਂਦੀ ਹੈ ਕਿ ਨਾਲੇ ਤਾਂ ਡਾਕਟਰੀ ਇਲਾਜ ਕਰੀ ਚਲੋ ਨਾਲੇ ਬੀਜ ਮੰਤਰਾਂ ਦਾ ਇਸਤੇਮਾਲ ਕਰੀ ਚਲੋ? ਜੇ ਮਰੀਜ ਠੀਕ ਹੋ ਗਿਆ ਤਾਂ ਠੀਕ ਹੋਣ ਦਾ ਸਿਹਰਾ ਆਪਣੇ ਸਿਰ ਬੰਨ ਲੈਣਾ ਹੈ, ਜੇ ਮਰ ਗਿਆ ਤਾਂ ਘੜਾ ਡਾਕਟਰਾਂ ਦੇ ਸਿਰ ਤੇ ਭੰਨ ਦੇਣਾ ਹੈ। ਸਾਡੇ ਤਾਂ ਦੋਹੇ ਹੱਥੀ ਲੱਡੂ ਹੁੰਦੇ ਹਨ। ਮਰੀਜ ਨੇ ਇਹ ਪਰਖ ਤਾਂ ਕਰਨੀ ਹੀ ਨਹੀਂ ਕਿ ਮੈਨੂੰ ਠੀਕ ਬੀਜ ਮੰਤਰਾਂ ਨੇ ਕੀਤਾ ਹੈ ਜਾਂ ਡਾਕਟਰੀ ਇਲਾਜ ਨੇ?

ਬੀਜ ਮੰਤਰਾਂ ਦੇ ਅਸਰ ਦੇ ਦਾਅਵੇ ਹਜ਼ਾਰਾਂ ਮਰੀਜਾਂ ਦਾ ਇਲਾਜ ਅੱਧ ਵਿਚਾਲੇ ਛੁਡਵਾ ਕੇ ਉਨ੍ਹਾਂ ਨੂੰ ਕਬਰਾਂ ਦੇ ਨੇੜੇ ਲੈ ਜਾਂਦੇ ਹਨ। ਇਸ ਗੱਲ ਦੀ ਪ੍ਰਵਾਹ ਮੇਰੇ ਪਿਆਰੇ ਭਾਰਤ ਵਿੱਚ ਤਾਂ ਕਿਸੇ ਨੂੰ ਵੀ ਨਹੀਂ। ਲੀਡਰਾਂ ਨਾਲ ਗੱਲਾਂ ਕਰੋ ਤਾਂ ਕਹਿਣਗੇ "ਬਥੇਰੀ ਸਤੌਲ ਫਿਰਦੀ ਐ ਇਥੇ ਜੇ 20-30 ਹਜ਼ਾਰ ਮਰ ਵੀ ਜਾਣਗੇ ਤਾਂ ਵੀ ਭਾਰਤ ਨੂੰ ਕੋਈ ਫਰਕ ਨਹੀਂ ਪੈਣਾ।''

ਮੈਂ ਇਹ ਤਾਂ ਨਹੀਂ ਕਹਿ ਸਕਦਾ ਕਿ ਸ਼ਬਦਾਂ ਦਾ ਬੰਦਿਆਂ ਤੇ ਅਸਰ ਮਾਨਸਿਕ ਵੀ ਨਹੀਂ ਹੁੰਦਾ। ਮੈਂ ਅਜਿਹੇ ਅਸਰ ਖੁਦ ਸੁਣੇ ਵੀ ਹਨ ਤੇ ਵੇਖੇ ਵੀ ਹਨ। ਮੇਰੇ

(ਬਾਕੀ ਸਫਾ21 ਤੇ)


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
ਅਦਾਰਾ ਦੇਸ਼ ਦੁਆਰਾ ਇਸ ਅਖਬਾਰ ਵਿਚ ਛਪੇ ਇਸ਼ਤਿਹਾਰਾਂ 'ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# 31ਵੀ ਸਿੱਖ ਡੇਅ ਪਰੇਡ ਨਿਊਯਾਰਕ ਦੇ ਸ਼ਹਿਰ ਮਨਹਾਟਨ ਵਿਖੇ ਹਜ਼ਾਰਾਂ ਦੀ ਗਿਣਤੀ ਸਿੱਖਾਂ ਨੇ ਭਾਗ ਲਿਆ











**ਨਿਊਯਾਰਕ (ਰਾਜ ਗੋਗਨਾ)—** ਹਰ ਸਾਲ ਦੀ ਤਰਾਂ ਇਸ ਸਾਲ ਵੀ 31ਵੀਂ ਸਿੱਖ ਡੇਅ ਪਰੇਡ ਨਿਊਯਾਰਕ ਦੇ ਸ਼ਹਿਰ ਮਨਹਾਟਨ ਵਿਖੇ ਹਜ਼ਾਰਾਂ ਦੀ ਗਿਣਤੀ ਸਿੱਖਾਂ ਨੇ ਭਾਗ ਲਿਆ। ਨਿਊਯਾਰਕ ਦੀ ਸਭ ਤੋ ਵੱਡੀ ਸੰਸਥਾ ਸਿੱਖ ਕਲਚਰਲ ਸੁਸਿਏਟੀ ਅਤੇ ਹੋਰ ਗੁਰੂ ਘਰਾਂ ਦੀਆਂ ਸੰਸਥਾਵਾਂ ਅਤੇ ਸਿੱਖ ਜਥੇਬੰਦੀਆਂ ਦੇ ਸਾਂਝੇ ਉਦਮ ਸਦਕਾ ਕੱਢੀ ਜਾਦੀ ਹੈ। ਜਿਸ ਵਿਚ ਘੱਟ ਗਿਣਤੀਆਂ ਦੇ ਸਿੱਖ ਦੇ ਮੁੱਦੇ ਨੂੰ ਲੈ ਕੇ ਆਪਣੀ ਪਹਿਚਾਣ ਸਬੰਧੀ ਜਾਗਰੂਕਤਾ ਫੈਲਾਉਣ ਸਬੰਧੀ ਕੱਢੀ ਜਾਦੀ ਹੈ। ਇਹ 31ਵੀਂ ਸਿੱਖ ਡੇਅ ਪਰੇਡ ਬੀਤੇ ਦਿਨ ਨਿਊਯਾਰਕ ਦੇ ਮੈਨਹਟਨ ਸ਼ਹਿਰ ਵਿਖੇ ਕੱਢੀ ਗਈ। ਦੇਖਣ ਵਿਚ ਇਓ ਜਾਪਦਾ ਸੀ ਜਿਵੇ ਮੈਨਹਟਨ ਦੀਆਂ ਸੜਕਾਂ ਤੇ ਦਸਤਾਰਾਂ ਵਾਲਿਆਂ ਦਾ ਹੜ ਆਇਆ ਹੋਵੇ, ਬੱਚਿਆਂ ਤੋਂ ਲੈਕੇ ਬਜ਼ੁਰਗਾਂ ਤਕ ਹਰ ਇਕ ਸ਼ਖਸ਼ ਜੋਸ਼ ਨਾਲ ਭਰਿਆ ਹੋਇਆ ਸੀ। ਇੱਥੇ ਦੱਸ ਦੇਈਏ ਕਿ ਇਹ ਸਿੱਖ ਡੇਅ ਪਰੇਡ ਖਾਲਸੇ ਦੇ ਸਾਜਨਾ ਦਿਵਸ ਨੂੰ ਸਮਰਪਿਤ ਸੀ, ਜਿਸ 'ਚ ਅਮਰੀਕਾ ਦੇ ਦੂਜੇ ਸੂਬਿਆਂ ਤੋਂ ਵੀ ਸੰਗਤ ਪੁੱਜੀ। ਪਰੇਡ ਵਿਚ ਗਾਉਣ ਬਜਾਉਣ ਦਾ ਖਾਸ ਇੰਤਜ਼ਾਮ ਕੀਤਾ ਗਿਆ ਅਤੇ ਗਤਕੇ ਦੇ ਜੌਹਰ ਵੀ ਦੇਖਣ ਨੂੰ ਮਿਲੇ। ਨਿਊਯਾਰਕ ਦੇ ਪੁਲਿਸ ਕਮਿਸ਼ਨਰ ਜੇਮਸ ਓ ਨੀਲ ਅਤੇ ਹੋਬੋਕੇਨ ਦੇ ਮੇਅਰ ਸ: ਰਵਿੰਦਰ ਸਿੰਘ ਭੱਲਾ ਨੇ ਪਰੇਡ 'ਚ ਹਿੱਸਾ ਲਿਆ। ਨਿਊਯੌਰਕ ਦੇ ਪੁਲਿਸ ਕਮਿਸ਼ਨਰ ਨੇ ਕਿਹਾ ਕਿ ਇਸ ਪਰੇਡ ਦਾ ਹਿੱਸਾ ਬਣਕੇ ਉਹ ਬਹੁਤ ਮਾਣ ਮਹਿਸੂਸ ਕਰ ਰਹੇ ਨੇ। ਓਹਨਾ ਕਿਹਾ ਕਿ ਜਿਵੇ ਸਾਡੇ ਸ਼ਹਿਰ ਦੀ ਅਬਾਦੀ ਵਿਚ ਵਿਭਿਨਤਾ ਹੈ ਓਵੇ ਹੀ ਅਸੀਂ ਅਪਣੇ ਪੁਲਿਸ ਵਿਭਾਗ 'ਚ ਵਿਭਿਨਤਾ ਦੇ ਹਾਮੀ ਹਾਂ। ਸਿਖਸ ਆਫ ਨਿਊਯੌਰਕ ਦੇ ਸਹਿ- ਸੰਸਥਾਪਕ ਨੇ ਦੱਸਿਆ ਕਿ ਓਹਨਾ ਦੇ ਟੀਮ ਨੇ ਪਰੇਡ ਦੌਰਾਨ ਲੰਗਰ ਦੀ ਸੇਵਾ ਕੀਤੀ। ਉਹਨਾ ਕਿਹਾ ਕਿ ਪਰੇਡ ਸਾਡੇ ਸੱਭਿਆਚਾਰ ਵਿਚ ਜਸ਼ਨ ਮਨਾਉਣ ਦਾ ਤਰੀਕਾ ਹੈ। ਇਹੋ ਜਹੇ ਪਰੋਗਰਾਮ ਸਿੱਖ ਸੱਭਿਆਚਾਰ ਬਾਰੇ ਸਮਾਜ ਨੂੰ ਜਾਗਰੂਕ ਕਰਦੇ ਹਨ। ਉਹਨਾ ਕਿਹਾ ਕਿ 9/11 ਦੇ ਹਮਲਿਆਂ ਤੋਂ ਬਾਅਦ ਸਿੱਖ ਭਾਈਚਾਰਾ ਨਫਰਤ ਦਾ ਸ਼ਿਕਾਰ ਹੋਇਆ ਪਰ ਇਹੋ ਜਿਹੇ ਪਰੇਡ ਵਰਗੇ ਉਪਰਾਲੇ ਇਹ ਸੰਦੇਸ਼ ਦਿੰਦੇ ਹਨ ਕਿ ਸਿੱਖ ਕਦਰਾਂ ਕੀਮਤਾਂ ਬਹੁਤ ਉਚੀਆਂ ਹਨ।

# ਸ਼੍ਰੋਮਣੀ ਸਤਿਗੁਰੂ ਧੰਨਾ ਜੀ ਮਹਾਰਾਜ ਦਾ ਪ੍ਰਕਾਸ਼ ਉਤਸਵ ਮਨਾਇਆ ਗਿਆ

**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਸੰਤ ਸ਼੍ਰੋਮਣੀ ਸਤਿਗੁਰੂ ਧੰਨਾ ਜੀ ਮਹਾਰਾਜ ਦਾ ਪ੍ਰਕਾਸ਼ ਉਤਸਵ 27 ਤੋਂ 29 ਅਪ੍ਰੈਲ ਦਿਨ ਸ਼ੁੱਕਰਵਾਰ ਤੋਂ ਐਤਵਾਰ ਤੱਕ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਬੜੀ ਹੀ ਧੂੰਮ-ਧਾਮ ਨਾਲ ਮਨਾਇਆ ਗਿਆ, ਜਿਸ ਵਿਚ 27 ਅਪ੍ਰੈਲ ਦਿਨ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਕੀਤੇ ਗਏ, ਜਿਹਨਾਂ ਦੇ ਭੋਗ 29 ਅਪ੍ਰੈਲ ਦਿਨ ਐਤਵਾਰ ਨੂੰ ਪਾਏ ਗਏ।

ਭੋਗ ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਗਏ, ਜਿਸ ਵਿਚ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਦਾ ਹਜ਼ੂਰੀ ਜਥਾ, ਬੀਬੀ ਲੋਚਨਾ ਰਾਏ, ਭਾਈ ਹੀਰਾ ਸਿੰਘ ਜੀ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ।

ਸਟੇਜ ਸੈਕਟਰੀ ਦੀ ਸੇਵਾ ਸ੍ਰੀ ਰਾਮ ਸੇਵਕ ਭਾਟੀਆ ਨੇ ਨਿਭਾਈ। ਸ੍ਰੀ ਭਾਟੀਆ ਜੀ ਨੇ ਸਤਿਗੁਰੂ ਧੰਨਾ ਜੀ ਮਹਾਰਾਜ ਦੇ ਜੀਵਨ ਤੇ ਜਾਣਕਾਰੀ ਸੰਗਤਾਂ ਨਾਲ ਸਾਂਝੀ ਕੀਤੀ। ਗੁਰੂ ਘਰ ਦੇ ਵਾਈਸ ਚੇਅਰਮੈਨ ਸ੍ਰੀ ਮਹਿੰਦਰ ਸਿੰਘ ਰੱਤੂ, ਬੀਬੀ ਗੁਰਪਾਲ ਕੌਰ ਜੀ ਵੱਲੋਂ ਐਤਵਾਰ ਦੇ ਲੰਗਰਾਂ ਦੀ ਸੇਵਾ ਕੀਤੀ ਗਈ।

ਸੰਗਤਾਂ ਨੇ ਬਹੁਤ ਵੱਡੀ ਗਿਣਤੀ ਵਿਚ ਗੁਰੂ ਘਰ ਵਿਖੇ ਹਾਜ਼ਰੀ ਲਗਵਾਈ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਦਲਵਿੰਦਰ ਰੱਲ੍ਹ ਜੀ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

*******













# ਡਾ: ਅੰਬੇਡਕਰ ਨਵਯੁਵਕ ਦਲ ਵੱਲੋਂ ਆਯੋਜਿਤ ਸਮਾਰੋਹ 'ਚ ਬਸਪਾ ਦੇ ਇੰਚਾਰਜ ਡਾ: ਮੇਘਰਾਜ ਸਿੰਘ ਨੇ ਕੀਤੀ ਸਿਰਕਤ

**ਲੁਧਿਆਣਾ–** ਡਾ: ਅੰਬੇਡਕਰ ਨਵਯੁਵਕ ਦਲ ਵੱਲੋਂ ਪ੍ਰਧਾਨ ਬੰਸੀ ਲਾਲ ਪ੍ਰੇਮੀ ਦੀ ਅਗਵਾਈ ਹੇਠ ਸਥਾਨਕ ਕਸ਼ਮੀਰ ਨਗਰ ਵਿਖੇ ਬੁੱਧ ਪੂਰਨਿਮਾ ਅਤੇ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾ: ਭੀਮ ਰਾਓ ਅੰਬੇਡਕਰ ਦਾ 127ਵਾਂ ਜਨਮ ਦਿਨ ਮਨਾਇਆ ਗਿਆ ਜਿਸ ਵਿੱਚ ਮੁੱਖ ਮਹਿਮਾਨ ਦੇ ਤੌਰ ਤੇ ਬਸਪਾ ਦੇ ਉੱਤਰੀ ਭਾਰਤ ਦੇ ਇੰਚਾਰਜ ਡਾ: ਮੇਘਰਾਜ ਪਹੁੰਚੇ। ਇਸ ਮੌਕੇ ਭਰਵੀਂ ਹਾਜਰੀ ਨੂੰ ਸੰਬੋਧਨ ਕਰਦਿਆਂ ਉਹਨਾਂ ਬੁੱਧ ਪੂਰਨਿਮਾ ਅਤੇ ਬਾਬਾ ਸਾਹਿਬ ਦੇ ਜਨਮ ਦਿਨ ਦੀਆਂ ਮੁਬਾਰਕਾਂ ਦਿੰਦਿਆਂ ਕਿਹਾ ਕਿ ਦੇਸ਼ ਦੇ ਬਹੁਜਨਾਂ ਨੂੰ ਹੁਣ ਜਾਗਣਾ ਹੋਵੇਗਾ। ਜੇਕਰ ਦੇਸ਼ ਦੇ ਬਹੁਜਨ ਨਾ ਸੰਭਲੇ ਤਾਂ ਭਾਜਪਾ ਦਾ ਹਿੰਦੂ ਕਾਰਡ ਦੇਸ਼ ਨੂੰ ਬਰਬਾਦ ਕਰ ਦੇਵੇਗਾ। ਉਹਨਾਂ ਕਿਹਾ ਕਿ ਭਾਜਪਾ ਨੇ ਦੇਸ਼ ਵਿੱਚ ਫਿਰਕੂ ਜਹਿਰ ਫੈਲਾ ਦਿੱਤੀ ਹੈ ਜਿਸ ਦਾ ਮਕਸਦ ਜਿਥੇ ਸੱਤਾ ਵਿੱਚ ਰਹਿਣਾ ਹੈ ਉਥੇ ਹੀ ਮਨੂੰਵਾਦੀ ਵਿਵਸਥਾ ਨੂੰ ਮੁੜ ਤੋਂ ਕਾਇਮ ਕਰਨਾ ਹੈ। ਇਸ ਵਿਵਸਥਾ ਨੂੰ ਪਹਿਲਾਂ ਮਹਾਂਮਾਨਵ ਗੌਤਮ ਬੁੱਧ ਅਤੇ ਬਾਅਦ ਵਿੱਚ ਬਾਬਾ ਸਾਹਿਬ ਨੇ ਤੱਕੜੀ ਸੱਟ ਮਾਰ ਸਦੀਆਂ ਤੋਂ ਇਸ ਵਿਵਸਥਾ ਦੇ ਸਤਾਏ ਬਹੁਜਨਾਂ ਨੂੰ ਵੱਡੀ ਰਾਹਤ ਦਿੱਤੀ ਸੀ। ਉਹਨਾਂ ਸਾਰਿਆਂ ਨੂੰ ਏਕਤਾ ਦਾ ਪਾਠ ਪੜਾਉਂਦਿਆਂ ਬਸਪਾ ਨੂੰ ਮਜਬੂਤ ਕਰਨ ਦਾ ਸੱਦਾ ਦਿੱਤਾ। ਇਸ ਉਪਰੰਤ ਉਹਨਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਫਗਵਾੜਾ ਗੋਲੀ ਕਾਂਡ ਨਾਲ ਭਾਜਪਾ ਅਤੇ ਹਿੰਦੂ ਸੰਗਠਨਾਂ ਦਾ ਹਿੰਦੂਤਵੀ ਚੇਹਰਾ ਪੂਰੀ ਤਰਾਂ ਬੇਨਕਾਬ ਹੋ ਗਿਆ ਹੈ। ਇਸ ਗੋਲੀ ਕਾਂਡ ਵਿੱਚ ਸਾਡਾ ਨੌਜਵਾਨ ਜਸਵੰਤ ਬੋਬੀ ਸ਼ਹੀਦ ਕਰ



ਦਿੱਤਾ ਗਿਆ ਅਤੇ ਪੰਜਾਬ ਸਰਕਾਰ ਨੇ ਵੀ ਦਲਿਤ ਵਿਰੋਧੀ ਹੋਣ ਦਾ ਸਬੂਤ ਦਿੰਦਿਆਂ ਨੌਜਵਾਨ ਦੀ ਹਾਲਤ ਪ੍ਰਤੀ ਲੋਕਾਂ ਨੂੰ ਗੁੰਮਰਾਹ ਕਰਕੇ ਰੱਖਿਆ। ਉਹਨਾਂ ਕਿਹਾ ਕਿ ਇਸ ਨੌਜਵਾਨ ਦੀ ਕੁਰਬਾਨੀ ਅਜਾਈ ਨਹੀ ਜਾਣ ਦਿੱਤੀ ਜਾਵੇਗੀ ਜਿਸਨੇ ਦੇਸ਼ ਦੇ ਸੰਵਿਧਾਨ ਦੇ ਨਾਮ ਤੇ ਚੌਂਕ ਦਾ ਨਾਮ ਰੱਖਣ ਲਈ ਕੁਰਬਾਨੀ ਦਿੱਤੀ ਹੈ। ਉਹਨਾਂ ਫਗਵਾੜਾ 'ਚ ਜਨਰਲ ਸਮਾਜ ਵੱਲੋਂ ਇਸ ਪੂਰੇ ਮਾਮਲੇ ਦੇ ਵਿਰੋਧ 'ਚ ਜੋ ਮੀਟਿੰਗ ਰੱਖੀ ਗਈ ਸੀ ਵਿੱਚ ਭਾਜਪਾ ਦੇ ਵਿਧਾਇਕ ਸੋਮਨਾਥ ਦੇ ਪਹੁੰਚਣ ਨੂੰ ਜਿਥੇ ਮੰਦਭਾਗਾ ਦੱਸਿਆ ਉਥੇ ਹੀ ਭਾਜਪਾ ਦੀ ਇਸ ਨੀਤੀ ਨੂੰ ਤੋੜੋ ਤੇ ਰਾਜ ਕਰੋ ਐਲਾਨਿਆ।

ਉਹਨਾਂ ਕਿਹਾ ਕਿ ਭਾਜਪਾ ਦੀਆਂ ਸਾਰੀਆਂ ਚਾਲਾਂ ਫੇਲ ਕਰਨ ਲਈ ਬਸਪਾ ਦੇ ਝੰਡੇ ਥੱਲੇ ਇੱਕਠੇ ਹੋ ਕੇ 2019 ਵਿੱਚ ਦੇਸ਼ ਵਿੱਚ ਖੁਦ ਦੀ ਸਰਕਾਰ ਬਣਾਉਣੀ ਹੋਵੇਗੀ। ਦਿੱਲੀ ਤੋਂ ਉਚੇਚੇ ਤੌਰ ਪਹੁੰਚੇ ਭੰਤੇ ਧੰਮ ਸਵਰੂਪ ਨੇ ਹਾਜਰੀਨ ਨੂੰ ਮਹਾਂਮਾਨਵ ਗੌਤਮ ਬੁੱਧ ਦੇ ਜੀਵਨ ਅਤੇ ਸਿਧਾਂਤਾ ਬਾਰੇ ਜਾਣਕਾਰੀ ਦਿੱਤੀ। ਉਹਨਾਂ ਦੇਸ਼ ਦੇ ਮੂਲਨਿਵਾਸੀ ਬਹੁਜਨਾਂ ਨੂੰ ਦੋਵਾਂ ਮਹਾਂਪੁਰਸ਼ਾਂ ਦੇ ਦਰਸਾਏ ਮਾਰਗ ਤੇ ਚੱਲ ਕੇ ਸੱਤਾ ਦੇ ਨਾਲ ਨਾਲ ਬੁੱਧ ਧਰਮ ਨੂੰ ਮਜਬੂਤ ਕਰਨ ਤੇ ਵੀ ਜੋਰ ਦਿੱਤਾ। ਇਸ ਮੌਕੇ ਜੋਨ ਕੋਆਡੀਨੇਟਰ ਰਾਮ ਸਿੰਘ ਗੋਗੀ, ਡਾ: ਨੱਛਤਰਪਾਲ ਸਿੰਘ, ਠੇਕੇਦਾਰ ਰਾਜਿੰਦਰ ਸਿੰਘ, ਜਿਲਾ ਪ੍ਰਧਾਨ ਜੀਤਰਾਮ ਬਸਰਾ, ਮਾਸਟਰ ਰਾਮਾਨੰਦ, ਜਿਲੇਦਾਰ ਰਾਓ, ਐਡਵੋਕੇਟ ਆਰ ਐਲ ਸੁਮਨ, ਵਿਜੇ ਮੌਰੀਆ, ਰਾਮ ਆਸਰੇ, ਵਿਨੋਦ ਗੌਤਮ, ਰਾਜ ਕੁਮਾਰ ਨਿਰਾਲਾ, ਸਾਬਕਾ ਕੌਂਸਲਰ ਦਲਜੀਤ ਸਿੰਘ ਭੋਲਾ, ਸੋਹਣ ਲਾਲ, ਦੁਰਗਾ ਪ੍ਰਸਾਦ, ਆਰ ਡੀ ਬਿਮਲ, ਹੰਸਰਾਜ, ਭਰਤ ਕੁਸ਼ਵਾਹਾ, ਇੰਦਲ ਕੁਮਾਰ, ਕਾਲੀ ਚਰਨ, ਮਨੋਜ ਬਿਰਦੀ, ਡਾ: ਰਾਜੇਸ਼ ਬੋਧ, ਰਾਜੇਸ਼ ਸੈਣੀ, ਸੰਜੇ ਰਾਓ, ਮੁੰਨੀ ਲਾਲ, ਰਾਜੇਸ਼ ਕੁਮਾਰ, ਸ਼ੇਰ ਸਿੰਘ, ਸ੍ਰੀਰਾਮ ਅਤੇ ਗਡਮਲ ਬੌਧ ਆਦਿ ਹਾਜਰ ਸਨ।

# ਡਾ. ਬੀ. ਆਰ. ਅੰਬੇਦਕਰ ਯੂਥ ਕਲੱਬ ਵੱਲੋਂ ਛਾਉਣੀ ਕਲਾਂ 'ਚ ਬਾਬਾ ਸਾਹਿਬ ਦਾ ਜਨਮ ਦਿਨ ਮਨਾਇਆ

**ਹੁਸ਼ਿਆਰਪੁਰ–** ਡਾ. ਬੀ. ਆਰ. ਅੰਬੇਡਕਰ ਯੂਥ ਕਲੱਬ ਛਾਉਣੀ ਕਲਾਂ ਬੰਗਲਾ ਰਜਿ. ਵੱਲੋਂ ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਜੀ ਦਾ ਜਨਮ ਦਿਨ ਬੜੀ ਧੂੰਮ ਧਾਮ ਨਾਲ ਛਾਉਣੀ ਕਲਾਂ ਬੰਗਲਾ ਵਿਖੇ ਪਿੰਡ ਵਾਸੀਆਂ ਦੇ ਸਹਿਯੋਗਨਾਲ ਮਨਾਇਆਗਿਆ, ਜਿਸ ਦੀ ਪ੍ਰਧਾਨਗੀ ਸਤਨਾਮ ਸਿੰਘ ਨੇ ਕੀਤੀ। ਇਸ ਮੌਕੇ ਤੇ ਮੁੱਖ ਮਹਿਮਾਨ ਅਮਰਜੀਤ ਕੁਮਾਰ ਭੱਟੀ ਜ਼ਿਲ੍ਹਾ ਪ੍ਰਧਾਨ ਭੀਮ ਕ੍ਰਾਂਤੀ ਦਲ ਹੁਸ਼ਿਆਰਪੁਰ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਇਸ ਮੌਕੇ ਤੇ ਅਮਰਜੀਤ ਭੱਟੀ ਨੇ ਕਿਹਾ ਕਿ ਬਾਬਾਸਾਹਿਬ ਡਾ. ਬੀ. ਆਰ. ਅੰਬੇਡਕਰ ਜੀ ਦੇ ਮਿਸ਼ਨ ਨੂੰ ਮਜਬੂਤ ਕਰਨ ਦੀ ਲੋੜ ਤੇ ਨੌਜਵਾਨਾਂ ਨੂੰ ਨਸ਼ਿਆਂ ਦੇ ਦਲ-ਦਲ 'ਚੋਂ ਬਾਹਰ ਨਿਕਲ ਕੇ ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਜੀ ਦੇ ਦਿੱਤੇ ਹੋਏ ਰਸਤੇ ਤੇ ਚੱਲਣ ਲਈ ਨੌਜਵਾਨਾਂ ਨੂੰ ਕਿਹਾ।



ਉਹਨਾਂ ਨੇ ਕਿਹਾ ਕਿ ਜਦੋਂ ਦਲਿਤਾਂ ਉਪਰ ਜੁਲਮ ਹੁੰਦਾ ਉਦੋਂ ਦਲਿਤ ਸਮਾਜ ਏਕਤਾ ਕਰਕੇ ਸੰਘਰਸ਼ ਕਰਨ ਜ਼ੁਲਮ ਕਰਨ ਵਾਲੇ ਨੂੰ ਪਤਾ ਲੱਗ ਜਾਵੇ ਕਿ ਏ ਲੋਕ ਹੁਣ ਬਾਬਾ ਸਾਬਿਹ ਡਾ. ਅੰਬੇਡਕਰ ਜੀ ਦੇ ਦਿੱਤੇ ਹੋਏ ਰਸਤੇ ਤੇ ਚੱਲ ਨਿਕਲੇ ਹਨ।ਹੁਣ ਇਹ ਲੋਕ ਸੰਘਰਸ਼ ਤੋਂ ਪਿੱਛੇ ਨਹੀਂ ਹਟਣਗੀਆਂ। ਇਸ ਮੌਕੇ 'ਤੇ ਡਾ. ਬੀ. ਆਰ. ਅੰਬੇਡਕਰ ਯੂਥ ਕਲੱਬ ਦੇ ਵਾਈਸ ਪ੍ਰਧਾਨ ਜਸਕਰਨ ਸਿੰਘ ਜੱਸਾ, ਪਲਵਿੰਦਰ ਨਾਣੀ ਉਘੇ ਸਮਾਜ ਸੇਵਕ ਹੁਸ਼ਿਆਰਪੁਰ, ਪਵਨ ਦੀਪ ਕੈਸ਼ੀਅਰ, ਡਾ. ਅੰਬੇਡਕਰ ਯੂਥ ਕਲੱਸ, ਮਨੀ ਹੀਰ ਜਨਰਲ ਸਕੱਤਰ ਡਾ. ਅੰਬੇਡਕਰ ਯੂਥ ਕਲੱਬ, ਭਗਤ ਰਾਮ ਬੰਗਾ ਸੈਕਟਰੀ ਡਾ. ਅੰਬੇਡਕਰ ਯੂਥ ਕਲੱਬ, ਗਗਨਦੀਪ ਗੱਗੀ,ਸੌਰਵ ਲਾਖਾ, ਦੀਪਕ ਸੰਧੂ, ਸੂਰਜ ਸੰਧੂ, ਸੰਕਰਲਾਖਾ, ਮਨਜੀਤ ਸਿੰਘ ਪਰਵਿੰਦਰ ਸਿੰਘ ਆਦਿ ਹਾਜ਼ਰ ਸਨ।

# ਸ੍ਰੀ ਗੁਰੂ ਅਮਰਦਾਸ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਥਾ ਦੀਵਾਨ ਸਜਾਏ ਗਏ

**ਘੱਲ ਕਲਾਂ–** ਗੁਰਦੁਆਰਾ ਗੁਰੂ ਸਰ ਪ੍ਰਬੰਧਕ ਕਮੇਟੀ ਅਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਗੁਰਦੁਆਰਾ ਗੁਰੂਸਰ ਪਾਤਸ਼ਾਹੀ ਛੇਵੀਂ ਘੱਲ ਕਲਾਂ ਵਿਖੇ ਨਿਮਾਣਿਆਂ ਦੇ ਮਾਣ, ਨਿਤਾਣਿਆਂ ਦੇ ਤਾਣ, ਨਿਓਟਿਆਂ ਦੀ ਓਟ, ਨਿਆਸਰਿਆਂ ਦੇ ਆਸਰੇ, ਨਿਗੱਤਿਆਂ ਦੀ ਗੱਤ, ਨਿਪੱਤਿਆਂ ਦੀ ਪੱਤ, ਨਿਮੁਣਿਆਂ ਦੇ ਗੁਣ ਸੇਵਾ ਦੇ ਪੁੰਜ, ਨਿਮਰਤਾ ਦੀ ਮੂਰਤ, ਤੀਸਰੇ ਗੁਰੂ ਧੰਨ ਧੰਨ ਸਾਹਿਬ ਗੁਰੂ ਅਮਰਦਾਸ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਥਾ ਦੀਵਾਨ ਸਜਾਏ ਗਏ। ਮੇਜਰ ਸਿੰਘ ਭਾਈ ਵੱਲੋਂ ਨਿੱਤਨੇਮ ਦੇ ਪਾਠ ਕੀਤੇ ਗਏ। ਭਾਈ ਸੇਵਕ ਸਿੰਘ ਸੋਢੀ ਨੇ ਉਪਰੰਤ ਕਥਾ ਕੀਰਤਨ ਨੂੰ ਸ੍ਰੀ ਗੁਰੂ ਅਮਰਦਾਸ ਜੀ ਦੀ ਜੀਵਨੀ ਅਤੇ ਫਸਲਫੇ ਸਬੰਧੀ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸ੍ਰੀ ਗੁਰੂ ਅਮਰਦਾ ਜੀ ਸਿੱਖ ਧਰਮ ਵਿਚ ਤੀਜੇ ਗੁਰੂ ਵਜੋਂ ਪ੍ਰਤਿਸ਼ਠਿਤ ਹਨ। ਆਪ ਜੀ ਦਾ ਜਨਮ ਸ੍ਰੀ ਅੰਮ੍ਰਿਤਸਰ ਦੇ ਪਿੰਡ ਬਾਸਰਕੇ ਵਿਚ ਭੱਲਾ ਖੱਤਰੀ ਕੁੱਲ ਵਿਚ ਹੋਇਆ। ਸ੍ਰੀ ਗੁਰੂ ਅਮਰਦਾਸ ਜੀ ਨੇ ਬਿਰਧ ਅਵਸਥਾ ਵਿਚ ਗੁਰਗੱਦੀ ਪ੍ਰਾਪਤ ਕੀਤੀ। ਉਹਨਾਂ ਨੇ ਆਪਣੀ ਬਾਣੀ ਵਿਚ ਹਰ ਗੱਲ ਬੜੇ ਸੰਜਮ ਅਤੇ ਭਰਪੂਰ ਸ਼ਰਧਾ ਨਾਲ ਕਹੀ। ਆਪ ਦੁਆਰਾ 18 ਰਾਗਾਂ ਵਿਚ ਬਾਣੀ ਰਚੀ ਗਏ.। ਆਪ ਦੁਆਰਾ ਰਚਿਤ ਭਿੰਨ-ਭਿੰਨ



ਰਾਗਾਂ ਵਿਚ ਰਚਿਤ 171 ਚਉਪਦੇ, 91 ਅਸ਼ਪਦੀਆਂ, 85 ਪਾਉੜੀਆਂ ਅਤੇ 306 ਸਲੋਕ ਉਪਲਬਧ ਹਨ। ਗੁਰੂ ਅਮਰਦਾਸ ਜੀ ਨੇ ਆਪਣੀ ਬਾਣੀ 17 ਰਾਗਾਂ ਵਿਚ ਉਚਾਰਨ ਕੀਤੀ ਹੈ। ਇਸ ਤੋਂ ਸਪਸ਼ਟ ਹੈ ਕਿ ਗੁਰੂ ਜੀ ਨੂੰ ਰਾਗ ਰਾਗਣੀਆਂ ਦੀਆਂ ਭਾਵਨਾਗਤ ਸੂਖਮਤਾਵਾਂ ਦਾ ਪੂਰਾ ਗਿਆਨ ਸੀ। ਸ੍ਰੀ ਗੁਰੂ ਅਮਰਦਾਸ ਜੀ ਨੇ ਬ੍ਰਿਧ ਅਵਸਥਾ ਵਿਚ ਬਾਣੀ ਰਚ ਕੇ ਉਸ ਵਿਚ ਜੀਵਨ ਅਨੁਭਵ ਨਿਚੋੜ ਭਰ ਦਿੱਤਾ ਹੈ, ਜੋ ਜਗਿਆਸੂਆਂ ਲਈ ਸਹੀ ਪੱਥ ਪ੍ਰਦਰਸ਼ਕ ਅਤੇ ਅਤਿ ਅਧਿਕ ਪ੍ਰੇਰਨਾਦਾਇਕ ਹੈ। ਉਹਨਾਂ ਕਿਹਾਕਿ ਸਾਨੂੰ ਗੁਰੂ ਅਮਰਦਾਸ ਜੀ ਦੀ ਬਾਣੀ ਤੇ ਅਮਲ ਕਰਕੇ ਗੁਰੂਵਾਲੇ ਬਣਨਾ ਚਾਹੀਦਾ ਹੈ।

ਇਸ ਮੌਕੇ ਪ੍ਰਧਾਨ ਬਲਜੀਤ ਸਿੰਘ ਉਪ ਪ੍ਰਧਾਨ ਬਲਦੇਵ ਸਿੰਘ, ਖਜਾਨਚੀ ਨਿਰਮਲਜੀਤ ਸਿੰਘ, ਲੰਗਰ ਪ੍ਰਧਾਨ ਰੇਸ਼ਮ ਸਿੰਘ, ਗੁਰਤੇਜ ਸਿੰਘ, ਅਮਰਜੀਤ ਸਿੰਘ, ਸੈਕਟਰੀ ਕਰਨੈਲ ਸਿੰਘ ਅਤੇ ਸੰਗਤਾਂ ਵੱਡੀ ਗਿਣਤੀ ਵਿਚ ਮੌਜੂਦ ਸਨ।

**– ਡਾ. ਬਲਰਾਜ ਸਿੰਘ ਘੱਲ ਕਲਾਂ**

# ਘੱਲ ਕਲਾਂ ਦੇ ਦੋਵੇਂ ਵਾਟਰ ਵਰਕਸ ਬੰਦ ਹੋਣ 'ਤੇ ਡੀ.ਸੀ. ਨੂੰ ਦਿੱਤਾ ਮੰਗ ਪੱਤਰ

**ਘੱਲ ਕਲਾਂ–** ਪਿੰਡ ਘੱਲ ਕਲਾਂ ਵਿਚ ਦੋ ਵਾਟਰ ਵਰਕਰ ਹਨ। ਇਕ ਦਾ ਤਾਂ ਕਾਫੀ ਸਮਾਂ ਪਹਿਲਾਂ ਪੰਜਾਬ ਦੇ ਰਾਜਪਾਲ ਅਤੇ ਦੂਸਰਾ ਅਵਤਾਰ ਹੈਨਰੀ ਸਾਬਕਾ ਵਿੱਤ ਮੰਤਰੀ ਕੈਪਟਨ ਸਰਕਾਰ ਨੇ ਇਹਨਾਂ ਦਾ ਨੀਂਹ ਪੱਥਰ ਰੱਖਿਆ ਸੀ। ਬਹੁਤ ਸਮਾਂ ਇਹ ਲਗਾਤਾਰ ਲੋਕਾਂ ਦੀਆਂ ਬੁਨਿਆਦੀ ਸਹੂਲਤਾਂ ਪੂਰੀਆਂ ਕਰਦੇ ਰਹੇ ਪਰ ਬਾਦਲ ਸਰਕਾਰ ਵੇਲੇ ਇਹ ਢਾਂਚਾ ਡਗਮਗਾਹੀ ਗਿਆ। ਵਾਟਰ ਵਰਕਸ ਦੇ ਬਿਲ ਨਾ ਦੇਣ ਕਰਕੇ ਪਾਵਰਕਾਮ ਨੇ ਕੁਨੈਕਸ਼ਨ ਕੱਟ ਦਿੱਤੇ। ਹੁਣ ਲੋਕ ਪਾਣੀ ਤੋਂ ਵਾਂਝੇ ਹੋ ਗਏ ਹਨ।ਸੁਆਣੀਆਂ ਜਿਹਨਾਂ ਦੇ ਮੋਟਰਾਂ ਲੱ-ਗੀਆਂ ਹੋਈਆਂ ਹਨ, ਉਹਨਾਂਦੇ ਘਰੋਂ ਪਾਣੀ ਭਰ ਕੇ ਲਿਆਉਂ-ਦੀਆਂ ਹਨ। ਜਿਸ ਕਰਕੇ ਸਾਰਾ ਹੀ ਤਾਣਾ-ਬਾਣਾ ਉਲਝ ਗਿਆ ਹੈ। ਦੋਵੇਂ ਹੀ ਵਾਟਰ ਵਰਕਸ ਚਿੱਟੇ ਹਾਥੀ ਬਣੇ ਹੋਏ ਹਨ। ਸਿਰਫ ਹੁਣ ਖੰਡਰ ਬਣਨ ਦੇ ਨਜ਼ਦੀਕ ਹੀ ਹਨ।



ਉਪਰੋਕਤ ਗੱਲਾਂ ਨੂੰ ਮੁੱਖ ਰੱਖਦਿਆਂ ਅੱਜ ਭਾਰਤੀ ਕਿਸਾਨ ਯੂਨੀਅਨ (ਡਕੌਂਦਾ) ਦੇ ਜ਼ਿਲ੍ਹਾ ਮੋਗਾ ਦੇ ਪ੍ਰਧਾਨ ਦਵਿੰਦਰ ਸਿੰਘ ਘਾਲੀ ਨੇ ਆਪਣੇ ਦੋ ਕੁ ਸੌ ਕਰੀਬ ਸਾਥੀਆਂ ਨਾਲ ਜਾ ਕੇ ਇਹ ਮਸਲਾ ਡੀ. ਸੀ. ਮੋਗਾ ਦਿਲਰਾਜ ਸਿੰਘ ਦੇ ਧਿਆਨ ਵਿਚ ਲਿਆਂਦਾਤੇ ਮੰਗ ਪੱਤਰ ਦਿੱਤਾ। ਡੀ. ਸੀ. ਸਾਹਿਬ ਨੇ ਇਹਨਾਂ ਮੰਗਾਂ ਨੂੰ ਜਲਦੀ ਹੱਲ ਕਰਨ ਦਾ ਭਰੋਸਾ ਦਿੱਤਾ। ਇਸ ਮੌਕੇ ਇੰਦਰ ਸਿੰਘ ਰੋਡੇ,ਗਿੰਦਰ ਸਿੰਘ ਰੋਡੇ, ਪਾਲਾ ਸਿੰਘ ਰੋਡੇ, ਜੋਰਾ ਸਿੰਘ ਸਾਬਕਾ ਸਰਪੰਚ ਘੱਲ ਕਲਾਂ, ਗੁਰਨਾਮ ਸਿੰਘ ਸਾਬਕਾ ਸਰਪੰਚ ਘੱਲ ਕਲਾਂ, ਕੁੱਕੁ ਸਿੰਘ ਗੁਲਾਬੀ ਕਾ, ਹਰਜਾਪ ਸਿੰਘ ਅਤੇ ਵਰਕਰ ਹਾਜ਼ਰ ਸਨ।

**– ਡਾ. ਬਲਰਾਜ ਸਿੰਘ ਘੱਲ ਕਲਾਂ**


A & S

Auto Repair & Services

Specializing in Brakes & Axles

10% of any repair of $ $75.00 or More

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Servics



9:00 AM to 6:00 PM Mon-Sat



Ph: 916-238-4431
649 W. Elkhorn Blvd. Suite B2
Rio Linda, CA 95673

Amarjit Sandhu

# ਬਾਲੜੀਆਂ ਨੂੰ ਇਨਸਾਫ ਦਿਵਾਉਣ ਲਈ ਜਨਤਕ ਜਥੇਬੰਦੀਆਂ ਵੱਲੋਂ ਕੈਂਡਲ ਮਾਰਚ

**ਹੁਸ਼ਿਆਰਪੁਰ–** ਪਿਛਲੇ ਦਿਨੀਂ ਦੇਸ਼ ਵਿਚ ਇਕ ਤੋਂ ਬਾਅਦ ਇਕ ਲਗਾਤਾਰ ਬਾਲੜੀਆਂ ਨਾਲ ਹੋਈਆਂ ਬਲਾਤਕਾਰਾਂ ਦੀਆਂ ਅੱਤ ਘਿਨਾਉਣੀਆਂ ਘਟਨਾਵਾਂ ਨੂੰ ਮੱਦੇਨਜ਼ਰ ਰੱਖਦਿਆਂ ਸ਼ਹਿਰ ਦੀਆਂ ਸਾਰੀਆਂ ਇਨਸਾਫ ਪਸੰਦ ਜਥੇਬੰਦੀਆਂ ਵੱਲੋਂ ਊਧਮ ਸਿੰਘ ਪਾਰਕ ਤੋਂ ਘੰਟਾ ਘਰ ਕਾਰਪੋਰੇਸ਼ਨ ਲਾਇਬ੍ਰੇਰੀ ਤੱਕ ਕੈਂਡਲ ਮਾਰਚ ਕੀਤਾ ਗਿਆ। ਊਧਮ ਸਿੰਘ ਪਾਰਕ ਵਿਚ ਇਕੱਠੇ ਹੋਏ ਚੇਤੰਨ ਲੋਕਾਂ ਨੂੰ ਸੰਬੋਧਨ ਕਰਦਿਆਂ ਵੱਖ-ਵੱਖ ਬੁਲਾਰਿਆਂ ਡਾ. ਜਸਵੰਤ ਰਾਏ ਸਾਹਰੀ, ਐਡਵੋਕੇਟ ਰਣਜੀਤ ਸਿੰਘ, ਸਤੀਸ਼ ਰਾਣਾ, ਮਾਸਟਰ ਹਰਕਮਲ ਸਿੰਘ, ਡਾ. ਤੇਜਪਾਲ ਸਿੰਘ, ਡਾ. ਕਰਮਜੀਤ ਸਿੰਘ, ਜਗਮੇਸ਼ ਸਿੰਘ, ਗੁਰਨਾਮ ਸਿੰਘ ਸਿੰਗੜੀਵਾਲਾ ਨੇ ਕਿਹਾ ਕਿ ਇਸ ਤਰ੍ਹਾਂ ਦੀਆਂ ਘਟਨਾਵਾਂ ਸਭਿਅਕ ਸਮਾਜ 'ਤੇ ਕਲੰਕ ਹਨ। ਜਦੋਂ ਮੌਕੇ ਦੀ ਹਕੂਮਤ ਦੇ ਸਾਰਥੀ ਬਲਾਤਕਾਰੀਆਂ ਦੀ ਪਿੱਠ 'ਤੇ ਆ ਖੜ੍ਹੇ ਹੋਣ ਤਾਂ ਫਿਰ




ਇਹਨਾਂ ਤੋਂ ਇਨਸਾਫ ਦੀ ਆਸ ਕਿੱਥੇ ਰੱਖੀ ਜਾ ਸਕਦੀ ਹੈ। ਉਹਨਾਂ ਨੇ ਬਲਾਤਕਾਰੀਆਂ ਦੇ ਨਾਲ-ਨਾਲ ਇਹਨਾਂ ਦੇ ਹਿਮਾਇਤੀਆਂ ਨੂੰ ਵੀ ਫਾਹੇ ਲਾਉਣ ਦੇ ਨਾਅਰੇ ਲਾਏ। ਲੋਕਾਂ ਨੇ ਹੱਕਾਂ ਵਿਚ ਬਾਲੜੀਆਂ ਦੇ ਨਾਮ ਤੇ ਸੰਵੇਦਨਸ਼ੀਲ ਸਲੋਗਨਾਂ ਦੀਆਂ ਤਖਤੀਆਂ ਤੇ ਫਲੈਕਸਾਂ ਫੜੀਆਂ ਹੋਈਆਂ ਸਨ।

ਇਸ ਮੌਕੇ ਕਾਮਰੇਡ ਗੰਗਾ ਪ੍ਰਸਾਦ, ਮਨਜੀਤ ਸਿੰਘ ਸੈਣੀ, ਠੇਕੇਦਾਰ ਭਗਵਾਨ ਦਾਸ, ਕੁਲਤਾਰ ਸਿੰਘ ਕੁਲਤਾਰ, ਡਾ. ਮਨਮੋਹਨ ਸਿੰਘ, ਪ੍ਰਿੰ. ਸਤਵੰਤ ਕਲੋਟੀ, ਤ੍ਰਿਪਤਾ ਕੇ. ਸਿੰਘ, ਮੈਡਮ ਬਬੀਤਾ, ਯੋਧਾ ਮੱਲ, ਲਖਵਿੰਦਰ ਰਾਮ, ਵਿਕਰਮ ਬੋਹਣ, ਆਯੂਸ਼ ਸ਼ਰਮਾ, ਐਡਵੋਕੇਟ ਰਾਕੇਸ਼ ਕੁਮਾਰ ਤੇ ਸੈਂਕੜੇ ਸਾਥੀ ਸ਼ਾਮਲ ਸਨ। ਮਦਨਵੀਰਾ ਨੇ ਧੰਨਵਾਦੀ ਸ਼ਬਦ ਆਖੇ।

**ਡਾ. ਜਸਵੰਤ ਰਾਏ**
**91-98158-24999**

## ਸ੍ਰੀ ਵਿਸ਼ਵਕਰਮਾ ਚੈਰੀਟੇਬਲ ਹਸਪਤਾਲ ਟਰੱਸਟ ਫਗਵਾੜਾ ਵਲੋਂ ਕੈਂਪ 5 ਮਈ ਨੂੰ

**ਫਗਵਾੜਾ (ਰੱਤੂ)–** ਸ੍ਰੀ ਵਿਸ਼ਵਕਰਮਾ ਧੀਮਾਨ ਸਭਾ ਦੇ ਪ੍ਰਧਾਨ ਬਲਵੰਤ ਰਾਏ ਧੀਮਾਨ ਨੇ ਦੱਸਿਆ ਕਿ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਜੀ ਦੇ ਜਨਮ ਦਿਵਸ ਦੀ ਖੁਸ਼ੀ ਵਿਚ 5 ਮਈ ਦਿਨ ਸ਼ਨੀਵਾਰ ਨੂੰ ਸ੍ਰੀ ਵਿਸ਼ਵਕਰਮਾ ਚੈਰੀਟੇਬਲ ਹਸਪਤਾਲ ਟਰੱਸਟ ਬੰਗਾ ਰੋਡ ਫਗਵਾੜਾ ਵਲੋਂ ਹਸਪਤਾਲ 'ਚ ਆਉਣ ਵਾਲੇ ਮਰੀਜਾਂ ਦੀਆਂ ਹੱਡੀਆਂ, ਦੰਦਾਂ ਨਾਲ ਸਬੰਧਤ ਤੇ ਹੋਰ ਜਨਰਲ ਬਿਮਾਰੀਆਂ ਦਾ ਚੈਕਅਪ ਮੁਫਤ ਕੀਤਾ ਜਾਵੇਗਾ। ਇਸ ਤੋਂ ਇਲਾਵਾ ਇਸ ਦਿਨ ਅੱਖਾਂ ਦੇ ਆਪ੍ਰੇਸ਼ਨ ਵੀ ਫਰੀ ਕੀਤੇ ਜਾਣਗੇ। ਉਹਨਾਂ ਸਮੂਹ ਇਲਾਕਾ ਨਿਵਾਸੀਆਂ ਨੂੰ ਪੁਰਜੋਰ ਅਪੀਲ ਕੀਤੀ ਕਿ ਇਸ ਵਿਸ਼ੇਸ਼ ਛੂਟ ਦਾ ਵੱਧ ਤੋਂ ਵੱਧ ਲਾਭ ਉਠਾਉਣ।

## ਮੁਟਿਆਰ ਗੀਤਕਾਰਾ ਕਰਮਜੀਤ ਕੰਮੋ ਦਾ ਲਿਖਿਆ ਗੀਤ 'ਰੁੱਤ ਇਸ਼ਕ ਦੀ' ਰਿਲੀਜ਼

**ਚੰਡੀਗੜ (ਪ੍ਰੀਤਮ ਲੁਧਿਆਣਵੀ)–** ਮਸ਼ਹੂਰ ਗੀਤਕਾਰਾ ਕਰਮਜੀਤ ਕੰਮੋ ਦੀ ਕਲਮ ਦਾ ਲਿਖਿਆ ਸੂਫੀ ਗੀਤ 'ਰੁੱਤ ਇਸ਼ਕ ਦੀ' ਸ਼ਹੀਦ ਭਗਤ ਸਿੰਘ ਸਟੇਡੀਅਮ ਸਿਰਸਾ ਵਿੱਚ ਹੋਏ ਗ਼ਜ਼ਲ ਐਤਵਾਰ ਪ੍ਰੋਗਰਾਮ ਦੀ ਸਟੇਜ ਤੋਂ ਰਿਲੀਜ਼ ਕੀਤਾ ਗਿਆ। ਨਾਮਵਾਰ ਸੂਫੀ ਗਾਇਕ ਜੈਲੇ ਸ਼ੇਖੂਪੁਰੀਏ ਨੇ ਇਸ ਗੀਤ ਨੂੰ ਆਪਣੀ ਖੂਬਸੂਰਤ ਅਵਾਜ਼ ਵਿੱਚ ਸਿੰਗਾਰਿਆ ਹੈ ਅਤੇ




ਹਰਜਿੰਦਰ ਲਾਂਬਾ ਦੀ ਦੇਖ ਰੇਖ ਵਿੱਚ ਇਸ ਗੀਤ ਦੀਆਂ ਸੰਗੀਤਕ ਧੁੰਨਾ ਤਿਆਰ ਕੀਤੀਆ ਗਈਆਂ ਹਨ।

ਦੇਸੀ ਸਟਾਰ ਮਿਊਜਿਕ ਕੰਪਨੀ ਵਿੱਚ ਰਿਲੀਜ਼ ਹੋਏ ਇਸ ਗੀਤ ਬਾਰੇ ਕੰਪਨੀ ਦੇ ਮੁੱਖ ਸਲਾਹਕਾਰ ਸੁਰਿੰਦਰ ਯੱਕੋਪੁਰੀ ਨੇ ਦੱਸਿਆ ਕਿ ਸਰੋਤਿਆਂ ਵੱਲੋ ਰਿਲੀਜ਼ ਦੇ ਸੁਰੂਆਤੀ ਦੌਰ ਵਿੱਚ ਹੀ ਗੀਤ ਨੂੰ ਖੂਬ ਪਿਆਰ ਦਿੱਤਾ ਜਾ ਰਿਹਾ ਹੈ। ਗੀਤ ਦੀ ਕਾਮਯਾਬੀ ਦੀਆਂ ਕੰਮੋ ਜੀ ਨੂੰ ਵਧਾਈਆਂ ਮਿਲ ਰਹੀਆਂ ਹਨ।

# ਨਸ਼ਿਆਂ ਦੀ ਰਾਜਧਾਨੀ ਬਣ ਚੁੱਕਾ ਪਿੰਡ ਚੌਂਤਾ ਨਿਗਲ ਰਿਹਾ ਹੈ ਇੱਕ ਤੋਂ ਬਾਅਦ ਦੂਸਰੀ ਜਵਾਨੀ

## ਦੋ ਦਿਨ ਪਹਿਲਾਂ ਹੀ ਪਿੰਡ ਕੂੰਮਕਲ੍ਹਾਂ ਦੇ ਨੌਜਵਾਨ ਦੀ ਹੋਈ ਹੈ ਨਸ਼ੇ ਦੀ ਉਵਰਡੋਜ ਨਾਲ ਮੌਤ

**ਲੁਧਿਆਣਾ (ਗੁਰਪ੍ਰੀਤ ਸਿੰਘ ਮਹਿਦੂਦਾਂ)–** ਵਿਧਾਨ ਸਭਾ ਹਲਕਾ ਸਾਹਨੇਵਾਲ ਦਾ ਪਿੰਡ ਚੌਂਤਾਂ ਨਸ਼ਿਆਂ ਦੀ ਤਸ਼ਕਾਰੀ ਕਾਰਨ ਪੰਜਾਬ ਭਰ 'ਚ ਨਸ਼ਿਆਂ ਦੀ ਰਾਜਧਾਨੀ ਦੇ ਨਾਮ ਤੇ ਮਸ਼ਹੂਰ ਹੋ ਗਿਆ ਹੈ ਜਿਥੇ ਕੂੰਮਕਲ੍ਹਾਂ ਦੇ ਨੌਜਵਾਨ ਬੂਟਾ ਸਿੰਘ ਦੀ ਉਵਰਡੋਜ ਨਾਲ ਦੋ ਦਿਨ ਪਹਿਲਾਂ ਹੋਈ ਮੌਤ ਨੇ ਇਸਨੂੰ ਮੁੜ ਚਰਚਾ 'ਚ ਲਿਆ ਦਿੱਤਾ ਹੈ। ਅਦਾਰਾ ਪਹਿਰੇਦਾਰ ਦੀ ਟੀਮ ਵੱਲੋਂ ਇਸ ਸਬੰਧੀ ਜਦੋਂ ਲੋਕਾਂ ਵਿੱਚ ਜਾ ਕੇ ਗੱਲਬਾਤ ਕੀਤੀ ਗਈ ਤਾਂ ਨਸ਼ਿਆਂ ਦੀ ਕਬਰ 'ਚ ਦਫਨ ਹੋ ਚੁੱਕੇ ਕਈ ਮਾਮਲਿਆਂ ਨੇ ਜਿਥੇ ਪੀੜਤ ਪਰਿਵਾਰਾਂ ਦੀ ਦੁੱਖਾਂ ਦੀ ਪੰਡ ਖੋਲ ਕੇ ਰੱਖ ਦਿੱਤੀ ਉਥੇ ਹੀ ਪੰਜਾਬ ਦੀ ਕਾਂਗਰਸ ਸਰਕਾਰ ਅਤੇ ਪੰਜਾਬ ਪੁਲਿਸ ਦੀ ਡੰਗ ਟਪਾਊ ਕਾਰਵਾਈ ਨੂੰ ਵੀ ਨਿਰਬਸਤਰ ਕੇ ਰੱਖ ਦਿੱਤਾ ਜਿਸ ਦੀ ਖਮਿਆਜਾ ਨੌਜਵਾਨਾਂ ਨੂੰ ਆਪਣੀਆਂ ਜਾਨਾਂ ਗੁਆ ਕੇ ਭੁਗਤਣਾ ਪੈ ਰਿਹਾ ਹੈ।

ਗੁਰਪ੍ਰੀਤ ਸਿੰਘ ਮਹਿਦੂਦਾਂ ਅਤੇ ਅਵਤਾਰ ਸਿੰਘ ਭਾਗਪੁਰ ਦੀ ਰਿਪੋਰਟ ਮੁਤਾਬਿਕ ਪਿੰਡ ਕੂੰਮਕਲ੍ਹਾਂ ਦੇ ਨੌਜਵਾਨ ਬੂਟਾ ਸਿੰਘ ਦੀ ਬੀਤੇ ਦਿਨੀਂ ਨਸ਼ੇ ਦੀ ਉਵਰਡੋਜ ਕਾਰਨ ਮੌਤ ਹੋਈ ਸੀ ਉਹ ਪਿੰਡ ਚੌਂਤਾ ਵਿਖੇ ਕਈ ਸਾਲਾਂ ਤੋਂ ਟੈਲੀਫੋਨ ਐਕਚੈਂਜ ਤੇ ਕੱਚੇ ਮੁਲਾਜਮ ਵਜੋਂ ਕੰਮ ਕਰਦਾ ਸੀ। ਲੋਕਾਂ ਅਤੇ ਪਰਿਵਾਰ ਵਿੱਚ ਮੇਹਨਤੀ ਸੁਭਾਅ ਵਜੋਂ ਜਾਣੇ ਜਾਂਦੇ ਇਸ ਗਰੀਬ ਪਰਿਵਾਰ ਦੇ ਨੌਜਵਾਨ ਨੂੰ ਚੌਂਤਾ ਪਿੰਡ ਦੇ ਕੁਝ ਵੇਹਲੜ ਅਤੇ ਅਮੀਰ ਨੌਜਵਾਨਾਂ ਨੇ ਚਿੱਟ ਨਸ਼ੇ ਦੀ ਲੱਤ ਤੇ ਲਗਾ ਦਿੱਤਾ। ਉਸਦੇ ਨਸ਼ੇ ਦੇ ਆਦੀ ਹੋਣ ਜਾਣ ਕਾਰਨ ਵਿਭਾਗ ਵੱਲੋਂ ਨੌਕਰੀ ਤੋਂ ਫਾਰਗ ਕਰ ਦਿੱਤਾ ਗਿਆ। ਇਸਦੇ ਬਾਵਜੂਦ ਨਸ਼ੇ ਦੀ ਲੱਤ ਪੂਰੀ ਕਰਨ ਲਈ ਉਹ ਰੋਜਾਨਾ ਚੌਂਤਾ ਪਿੰਡ ਵਿੱਚ ਆਉਂਦਾ ਜਿਥੇ ਉਹ ਹੋਰਨਾਂ ਨਸ਼ੇੜੀ ਮੁੰਡਿਆ ਨਾਲ ਸਾਂਝੇ ਤੌਰ ਤੇ ਨਸ਼ਾ ਕਰਦਾ ਸੀ। ਭਰੋਸੇਯੋਗ ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ 5 ਅਪ੍ਰੈਲ ਨੂੰ ਵੀ ਉਸਨੇ ਆਪਣੇ ਸਾਥੀਆਂ ਨਾਲ ਨਸ਼ੇ ਦੀ ਉਵਰਡੋਜ ਲਈ ਅਤੇ ਮੌਕੇ ਤੇ ਹੀ ਡਿੱਗ ਗਿਆ। ਉਸ ਨਾਲ ਨਸ਼ਾ ਕਰਨ ਵਾਲੇ ਬਾਕੀ ਨੌਜਵਾਨ ਮੌਕੇ ਤੋਂ ਫਰਾਰ ਹੋ ਗਏ ਸਨ। ਮ੍ਰਿਤਕ ਬੂਟਾ ਸਿੰਘ ਦੇ ਚਾਚਾ ਲਛਮਣ ਸਿੰਘ, ਮੌਜੂਦਾ ਸਰਪੰਚ ਹਰਪ੍ਰਸ਼ਾਦ ਸਿੰਘ ਵਿਰਕ ਅਤੇ ਕਾਮਰੇਡ ਅਮਰਨਾਥ ਨਾਲ ਹੋਈ ਸਿੱਧੀ ਗੱਲਬਾਤ ਜਿਸ ਵਿੱਚ ਉਨ੍ਹਾਂ ਚੌਂਤਾ ਪਿੰਡ 'ਚ ਸ਼ਰੇਆਮ ਵਿਕਦੇ ਨਸ਼ੇ ਨੂੰ ਨੌਜਵਾਨਾਂ ਦੀ ਬੇਵਕਤੀ ਮੌਤ ਲਈ ਜਿੰਮੇਵਾਰ ਆਖ ਸਰਕਾਰ ਤੋਂ ਪਾਬੰਧੀ ਦੀ ਮੰਗ ਕੀਤੀ। ਉਨ੍ਹਾਂ ਮੁੱਖ ਮੰਤਰੀ ਦੇ ਓ ਐਸ ਡੀ ਕਰਨਲ ਸ਼ੇਰਗਿੱਲ ਦੇ ਨਸ਼ਿਆਂ ਸੰਬਧੀ ਕੀਤੇ ਦੌਰੇ ਨੂੰ ਵੀ ਵਿਆਰਥ ਦੱਸਿਆ। ਹੋਈ ਮੌਤ ਸਬੰਧੀ ਜਾਣਕਾਰੀ ਲੈਣ ਲਈ ਜਦੋਂ ਸਾਡੇ ਪ੍ਰਤੀਨਿਧ ਥਾਣਾ ਕੂੰਮਕਲ੍ਹਾਂ ਵਿਖੇ ਗਏ ਤਾਂ ਉਨ੍ਹਾਂ ਨੂੰ ਏਹ ਜਾਣ ਕੇ ਹੈਰਾਨੀ ਹੋਈ ਕਿ ਥਾਣਾ ਮੁੱਖੀ ਐਸ ਆਈ ਦਲਬੀਰ ਸਿੰਘ ਨੂੰ ਮਾਮਲੇ ਬਾਰੇ ਜਾਣਕਾਰੀ ਹੀ ਨਹੀ ਸੀ। ਕਿਸੇ ਕੰਮ ਕਾਰਨ ਛੁੱਟੀ ਤੇ ਗਏ ਥਾਣਾ ਮੁੱਖੀ ਨੂੰ ਹੇਠਲੇ ਅਧਿਕਾਰੀਆਂ ਨੇ ਕੱਲ ਦੇ ਹੋਏ ਵਾਕਿਆ ਦੀ ਹੁਣ ਤੱਕ ਜਾਣਕਾਰੀ ਹੀ ਨਹੀ ਸੀ ਦਿੱਤੀ। ਜਿਥੋਂ ਸਾਫ ਹੋ ਜਾਂਦਾ ਹੈ ਕਿ ਕੂੰਮਕਲ੍ਹਾਂ ਥਾਣੇ ਦੇ ਹੇਠਲੇ ਅਧਿਕਾਰੀਆਂ ਨੂੰ ਆਪਣੇ ਥਾਣਾ ਮੁੱਖੀ ਦੀ ਏਥੋਂ ਤੱਕ ਪ੍ਰਵਾਹ ਨਹੀ ਕਿ ਰੋਪੜ ਦੇ ਸਿਵਲ ਹਸਪਤਾਲ ਜਾ ਕੇ 174 ਦੀ ਕਾਰਵਾਈ ਤੱਕ ਕਰਨ ਤੋਂ ਬਾਅਦ ਵੀ ਉਹ ਜਾਣਕਾਰੀ ਦੇਣਾ ਜਰੂਰੀ ਨਾ ਸਮਝਣ। ਥਾਣੇ ਦੇ ਬਾਹਰ ਮਿਲੇ ਪਿੰਡ ਰਤਨਗੜ੍ਹ ਦੇ ਸਾਬਕਾ ਸਰਪੰਚ ਸੁਖਵਿੰਦਰ ਸਿੰਘ ਨੇ ਕਿਹਾ ਕਿ ਇਨ੍ਹਾਂ ਸਾਰੇ ਪਿੰਡਾਂ ਵਿੱਚ ਨੌਜਵਾਨਾਂ ਦੇ ਟੋਲਿਆਂ ਦੇ ਟੋਲੇ ਮਿਲ ਕੇ ਨਸ਼ਾ ਕਰਦੇ ਹਨ ਅਤੇ ਇਲਾਕੇ ਦੀ ਜਵਾਨੀ ਨੂੰ ਬਰਬਾਦ ਕਰ ਰਹੇ ਨਸ਼ਾ ਤਸ਼ਕਰਾਂ ਤੇ ਪੁਲਿਸ ਕੋਈ ਵੀ ਕਾਰਵਾਈ ਨਹੀ ਕਰ ਰਹੀ।

ਗੁਰਪ੍ਰੀਤ ਸਿੰਘ ਮਹਿਦੂਦਾਂ ਦੀ ਰਿਪੋਰਟ ਮੁਤਾਬਿਕ ਪਿੰਡ ਚੌਂਤੇ ਦੇ 30 ਸਾਲਾ ਕੁਲਦੀਪ ਸਿੰਘ ਪੁੱਤਰ ਬੂਟਾ ਸਿੰਘ ਜਿਸਦੀ 21 ਦਸੰਬਰ 2017 ਨੂੰ ਨਸ਼ਿਆਂ ਕਾਰਨ ਹੀ 40 ਦਿਨ ਡੀ ਐਮ ਸੀ ਹਸਪਤਾਲ ਵਿੱਚ ਜੇਰੇ ਇਲਾਜ ਰਹਿਣ ਤੋਂ ਬਾਅਦ ਮੌਤ ਹੋ ਗਈ ਸੀ ਜਿਸ ਤੇ ਪਰਿਵਾਰ ਦੇ ਬਲਵਿੰਦਰ ਸਿੰਘ ਉਸਦੀ ਪਤਨੀ ਪਰਮਜੀਤ ਕੌਰ ਤੇ ਦੱਸਣ ਮੁਤਾਬਿਕ ਉਸਤੇ 20 ਲੱਖ ਦੇ ਕਰੀਬ ਖਰਚਾ ਆਇਆ ਸੀ ਅਤੇ ਨਸ਼ੇ ਦੇ ਰਾਹੀਂ ਉਹ 2-3 ਸਾਲ ਵਿੱਚ ਹੀ ਸਵਾ ਕਰੋੜ ਦੇ ਕਰੀਬ ਰਾਸ਼ੀ







ਬਰਬਾਦ ਕਰ ਚੁੱਕਾ ਸੀ। ਏਹ ਪੈਸਾ ਉਸਨੇ ਜਮੀਨ ਅਤੇ ਪਲਾਟ ਵੇਚਣ ਤੋਂ ਇਲਾਵਾ ਜਮੀਨ ਦੇ ਠੇਕੇ ਰਾਹੀਂ ਪ੍ਰਾਪਤ ਕੀਤੇ ਸਨ। ਇਸਦਾ 14 ਸਾਲ ਦਾ ਇੱਕਲੋਤਾ ਲੜਕਾ ਹੈ। ਇਸਦੀ ਵਿਧਵਾ ਪਰਮਜੀਤ ਕੌਰ ਨੇ ਰੋ ਰੋ ਸਾਰੀ ਕਹਾਣੀ ਦੱਸੀ ਅਤੇ ਨਸ਼ਿਆਂ ਲਈ ਸਿੱਧੇ ਤੌਰ ਤੇ ਪੰਜਾਬ ਸਰਕਾਰ ਅਤੇ ਪੰਜਾਬ ਪੁਲਿਸ ਨੂੰ ਜਿੰਮੇਵਾਰ ਠਹਿਰਾਇਆ। ਏਸੇ ਪਰਿਵਾਰ ਦਾ 38 ਸਾਲਾ ਸੁਖਜੀਤ ਸਿੰਘ ਪੁੱਤਰ ਜਰਨੈਲ ਸਿੰਘ ਦੀ 6 ਜਨਵਰੀ 2018 ਨੂੰ ਉਵਰਡੋਜ ਲੈਣ ਕਾਰਨ ਇੱਕ ਸੜਕੀ ਹਾਦਸੇ ਵਿੱਚ ਮੌਤ ਹੋ ਗਈ ਸੀ। ਇਸ ਹਾਦਸੇ ਵਿੱਚ ਇਸਦੀ ਪਤਨੀ ਸੁਖਵਿੰਦਰ ਕੌਰ ਦੀ ਵੀ ਮੌਤ ਹੋ ਗਈ ਸੀ ਜਦਕਿ 17 ਸਾਲਾ ਲੜਕਾ ਹਰਮਨ ਗੰਭੀਰ ਜਖਮੀਂ ਹੋ ਕੇ ਕਈ ਦਿਨ ਕੌਮਾ 'ਚ ਰਿਹਾ। ਅੱਜ ਵੀ ਏਹ ਲੜਕਾ ਦਿਮਾਗੀ ਤੌਰ ਤੇ ਠੀਕ ਨਹੀ ਹੈ ਅਤੇ ਕਈ ਮਹੀਨੇ ਬੀਤਣ ਦੇ ਬਾਵਜੂਦ ਇਸ ਲੜਕੇ ਨੂੰ ਇਸਦੇ ਮਾਤਾ ਪਿਤਾ ਦੀ ਮੌਤ ਬਾਰੇ ਨਹੀ ਦੱਸਿਆ ਗਿਆ। ਇਸ ਬੀ ਕਾਮ ਕਰਦੀ ਵੱਡੀ ਭੈਣ ਲਵਲੀਨ ਕੌਰ ਨੇ ਦੱਸਿਆ ਕਿ ਮਾਤਾ ਪਿਤਾ ਦਾ ਮੌਤ ਤੋਂ ਬਾਅਦ ਸਾਡੇ ਦੋਵਾਂ ਭੈਣ ਭਰਾਵਾਂ ਦੀ ਪੜਾਈ ਵਿਚਕਾਰ ਹੀ ਛੁੱਟ ਗਈ ਸੀ। ਉਸਨੇ ਦੱਸਿਆ ਕਿ ਨਸ਼ੇ ਦੀ ਆਦਤ ਤੋਂ ਪਹਿਲਾਂ ਉਸਦਾ ਪਿਤਾ ਉਨ੍ਹਾਂ ਨੂੰ ਬਹੁਤ ਪਿਆਰ ਕਰਦਾ ਸੀ ਪਰ ਨਸ਼ੇ ਦੇ ਆਦੀ ਬਣਨ ਤੋਂ ਬਾਅਦ ਉਸਨੇ ਸਾਨੂੰ ਪਿਆਰ ਕਰਨਾ ਛੱਡ ਦਿੱਤਾ ਅਤੇ ਘਰ ਵਿੱਚ ਮਾਂ ਨਾਲ ਰੋਜਾਨਾ ਲੜਾਈ ਝਗੜਾ ਕਰਨ ਲੱਗ ਪਿਆ। ਉਸਦੇ ਰਿਸਤੇ 'ਚ ਭਰਾ ਬਲਵਿੰਦਰ ਸਿੰਘ ਨੇ ਦੱਸਿਆ ਕਿ ਸੁਖਜੀਤ ਸਿੰਘ ਵੀ ਸਵਾ ਕਰੋੜ ਰੁਪਈਆਂ 2-3 ਸਾਲਾਂ ਵਿੱਚ ਨਸ਼ੇ ਰਾਹੀਂ ਖਾਹ ਗਿਆ। ਉਨ੍ਹਾਂ ਦੱਸਿਆ ਕਿ ਪਿੰਡ ਵਿੱਚ ਇੱਕ ਖਾਸ ਭਾਈਚਾਰੇ ਦੇ ਲੋਕ ਰਹਿੰਦੇ ਹਨ ਜਿਨ੍ਹਾਂ ਦੀਆਂ ਔਰਤਾਂ ਤੱਕ ਨਸ਼ੇ ਵੇਚਣ ਦਾ ਕੰਮ ਕਰਦੀਆਂ ਹਨ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਓ ਐਸ ਡੀ ਕਰਨਲ ਸ਼ੇਰਗਿੱਲ ਦੇ ਦੌਰੇ ਤੋਂ ਬਾਅਦ ਲੋਕਾਂ ਨੇ ਪਿੰਡ ਦੇ ਸਾਰੇ ਨਸ਼ਾ ਤਸਕਰਾਂ ਦੀ ਇੱਕ ਲਿਸਟ ਬਣਾ ਕੇ ਪੁਲਿਸ ਕਮਿਸ਼ਨਰ ਲੁਧਿਆਣਾ, ਡੀ ਸੀ ਪੀ , ਮੁੱਖ ਮੰਤਰੀ ਦੇ ਦਫਤਰ ਅਤੇ ਕਰਨਲ ਸ਼ੇਰਗਿੱਲ ਨੂੰ ਭੇਜੀ ਪਰ ਅਜੇ ਤੱਕ ਨਸ਼ਾ ਤਸ਼ਕਰਾਂ ਤੇ ਕੋਈ ਕਾਰਵਾਈ ਨਹੀ ਹੋ ਰਹੀ। ਉਨ੍ਹਾਂ ਕਿਹਾ ਕਿ ਇਸਦੇ ਉਲਟ ਨਸ਼ੇ ਦੀ ਤਸ਼ਕਰੀ ਪਹਿਲਾਂ ਨਾਲੋਂ ਵੀ ਵੱਧ ਗਈ ਹੈ। ਉਨ੍ਹਾਂ ਦੱਸਿਆ ਕਿ ਜੇਕਰ ਕਿਸੇ ਵੱਲੋਂ ਪੁਲਿਸ ਨੂੰ ਨਸ਼ੇ ਦੀ ਤਸ਼ਕਰੀ ਬਾਰੇ ਸੂਚਨਾ ਦਿੱਤੀ ਵੀ ਜਾਂਦੀ ਹੈ ਤਾਂ ਪੁਲਿਸ ਦੇ ਅੰਦਰਲੇ ਅਧਿਕਾਰੀ ਤੇ ਮੁਲਾਜਮ ਨਸ਼ਾ ਤਸ਼ਕਰਾਂ ਤੱਕ ਇਸਦੀ ਸੂਚਨਾ ਪਹੁੰਚਾ ਦਿੰਦੇ ਹਨ ਜਿਸ ਕਾਰਨ ਸਾਰੇ ਰੇਡ ਵਿਆਰਥ ਹੀ ਚੱਲੀ ਜਾਂਦੀ ਹੈ। ਪਿੰਡ ਦੇ ਕਈ ਹੋਰਨਾਂ ਲੋਕਾਂ ਨੇ ਆਪਣਾ ਨਾਮ ਨਾ ਛਾਪਣ ਦੀ ਸ਼ਰਤ ਤੇ ਦੱਸਿਆ ਕਿ ਥਾਣਾ ਕੂੰਮਕਲ੍ਹਾਂ ਦੇ ਕਈ ਮੁਲਾਜਮ ਜਿਥੇ ਨਸ਼ੇ ਦੇ ਆਦੀ ਹਨ ਉਥੇ ਨਸ਼ੇ ਦੀ ਤਸ਼ਕਰੀ ਵੀ ਕਰਦੇ ਹਨ। ਲੋਕਾਂ ਨੇ ਕਿਹਾ ਕਿ ਪੁਲਿਸ ਜੇਕਰ ਨਸ਼ਿਆਂ ਨੂੰ ਖਤਮ ਕਰਨ ਲਈ ਵਿਸ਼ੇਸ ਮੁਹਿੰਮ ਚਲਾਏ ਤਾਂ ਅਸੀ ਹਰ ਪ੍ਰਕਾਰ ਦਾ ਸਹਿਯੋਗ ਦੇਣ ਲਈ ਤਿਆਰ ਹਾਂ। ਉਨ੍ਹਾਂ ਵਿੱਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੁਆਰਾ ਹੱਥ ਵਿੱਚ ਸ੍ਰੀ ਗੁਟਕਾ ਸਾਹਿਬ ਫੜ੍ਹ ਕੇ ਨਸ਼ਿਆਂ ਨੂੰ ਚਾਰ ਹਫਤਿਆਂ ਵਿੱਚ ਖਤਮ ਕਰਨ ਦੇ ਵਾਅਦੇ ਤੇ ਖਰ੍ਹਾ ਨਾ ਉਤਰਨ ਕਾਰਨ ਵੀ ਰੋਸ ਸੀ।

ਗੁਰਪ੍ਰੀਤ ਸਿੰਘ ਮਹਿਦੂਦਾਂ ਦੀ ਰਿਪੋਰਟ ਮੁਤਾਬਕ 4 ਅਪ੍ਰੈਲ 2018 ਨੂੰ ਪਿੰਡ ਬੋੜੇ ਦਾ 21 ਸਾਲਾ ਜਸਪਾਲ ਸਿੰਘ ਪੁੱਤਰ ਪਰਮਜੀਤ ਸਿੰਘ ਜੋ ਅਜੇ ਕੁਆਰਾ ਸੀ ਅਤੇ ਕੰਬਾਈਨ ਤੇ ਕੰਮ ਕਰਦਾ ਸੀ ਦੀ ਮੌਤ ਵੀ ਉਵਰਡੋਜ ਨਸ਼ੇ ਕਾਰਨ ਹੀ ਹੋਈ ਸੀ। ਉਸਦੇ ਪਿਤਾ ਪਰਮਜੀਤ ਸਿੰਘ, ਦਰਸ਼ਨ ਸਿੰਘ ਅਤੇ ਹੋਰਨਾਂ ਪਿੰਡ ਵਾਸੀਆਂ ਨੇ ਦੱਸਿਆ ਕਿ ਜਸਪਾਲ ਸਿੰਘ ਨਸ਼ੇ ਦਾ ਆਦੀ ਨਹੀ ਸੀ। ਮੌਤ ਵਾਲੇ ਦਿਨ ਉਹ ਕੰਬਾਈਨ ਤੋਂ ਘਰ ਆਇਆ ਤਾਂ ਪਿੰਡ ਦੇ ਹੀ ਕੁਝ ਨੌਜਵਾਨ ਜੋ ਨਸ਼ਿਆ ਦੇ ਆਦੀ ਹਨ ਉਨ੍ਹਾਂ ਦੇ ਘਰ ਆ ਕੇ ਉਸਨੂੰ ਬੁਲਾ ਕੇ ਲੈ ਗਏ। ਜਿਥੇ ਉਨ੍ਹਾਂ ਨੇ ਜਸਪਾਲ ਨੂੰ ਨਸ਼ਾ ਦੇ ਦਿੱਤਾ ਜਿਸਨੂੰ ਨਾ ਸਹਾਰਦੇ ਹੋਏ ਉਸਦੀ ਮੌਤ ਹੋ ਗਈ। ਬੁੱਢੇ ਬਾਪ ਨੇ ਰੋਂਦੇ ਹੋਏ ਦੱਸਿਆ ਕਿ ਉਸਦੇ ਬੁਢਾਪੇ ਦਾ ਸਹਾਰਾ ਉਸਦਾ ਲੜਕਾ ਜਬਰੀ ਦਿੱਤੇ ਨਸ਼ੇ ਦੀ ਭੇਂਟ ਚੜਿਆ ਹੈ ਤੇ ਪੁਲਿਸ ਨੂੰ ਇਸ ਲਈ ਜਿੰਮੇਵਾਰ ਨਸ਼ੇੜੀਆਂ ਦੇ ਨਾਮ ਦੱਸਣ ਦੇ ਬਾਵਜੂਦ ਪੁਲਿਸ ਵਾਲਿਆਂ ਨੇ ਸਾਡੀ ਸਿਕਾਇਤ ਤੱਕ ਦਰਜ ਨਹੀ ਕੀਤੀ। ਉਨ੍ਹਾਂ ਕਿਹਾ ਕਿ ਜੇਕਰ ਪੁਲਿਸ ਸਮਾਂ ਰਹਿੰਦਿਆਂ ਕਾਰਵਾਈ ਕਰਦੀ ਤਾਂ ਮੌਤ ਲਈ ਜਿੰਮੇਵਾਰ ਨਸ਼ੇੜੀਆਂ ਸਮੇਤ ਨਸ਼ਾ ਤਸ਼ਕਰ ਵੀ ਕਾਬੂ ਕੀਤੇ ਜਾ ਸਕਦੇ ਸਨ। ਦਰਸ਼ਨ ਸਿੰਘ ਨੇ ਦੱਸਿਆ ਕਿ ਜੰਗਲ ਵਿੱਚ ਇੱਕ ਝੋਪੜੀ ਹੈ ਜਿਥੋਂ ਪਿੰਡ ਦੇ ਅਤੇ ਇਲਾਕੇ ਦੇ ਭੋਲੇ ਭਾਲੇ ਨੌਜਵਾਨਾਂ ਨੂੰ ਨਸ਼ਾ ਦਿੱਤਾ ਜਾਂਦਾ ਹੈ ਅਤੇ ਪੁਲਿਸ ਅਜਿਹੇ ਲੋਕਾਂ ਤੇ ਕੋਈ ਕਾਰਵਾਈ ਨਹੀ ਕਰਦੀ। ਉਨ੍ਹਾਂ ਕਿਹਾ ਕਿ ਬਹੁਤ ਹੋ ਗਿਆ ਮੌਤ ਦਾ ਏਹ ਤਾਂਡਵ ਜੇਕਰ ਪੁਲਿਸ ਪ੍ਰਸ਼ਾਸਨ ਨੇ ਆਪਣੇ ਪੱਧਰ ਤੇ ਜਲਦੀ ਕੋਈ ਕਾਰਵਾਈ ਨਾ ਕੀਤੀ ਤਾਂ ਉਹ ਸੜਕਾਂ ਤੇ ਉਤਰਨ ਤੋਂ ਗੁਰੇਜ ਨਹੀ ਕਰਨਗੇ। ਉਨ੍ਹਾਂ ਨਸ਼ੇ ਦੀ ਤਸ਼ਕਰੀ ਲਈ ਚੌਂਤਾ ਪਿੰਡ ਵੱਲ ਇਸਾਰਾ ਕੀਤਾ।

ਇਸ ਸਬੰਧੀ ਗੱਲ ਕਰਨ ਤੇ ਹਲਕੇ ਦੀ ਕਾਂਗਰਸ ਪਾਰਟੀ ਤੋਂ ਇੰਚਾਰਜ ਬੀਬੀ ਸਤਵਿੰਦਰ ਕੌਰ ਬਿੱਟੀ ਨੇ ਕਿਹਾ ਕਿ ਉਹ ਹਲਕੇ 'ਚ ਫੈਲੇ ਨਸ਼ਿਆਂ ਦੇ ਜਾਲ ਪ੍ਰਤੀ ਕਾਫੀ ਗੰਭੀਰ ਹਨ ਅਤੇ ਇਸਦੇ ਹੱਲ ਵਜੋਂ ਐਸ ਟੀ ਐਫ ਦੇ ਮੁੱਖੀ ਹਰਪ੍ਰੀਤ ਸਿੰਘ ਸਿੱਧੂ ਅਤੇ ਡੀ ਜੀ ਪੀ ਪੰਜਾਬ ਨੂੰ ਮਿਲ ਚੁੱਕੇ ਹਨ ਜਿਨ੍ਹਾਂ ਕੁਝ ਸਮਾਂ ਪਹਿਲਾਂ ਸਖਤ ਕਾਰਵਾਈ ਕੀਤੀ ਸੀ। ਉਨ੍ਹਾਂ ਕਿਹਾ ਕਿ ਜੇਕਰ ਹਾਲਾਤ ਪਹਿਲਾਂ ਤੀ ਤਰ੍ਹਾਂ ਹਨ ਤਾਂ ਉਹ ਜਲਦ ਹੀ ਉਨ੍ਹਾਂ ਨਾਲ ਦੁਬਾਰਾ ਮੁਲਾਕਾਤ ਕਰਕੇ ਇਸਦਾ ਪੁਖਤਾ ਪ੍ਰਬੰਧ ਕਰਨਗੇ।

ਏ ਡੀ ਸੀ ਪੀ 4 ਰਾਜਵੀਰ ਸਿੰਘ ਬੋਪਾਰਾਏ ਨੇ ਕਿਹਾ ਕਿ ਨਸ਼ਾ ਤਸ਼ਕਰਾਂ ਨੇ ਆਪਣਾ ਪਹਿਲਾਂ ਵਾਲਾ ਢੰਗ ਬਦਲ ਲਿਆ ਹੈ ਪਰ ਸਾਡੇ ਵੱਲੋਂ ਇਸ ਮਾਮਲੇ ਦੀ ਗੰਭੀਰਤਾ ਨੂੰ ਸਮਝਦੇ ਹੋਏ ਜਲਦ ਹੀ ਬਦਲਵੇਂ ਢੰਗਾਂ ਨਾਲ ਸਖਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਉਨ੍ਹਾਂ ਪੁਲਿਸ ਦੀ ਕਾਰਗੁਜਾਰੀ ਤੇ ਲੱਗੇ ਹਰ ਪ੍ਰਕਾਰ ਦੇ ਸਵਾਲਾਂ ਦੇ ਵਿਰਾਮ ਲਗਾਉਂਦਿਆਂ ਕਿਹਾ ਕਿ ਉਨ੍ਹਾਂ ਦੇ ਹਲਕੇ ਵਿੱਚ ਹੀ ਥੋੜੇ ਹੀ ਦਿਨਾਂ ਵਿੱਚ 18 ਨਸ਼ਿਆਂ ਦੀ ਤਸ਼ਕਰੀ ਦੇ ਪਰਚਾ ਦਰਜ ਕੀਤੇ ਜਾ ਚੁੱਕੇ ਹਨ ਜਿਨ੍ਹਾਂ ਵਿੱਚ 40 ਕਿਲੋ ਅਤੇ  ਕਿਲੋ ਦੀ ਹੈਰੋਇਨ ਤਸ਼ਕਰੀ ਵੀ ਸਾਮਿਲ ਹੈ। ਉਨ੍ਹਾਂ ਕਿਹਾ ਕਿ 7 ਮਈ ਤੋਂ ਉਨ੍ਹਾਂ ਵੱਲੋਂ ਲੋਕਾਂ ਨੂੰ ਨਸ਼ਿਆਂ ਖਿਲਾਫ ਜਾਗਰੂਕ ਕਰਨ ਅਤੇ ਤਸ਼ਕਰਾਂ ਤੇ ਕਾਰਵਾਈ ਕਰਨ ਹਿੱਤ ਇੱਕ ਵਿਸ਼ੇਸ ਪ੍ਰੋਗਰਾਮ ਬਣਾਇਆ ਗਿਆ ਹੈ ਜਿਸ ਵਿੱਚ ਆਮ ਲੋਕ ਸਮੂਲੀਅਤ ਕਰਕੇ ਪੁਲਿਸ ਦੇ ਦੋਸਤ ਬਣਨ ਤੇ ਨਸ਼ਿਆਂ ਰੂਪੀ ਕੋਹੜ ਨੂੰ ਜੜ੍ਹ ਤੋਂ ਖਤਮ ਕਰਨ ਲਈ ਪੁਲਿਸ ਦੇ ਸਹਿਯੋਗੀ ਬਣਨ।










ਆਂਧਰਾ ਪ੍ਰਦੇਸ਼ ਵਿਚ ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦੀ 38ਵੀਂ ਬਰਸੀ ਸ਼ਰਧਾ ਨਾਲ ਮਨਾਈ ਗਈ। ਬਾਬੂ ਮੰਗੂ ਰਾਮ ਮੁਗੋਵਾਲੀਆ ਜੀ ਨੂੰ ਸ਼ਰਧਾਂਜਲੀਆਂ ਦਿੰਦਿਆਂ ਸੰਗਤਾਂ, ਤੇਜਪਾਲ ਗੰਗੜ ਰਾਹੀਂ ਭੇਜੀਆਂ ਤਸਵੀਰਾਂ ਦੀ ਜੁਬਾਨੀ।



# ਸਿਆਟਲ ਵਿਚ ਬਾਡੀ ਬਿਲਡਰ ਬਿੱਕਰ ਸਿੰਘ ਪਰਹਾਰ ਤੇ ਯੂ.ਐਸ.ਕਾਂਗਰਸ ਉਮੀਦਵਾਰ ਜਸਨ ਸਨਮਾਨਿਤ

**ਸਿਆਟਲ (ਗੁਰਚਰਨ ਸਿੰਘ ਢਿੱਲੋਂ)–** ਡੈਮੋਕ੍ਰੇਟਿਕ ਪਾਰਟੀ ਵੱਲੋਂ ਯੂ. ਐਸ. ਕਾਂਗਰਸਮੈਨ ਲਈ ਵਾਸ਼ਿੰਗਟਨ ਸਟੇਟ ਵੱਲੋਂ ਖੜ੍ਹੇ ਉਮੀਦਵਾਰ ਜਸਨ ਰਾਈਟਰੇਜਰ ਅਤੇ ਬਾਡੀ ਬਿਲਡਿੰਗ ਮੁਕਾਬਲੇ ਵਿਚ ਸੁਪਰ ਗਰਾਂਡ ਮਾਸਟਰ ਦਾ 70 ਸਾਲ ਤੋਂ ਵੱਧ ਉਮਰਦੇ ਜੇਤੂ ਪਹਿਲਵਾਨ ਬਿੱਕਰ ਸਿੰਘ ਪਰਹਾਰ ਨੂੰ ਗੁਰਦੁਆਰਾ ਸੱਚਾ ਮਾਰਗ ਦੇ ਮੁਖੀ ਹਰਵਿੰਦਰ ਸਿੰਘ ਸੰਧੂ ਤੇ ਹੈਡ ਗ੍ਰੰਥੀ ਗੁਰਮੀਤ ਸਿੰਘ ਵੱਲੋਂ






ਸਿਰੋਪਾਓ ਦੇ ਕੇ ਨਿਵਾਜਿਆਗਿਆ। ਗੁਰਦੁਆਰਾ ਸੱਚਾ ਮਾਰਗ ਦੇ ਹਫਤਾਵਾਰੀ ਦੀਵਾਨ ਸਮੇਂ ਭਾਈ ਰਘਵੀਰ ਸਿੰਘ, ਗੁਰਮੀਤ ਸਿੰਘ ਤੇ ਭਾਈ ਜੋਗਾ ਸਿੰਦ ਦੇ ਕੀਰਤਨੀ ਜਥੇ ਨੇ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਇਯ ਮੌਕੇ ਬਲਜੀਤ ਸਿੰਘ ਤੇ ਬੀਬੀ ਪਰਮਜੀਤ ਕੌਰ ਨੇ ਆਪਣੀ ਲੜਕੀ ਦੇ ਜਨਮ ਦਿਨ ਦੀ ਖੁਸ਼ੀ ਵਿਚ ਲੰਗਰ ਦੀ ਸੇਵਾ ਕੀਤੀ।

# ਸਿੱਖ ਐਜੂਕੇਸ਼ਨ ਅਭਿਆਨ ਨੂੰ 2018 ਸੋਸ਼ਲ ਮੀਡੀਆ ਦੇ ਐਵਾਰਡ ਲਈ ਨਾਮਜ਼ਦ ਕੀਤਾ ਗਿਆ

**ਵਾਸ਼ਿੰਗਟਨ– ਹੁਸਨ ਲੜੋਆ ਬੰਗਾ)–** ਅਮਰੀਕਾ 'ਚ ਸਿੱਖ ਧਰਮ ਅਤੇ ਦਸਤਾਰ ਬਾਰੇ ਸਕ-'ਰਾਤਮਕ ਜਾਗਰੂਕਤਾ ਪੈਦਾ ਕਰਨ ਲਈ ਕੌਮੀ ਸਿੱਖ ਮੁਹਿੰਮ (ਨੈਸ਼ਨਲ ਸਿੱਖ ਕੈਂਪੇਨ) ਵੱਲੋਂ ਚਲਾਏ ਸਿੱਖ ਐਜੂਕੇਸ਼ਨ ਅਭਿਆਨ ਨੂੰ 2018 ਸੋਸ਼ਲ ਮੀਡੀਆ ਦੇ ਐਵਾਰਡ ਲਈ ਨਾਮਜਦ ਕੀਤਾ ਗਿਆ। ਇਹ ਦੂਜਾ ਪ੍ਰਭਾਵਸ਼ਾਲੀ ਐਵਾਰਡ ਸਿੱਖਾਂ ਵੱਲੋਂ ਚਲਾਈ ਇਸ ਮੁਹਿੰਮ ਦੇ ਹਿੱਸੇ ਆਇਆ ਹੈ। ਟਵਿਟਰ, ਫੇਸਬੁੱਕ, ਯੂ-ਟਿਊਬ, ਟਮਬਲਰ, ਇਟਸਾਗਰਾਮ, ਸਨੈਪਚੈਟ ਆਦਿ ਬਾਕੀ ਸਾਰੇ ਡਿਜ਼ੀਟਲ ਦੁਨੀਆਂ ਦੇ ਅਦਾਰਿਆਂ ਵਿਚ ਸਿੱਖ ਐਡ ਨੂੰ ਪੁਰਸਕਾਰ- ਸੋਸ਼ਲ ਮੀਡੀਆ ਤੇ ਸਭ ਤੋਂ ਵਧੀਆ ਸਮੱਗਰੀ ਸਿਰਜਣ ਲਈ ਅਤੇ ਵਧੀਆ ਮੁਹਿੰਮ ਚਲਾਉਣ ਲਈ ਸਨਮਾਨ ਕਰਨ ਲਈ ਫਾਈਨਲ ਕਤਾਰ ਵਿਚ ਨਾਮਜ਼ਦ ਕੀਤਾ ਗਿਆ ਹੈ। ਫਾਈਨਲਜ਼ ਵਿਚ ਮੀਡੀਆ ਅਤੇ ਪ੍ਰਭਾਵਸ਼ਾਲੀ ਲੋਕਾਂ ਨੂੰ ਜਨਤਾ ਦੇ ਵੋਟ ਦੇ ਨਾਲ ੋੜ ਕੇ ਅਤੇ ਰੀਅਲ-ਟਾਈਮ ਅਕਾਦਮੀ ਦੇ ਸਕੋਰ ਨਾਲ ਚੋਣ ਕੀਤੀ ਗਈ। ਪਿਛਲੇ ਜੇਤੂਆਂ ਵਿਚ ਮੀਡੀਆ ਵਿਚ ਪ੍ਰਭਾਵ ਲਈ ਸੰਸਾਰ ਦੇ ਸਭ ਤੋਂ ਮਸ਼ਹੂਰ ਮਨੋਰੰਜਕ, ਲੇਖਕ ਅਤੇ ਮਸ਼ਹੂਰ ਹਸਤੀਆਂ ਸ਼ਾਮਲ ਹਨ ਇਹਨਾਂ ਵਿਚਟੇਲਰ ਸਵਿਫਟ, ਟਾਈਲਰ ਓਕਲੀ, ਕੈਸੀ ਨੀਸਟੈਟ, ਹੈਨੀਬਲ ਬੂਸ, ਮਲਾਲਾ ਯੂਸਫਜ਼ਈ, ਜੇਨਾ ਮਾਰਬਲਸ, ਜੇ. ਕੇ. ਰੋਲਿੰਗ, ਅਡੇਲੇ, ਡੀਜੇ ਖਾਲਦ ਅਤੇ ਕਈ ਹੋਰ ਜਿਹੜੇ ਸੋਸ਼ਲ ਮੀਡੀਆ ਰਾਹੀਂ ਮੁਹਿੰਮ ਚਲਾ ਰਹੇ ਹਨ।

# ਆਸਿਫਾ ਦੇ ਹੱਕ ਵਿਚ ਮਾਰਿਆ ਹਾਅ ਦਾ ਨਾਅਰਾ

**ਨਿਊਯਾਰਕ (ਹੁਸਨ ਲੜੋਆ ਬੰਗਾ)–** ਕਸ਼ਮੀਰ ਦੇ ਕਠੂਆ ਜ਼ਿਲ੍ਹੇ ਵਿਚ 8 ਸਾਲਾ ਮੁਸਲਮਾਨ ਬੱਚੀ ਆਸਿਫਾ ਬਾਨੋ ਨਾਲ ਹੋਏ ਜਬਰ ਜਿਨਾਹ ਪਿੱਛੋਂ ਕੀਤੇ ਗਏ ਉਸ ਦੇ ਕਤਲ ਖਿਲਾਫ ਜਿੱਥੇ ਦੁਨੀਆਂ ਭਰ ਵਿਚ ਭਾਰਤ ਸਰਕਾਰ ਖਿਲਾਫ ਰੋਸ ਪ੍ਰਦਰਸ਼ਨ ਹੋ ਰਹੇ ਹਨ, ਸਥਾਨਕ 'ਟੇਸਟ ਆਫ ਲਾਹੌਰ' ਰੈਸ-ਟੋਰੈਂਟ ਵਿਚ ਆਲ ਪਾਕਿਸਤਾਨੀ ਅਮ-ਰੀਕਲ ਕੋਲੀਸ਼ਨ (ਏਪੈਕ) ਵੱਲੋਂ ਭਾਈਚਾਰਕ ਸਾਂਝ ਦਾ ਸੁਨੇਹਾ ਦੇਣ ਦੇ ਮੰਤਵ ਨਾਲ ਕਠੂਆ ਵਿਚ ਵਾਪਰੀ ਇਸ ਘਟਨਾ ਦੀ ਨਿਖੇਧੀ ਕਰਦਿਆਂ



ਵਿਚਾਰ ਚਰਚਾ ਅਤੇ ਕੈਂਡਲ ਲਾਈਟ ਮਾਰਚ ਕੀਤਾ ਗਿਆ, ਜਿਸ ਵਿਚ ਸਿੱਖ ਭਾਈਚਾਰੇ ਵੱਲੋਂ ਵੀ ਵੱਡੀ ਗਿਣਤੀ ਵਿਚ ਸ਼ਮੂਲੀਅਤ ਕੀਤੀ ਗਈ। ਮੁਸਲਮਾਨ ਆਗੂ ਸਲੀਮ ਮਲਿਕ ਨੇ ਇਯ ਮਾਮਲੇ ਵਿਚ ਭਾਰਤ ਸਰਕਾਰ ਦੀ ਚੁੱਪ ਅਤੇ ਕਸ਼ਮੀਰ ਵਿਚ ਭਾਜਪਾ ਦੇ ਆਗੂਆਂ ਵੱਲੋਂ ਦੋਸ਼ੀਆਂ ਦਾ ਸਾਥ ਦੇਣਦੇ ਅਮਲਾਂ ਦੀ ਸਖਤ ਸ਼ਬਦਾਂ ਵਿਚ ਨਿੰਦਾ ਕੀਤੀ ਗਈ ਅਤੇ ਕਿਹਾ ਕਿ ਮੋਦੀ ਸਰਕਾਰ ਨਾਜ਼ੀ ਜਰਮਨੀ ਦੀ ਤਰਜ਼ 'ਤੇ ਅਗਾਂਹ ਵੱਧ ਰਹੀ ਹੈ। ਔਰਤਾਂ ਖਿਲਾਫ ਵਧਦੀਆਂ ਅਪਰਾਧਿਕ ਘਟਨਾਵਾਂ ਖਿਲਾਫ ਇਯ ਸਮਾਗਮ ਵਿਚ ਨੌਜਵਾਨ ਸਿੱਖ ਬੀਬੀਆਂ ਵੱਲੋਂ ਵੀ ਸੰਬੋਧਨ ਕੀਤਾ ਗਿਆ, ਜਿਹਨਾਂ ਵਿਚ ਜਸਪ੍ਰੀਤ ਕੌਰ (ਅਟਾਰਨੀ), ਬ੍ਰਹਮਜੋਤ ਕੌਰ ਅਤੇ ਤੇਜਕਿਰਨ ਕੌਰ ਦੇ ਨਾਂ ਸ਼ਾਮਲ ਹਨ।

# ਉਂਕਾਰ ਸਿੰਘ ਝੰਮਟ ਚੱਬੇਵਾਲ ਦੇ ਵਿਧਾਨ ਸਭਾ ਦੇ ਇੰਚਾਰਜ ਬਣੇ

**ਹੁਸਿਆਰਪੁਰ–** ਡਾ ਮੇਘਰਾਜ ਇੰਚਾਰਜ ਬਸਪਾ ਪੰਜਾਬ ਤੇ ਐਮ ਐਲ ਤੋਮਰ ਤੇ ਰਛਪਾਲ ਸਿੰਘ ਰਾਜੂ ਸੂਬਾ ਪ੍ਰਧਾਨ ਬਹੁਜਨ ਸਮਾਜ ਪਾਰਟੀ ਨੇ ਉਂਕਾਰ ਸਿੰਘ ਝੰਮਟ ਸੀਨੀਅਰ ਆਗੂ ਬਸਪਾ ਪੰਜਾਬ ਨੂੰ ਵਿਧਾਨ ਸਭਾ ਹਲਕਾ ਚੱਬੇਵਾਲ ਦਾ ਇੰਚਾਰਜ ਨਿ-ਯੁਕਤ ਕੀਤਾ ਗਿਆ ਡਾ ਮੇਘਰਾਜ ਤੇ ਐਮ ਐਲ ਤੋਮਰ ਤੇ ਰਛਪਾਲ ਸਿੰਘ ਰਾਜੂ ਆਦਿ ਸੀਨੀਅਰ ਆਗੂਆਂ ਨੇ ਕਿਹਾ ਕਿ ਉਂਕਾਰ ਸਿੰਘ ਝੰਮਟ ਦੀਆਂ ਪਾਰਟੀ ਪ੍ਰਤੀ ਇਮਦਾਰੀ ਤੇ ਸਮਾਜ ਉਤੇ ਹੋ ਰਹੇ ਜੁਲਮ ਦਾ ਖਿਲਾਫ ਸੰਘਰਸ਼ ਕਰਨ ਵਾਲੇ ਤੇ ਹਲਕਾ ਚੱਬੇਵਾਲ ਦੇ ਲੋਕਾਂ ਦੀ ਮੰਗ ਨੂੰ ਮੁੱਖ ਰੱਖ ਕੇ ਉਂਕਾਰ ਸਿੰਘ ਝੰਮਟ ਨੂੰ ਹਲਕਾ ਚੱਬੇਵਾਲ ਵਿਧਾਨ ਸਭਾ ਦਾ ਇੰਚਾਰਜ ਨਿਯੁਕਤ ਕੀਤਾ ਗਿਆ ਹੈ ਇਸ ਮੇਕੇ ਤੇ ਉਂਕਾਰ ਸਿੰਘ ਝੰਮਟ ਨੇ ਡਾ ਮੇਗ ਰਾਜ ਇੰਚਾਰਜ ਬਸਪਾ ਪੰਜਾਬ ਤੇ ਐਮ ਐਲ ਤੋਮਰ ਤੇ ਰਛਪਾਲ ਸਿੰਘ ਰਾਜੂ ਸੂਬਾ ਪ੍ਰਧਾਨ ਬਹੁਜਨ ਸਮਾਜ ਪਾਰਟੀ ਆਦਿ ਆਗੂਆਂ ਦਾ ਧੰਨਵਾਦ ਕੀਤਾ ਤੇ ਉਂਕਾਰ ਸਿੰਘ ਝੰਮਟ ਨੇ ਕਿਹਾ ਕਿ ਮੇ ਹਲਕਾ ਚੱਬੇਵਾਲ ਦੇ ਲੋਕਾਂ ਦੀਆਂ ਮੁਸ਼ਕਲਾਂ ਨੂੰ ਹੱਲ ਕਰਨ ਹਮੇਸ਼ਾ ਤਿਆਰ ਰਿਹਾ ਗਾ ਇਸ ਮੇਕੇ ਤੇ ਦਲਜੀਤ ਰਾਏ , ਸੁਖਦੇਵ ਬਿੱਟਾ ਸਰਪੰਚ, ਬੀਬੀ ਮਹਿੰਦਰ ਕੋਰ, ਨਛੱਤਰ ਸਿੰਘ, ਹਰਜੀਤ ਲਾਡੀ, ਮਨਿੰਦਰ ਸਿੰਘ ਸੇਰਪੁਰੀ, ਅਮਰਜੀਤ ਕੁਮਾਰ ਭੱਟੀ, ਦਰਸ਼ਨ



ਲੱਧੜ, ਠੇਕੇਦਾਰ ਭਗਵਾਨ ਦਾਸ ਸਿੱਧੂ, ਪ੍ਰਸ਼ੋਤਮ ਅਹੀਰ, ਐਡਵੋਕੇਟ ਰਣਜੀਤ ਕੁਮਾਰ, ਇੰਜ ਮਹਿੰਦਰ ਸਿੰਘ ਸੰਧਰਾ, ਮਦਨ ਸਿੰਘ ਬੈਂਸ , ਗੁਰਮੀਤ ਕੋਰ, ਡਾ ਮਾਧੋ ਰਾਮ, ਡਾ ਰਤਨ ਚੰਦ , ਗਿਆਨ ਚੰਦ, ਵਿਜੇ ਪਾਲ ਮੰਟੂ ਰਹੀਮਪੁਰ, ਆਦਿ ਆਗੂਆਂ ਨੇ ਉਂਕਾਰ ਸਿੰਘ ਝੰਮਟ ਨੂੰ ਹਲਕਾ ਚੱਬੇਵਾਲ ਦਾ ਇੰਚਾਰਜ ਨਿਯੁਕਤ ਕਰਨ ਤੇ ਸਮੂਹ ਬਸਪਾ ਲੀਡਰਾਂ ਤੇ ਦਲਿਤ ਜੱਥੇਬੰਦੀਆਂ ਨੇ ਵਧਾਈ ਦਿੱਤੀ

# ਬਾਬਾ ਸਾਹਿਬ ਦੇ ਜਨਮ ਦਿਨ ਤੇ ਪਹੁੰਚੀ ਬੀਬੀ ਮਹਿਦੂਦਾਂ ਨੇ ਹੋਣਹਾਰ ਬੱਚਿਆਂ ਨੂੰ ਕੀਤਾ ਸਨਮਾਨਿਤ

**ਸਮਰਾਲਾ, ਦੋਰਾਹਾ–** ਡਾ: ਅੰਬੇਡਕਰ ਯੂਥ ਕਲੱਬ ਮਹਿਦੂਦਾਂ ਵੱਲੋਂ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾ: ਭੀਮ ਰਾਓ ਅੰਬੇਡਕਰ ਦਾ 127ਵਾਂ ਜਨਮ ਦਿਨ ਬਹੁਤ ਹੀ ਸਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ। ਜਿਸ ਵਿੱਚ ਉਚੇਚੇ ਤੌਰ ਤੇ ਪਹੁੰਚੀ ਔਰਤ ਚਿੰਤਕ ਜਰਨਲਿਸਟ ਗੁਰਿੰਦਰ ਕੌਰ ਮਹਿਦੂਦਾਂ, ਰਜਿੰਦਰ ਸਿੰਘ ਮਨੇਜਰ, ਬਲਵਿੰਦਰ ਸਿੰਘ ਛੰਦੜਾਂ ਅਤੇ ਰਨਦੀਪ ਸਿੰਘ ਹਨੀ ਪਟਵਾਰੀ ਨੇ ਹਾਜਰੀਨ ਨੂੰ ਬਾਬਾ ਸਾਹਿਬ ਦੇ ਜੀਵਨ ਤੋਂ ਜਾਣੂ ਕਰਵਾਉਂਦਿਆਂ ਉਨ੍ਹਾਂ ਦੇ ਸਿਧਾਂਤਾਂ ਤੇ ਚੱਲਣ ਦੀ ਪ੍ਰੇਰਣਾ ਦਿੱਤੀ। ਉਨ੍ਹਾਂ ਦੱਸਿਆ ਕਿ ਬਾਬਾ ਸਾਹਿਬ ਦੇ ਕੀਤੇ ਸੰਘਰਸ਼ ਦੇ ਚੱਲਦਿਆਂ ਅੱਜ ਸਾਨੂੰ ਸੰਵਿਧਾਨਿਕ ਤਾਕਤਾਂ ਤੇ ਅਧਿਕਾਰ ਮਿਲੇ ਹਨ ਜਿਨ੍ਹਾਂ ਦੇ ਬਲਬੂਤੇ ਤੇ ਅਸੀ ਮਾਣ ਸਨਮਾਨ ਦੀ ਜਿੰਦਗੀ ਬਸਰ ਕਰ ਰਹੇ ਹਾਂ। ਬੀਬੀ ਮਹਿਦੂਦਾਂ ਨੇ ਕਿਹਾ ਕਿ ਦੇਸ਼ ਦੀਆਂ ਬ੍ਰਾਮਣਵਾਦੀ ਦੇ ਭਗਵਾਂ ਤਾਕਤਾਂ ਨੂੰ ਬਾਬਾ ਸਾਹਿਬ



ਦੇ ਦਿੱਤੇ ਅਧਿਕਾਰ ਹਜਮ ਨਹੀ ਹੋ ਰਹੇ ਤੇ ਉਹ ਇਨ੍ਹਾਂ ਨੂੰ ਖਤਮ ਕਰਨ ਲਈ ਕੋਝੇ ਹੱਥਕੰਡੇ ਅਪਣਾ ਰਹੇ ਹਨ। ਉਨ੍ਹਾਂ ਕਿਹਾ ਕਿ ਸਾਨੂੰ ਰਾਖਵਾਂਕਰਨ ਦੇ ਮੁੱਦੇ ਤੇ ਵਾਰ ਵਾਰ ਜਲੀਲ ਕੀਤਾ ਜਾ ਰਿਹਾ ਹੈ ਅਤੇ ਰਾਖਵਾਂਕਰਨ ਦੇ ਵਿਰੋਧੀ ਖੁਦ ਨੂੰ ਰਾਸ਼ਟਰਵਾਦੀ ਆਖਦੇ ਹਨ। ਅਸੀ ਉਨ੍ਹਾਂ ਨੂੰ ਰਾਖਵਾਂਕਰਨ ਦੀ ਜੜ੍ਹ ਜਾਤੀਵਾਦ ਨੂੰ ਖਤਮ ਕਰਨ ਲਈ ਕਹਿੰਦੇ ਹਾਂ ਜੋ ਦੇਸ਼ ਨੂੰ ਕਮਜੋਰ ਕਰ ਰਿਹਾ ਹੈ ਪਰ ਏਹ ਅਜਿਹੀਆਂ ਭਗਵਾਂ ਤਾਕਤਾਂ ਨੂੰ ਮਨਜੂਰ ਨਹੀ ਹੈ। ਉਨ੍ਹਾਂ ਦੁਆਰਾ ਸੰਵਿਧਾਨ ਨੂੰ ਬਦਲਣ ਵਾਲੀਆਂ ਜੋ ਹਰਕਤਾਂ ਕੀਤੀਆਂ ਜਾ ਰਹੀਆਂ ਹਨ ਉਹ ਸਾਨੂੰ ਮਨਜੂਰ ਨਹੀ ਅਤੇ ਇਸ ਦੇ ਵਿਰੋਧ ਵਿੱਚ ਇਨ੍ਹਾਂ ਨੂੰ ਮੂੰਹ ਤੋੜ ਜਵਾਬ ਦੇਣ ਲਈ ਅਸੀ ਪੂਰੀ ਤਰ੍ਹਾਂ ਤਿਆਰ ਹਾਂ ਜਿਸ ਦੀ ਉਦਾਹਰਨ 2 ਅਪ੍ਰੈਲ ਦਾ ਭਾਰਤ ਬੰਦ ਦਾ ਸਫਲ ਸੱਦਾ ਸਾਹਮਣੇ ਹੈ। ਉਨ੍ਹਾਂ ਪਿੰਡ ਦੇ ਹੋਣਹਾਰ ਬੱਚਿਆਂ ਨੂੰ ਸਨਮਾਨ ਚਿੰਨਾਂ ਨਾਲ ਸਨਮਾਨਿਤ ਵੀ ਕੀਤਾ। ਇਸ ਮੌਕੇ ਦਲਵੀਰ ਸਿੰਘ, ਕੁਲਵਿੰਦਰ ਸਿੰਘ, ਸੰਦੀਪ ਸਿੰਘ, ਮਨੂੰ, ਅਮਰੀਕ ਸਿੰਘ, ਸੁਖਵਿੰਦਰ ਸਿੰਘ, ਅਸ਼ੋਕ ਕੁਮਾਰ, ਮਨਮੋਹਣ ਸਿੰਘ, ਹਰਵਿੰਦਰ ਸਿੰਘ, ਗੁਰਮੀਤ ਸਿੰਘ, ਕਸ਼ਮੀਰਾ ਸਿੰਘ, ਗੁਰਵੀਰ ਸਿੰਘ, ਸਨੀ, ਗੁਰਵੀਰ ਸਿੰਘ, ਪਵਨ ਕੁਮਾਰ ਅਤੇ ਵੱਡੀ ਗਿਣਤੀ ਵਿੱਚ ਪਿੰਡ ਦੀਆਂ ਔਰਤਾਂ ਹਾਜਰ ਸਨ।

# ਸ੍ਰੀ ਗੁਰੂ ਰਵਿਦਾਸ ਗੁਰੂ ਘਰ ਸੈਲਮਾ ਵਿਖੇ ਵਿਸਾਖੀ ਦਾ ਪੁਰਬ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ









**ਸੈਲਮਾ (ਬਿਊਰੋ)–** ਗੁਰਦੁਆਰਾ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਸੈਲਮਾ ਵਿਖੇ ਵਿਸਾਖੀ ਦਾ ਪੁਰਬ ਬਹੁਤ ਹੀ ਸ਼ਰਧਾ ਤੇ ਧੂੰਮ-ਧਾਮ ਨਾਲ ਮਨਾਇਆ ਗਿਆ।

ਸ. ਦਰਸ਼ਨ ਸਿੰਘ ਜੀ ਵੱਲੋਂ ਰਖਾਏ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਭਾਈ ਜੋਗਿੰਦਰ ਸਿੰਘ ਜੀ ਚੰਦਨ ਦੇ ਜਥੇ ਨੇ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਡਾ. ਭੀਮ ਰਾਓ ਅੰਬੇਦਕਰ ਦੇ 127ਵੇਂ ਜਨਮ ਦਿਨ ਨੂੰ ਵੀ ਉਤਸ਼ਾਹ ਨਾਲ ਮਨਾਇਆ ਗਿਆ। ਇਸ ਬਾਰੇ ਚਾਨਣਾ ਪਾਉਂਦਿਆਂ ਸ੍ਰੀ ਦੇਸ ਰਾਜ ਬੰਗੜ ਨੇ ਵਿਸਥਾਰ ਪੂਰਵਕ ਡਾ. ਅੰਬੇਡਕਰ ਦੇ ਜੀਵਨ 'ਤੇ ਚਾਨਣਾ ਪਾਇਆ ਅਤੇ ਦੱਸਿਆ ਕਿ ਡਾਕਟਰ ਸਾਹਿਬ ਨੇ ਦਲਿਤਾਂ ਲਈ ਹੀ ਸੰਘਰਸ਼ ਨਹੀਂ ਕੀਤਾ ਬਲਕਿ ਸਮੁੱਚੀ ਔਰਤ ਜਾਤ ਤੇ ਸਾਰੇ ਦੇਸ਼ ਦੇ ਗਰੀਬਾਂ ਲਈ ਸੰਵਿਧਾਨ ਦਾ ਨਿਰਮਾਣ ਕੀਤਾ।

ਗੁਰੂ ਘਰ ਦੇ ਚੇਅਰਮੈਨ ਸ. ਰਜਿੰਦਰ ਸਿੰਘ ਗੰਗੜ ਨੇ ਸਭ ਸੰਗਤਾਂ ਨੂੰ ਵਿਸਾਖੀ ਦੇ ਪੁਰਬ ਅਤੇ ਡਾ. ਸਾਹਿਬ ਦੇ ਜਨਮ ਦਿਵਸ ਦੀਆਂ ਵਧਾਈਆਂ ਦਿੰਦਿਆਂ ਦੱਸਿਆ ਕਿ ਇਸ ਸਾਲ ਸੰਸਥਾ ਦੀ ਸਥਾਪਨਾ ਦੇ 20 ਸਾਲ ਪੂਰੇ ਹੋਏ ਹਨ ਅਤੇ ਅਸੀਂ ਅੱਜ 21ਵਾਂ ਸਥਾਪਨਾ ਦਿਵਸ ਮਨਾ ਰਹੇ ਹਾਂ। ਇਸ ਦੇ ਨਾਲ ਹੀ ਇਸ ਸੰਸਥਾ ਦੇ ਮੋਢੀ ਜੋਗਿੰਦਰ ਸਿੰਘ, ਰਾਮ ਲੋਕ ਅਤੇ ਬੰਸੀ ਲਾਲ ਬੰਗੜ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।

ਅਖੀਰ ਵਿਚ ਗੁਰਬਚਨ ਸਿੰਘ ਨੇ ਸਾਰੀਆਂ ਸੰਗਤਾਂ ਨੂੰ ਵਿਸਾਖੀ ਪੁਰਬ, ਡਾ. ਭੀਮ ਰਾਓ ਅੰਬੇਦਕਰ ਦੇ ਜਨਮ ਦਿਨ ਅਤੇ ਸੰਸਥਾ ਦੇ 21ਵੇਂ ਸਥਾਪਨਾ ਦਿਵਸ ਦੀਆਂ ਵਧਾਈਆਂ ਦਿੱਤੀਆਂ।

ਨਾਲ ਹੀ ਸ. ਦਰਸ਼ਨ ਸਿੰਘ ਅਤੇ ਮੀਰੀ-ਪੀਰੀ ਸੇਵਾ ਸੁਸਾਇਟੀ ਦਾ ਵੀ ਧੰਨਵਾਦ ਕੀਤਾ, ਜਿਹਨਾਂ ਨੇ ਸਾਰਾ ਦਿਨ ਸੰਗਤਰੇ ਦੇ ਜੂਸ ਦੀ ਸੇਵਾ ਕੀਤੀ।


## ਅੰਤਿਮ ਅਰਦਾਸ



ਆਪ ਜੀ ਨੂੰ ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਬਹੁਤ ਹੀ ਸਤਿਕਾਰਯੋਗ ਸਖਸ਼ੀਅਤ

**ਸ਼੍ਰੀਮਤੀ ਰਾਮ ਪਿਆਰੀ ਜੀ**

**ਧਰਮ ਪਤਨੀ ਸ੍ਰੀ ਕੇਵਲ ਰਾਮ ਜੀ, USA**

ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਦੇ ਸਾਬਕਾ ਪ੍ਰਧਾਨ ਸਰਦਾਰ ਨਿਰਮਲ ਸਿੰਘ ਦੜੌਚ ਤੇ ਭਰਾ ਅਮਰ ਦੜੌਚ Stage Secretary Shri Guru Ravidass Sabha Fresno (California) ਨੂੰ ਉਸ ਵੇਲੇ ਭਾਰੀ ਸਦਮਾ ਲੱਗਾ ਜਦੋਂ ਉਹਨਾਂ ਦੇ ਮਾਤਾ ਜੀ ਸ੍ਰੀਮਤੀ ਰਾਮ ਪਿਆਰੀ (ਸੁਪਤਨੀ ਸ੍ਰੀ ਕੇਵਲ ਰਾਮ ਜੀ) ਜੋ ਕਿ ਇੰਡੀਆ ਆਪਣੇ ਘਰ ਰਿਸ਼ਤੇਦਾਰਾਂ ਨੂੰ ਮਿਲਣ ਲਈ ਆਪਣੇ ਪਿੰਡ ਛੋਟੀਆਂ ਭੰਗਲਾਂ (ਅਮਰਗੜ) ਜਿਲਾ ਨਵਾਂ ਸ਼ਹਿਰ ਗਏ ਹੋਏ ਸਨ, ਅਚਾਨਕ ਦਿਲ ਦਾ ਦੌਰਾ ਪੈ ਜਾਣ ਕਾਰਨ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ। ਇੱਥੇ ਵਰਣਨਯੋਗ ਹੈ ਕਿ ਸਵਰਗੀ ਸ੍ਰੀਮਤੀ ਰਾਮ ਪਿਆਰੀ ਜੀ ਇਕ ਬਹੁਪੱਖੀ ਨਾਮਵਰ ਸ਼ਖਸੀਅਤ ਸ੍ਰੀ ਸੱਤਪਾਲ ਸਾਹਲੋਂ ਜੀ ਦੇ ਵੱਡੇ ਭੈਣ ਜੀ ਸਨ। ਮਾਤਾ ਸ੍ਰੀਮਤੀ ਰਾਮ ਪਿਆਰੀ ਜੀ ਦੀ ਨਮਿਤ ਅੰਤਿਮ ਅਰਦਾਸ ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ ਵਿਖੇ 6 ਮਈ ਨੂੰ 2018 ਨੂੰ ਦੁਪਹਿਰ 12 ਵਜੇ ਤੋਂ ਢਾਈ ਵਜੇ ਤੱਕ ਅਤੇ ਸ੍ਰੀ ਗੁਰੂ ਰਵਿਦਾਸ ਟੈਂਪਲ ਨਿਊਯਾਰਕ ਵਿਖੇ 5 ਮਈ ਦਿਨ ਸਨਿਚਰਵਾਰ ਨੂੰ ਸਵੇਰਾ 11-30 ਤੋਂ ਬਾਅਦ ਦੁਪਹਿਰ 2-30 ਵਜੇ ਤਕ ਅੰਤਿਮ ਅਰਦਾਸ ਕੀਤੀ ਜਾਵੇਗੀ। ਦੜੌਚ ਪਰਿਵਾਰ ਵੱਲੋਂ ਸਮੂਹ ਸੰਗਤਾਂ ਨੂੰ ਸਨਿਮਰ ਬੇਨਤੀ ਹੈ ਕਿ ਅੰਤਿਮ ਅਰਦਾਸ ਵੇਲੇ ਗੁਰੂ ਘਰ ਦਰਸ਼ਨ ਦੇਣ ਦੀ ਕਿਰਪਾਲਤਾ ਕਰਨੀ ਜੀ।

**ਹੋਰ ਜਾਣਕਾਰੀ ਲਈ ਸੰਪਰਕ ਕਰੋ:**

ਅਮਰ ਦੜੌਚ 559-905-6217, ਨਿਰਮਲ ਸਿੰਘ ਦੜੌਚ 347-538-8296

ਜਾਂ ਸ੍ਰੀ ਗੁਰੂ ਰਵਿਦਾਸ ਗੁਰੂ ਘਰ ਫਰਿਜ਼ਨੋ ਨਾਲ ਸੰਪਰਕ ਕਰੋ 559-486-3091


# ਸ੍ਰੀ ਗੁਰੂ ਰਵਿਦਾਸ ਗੁਰੂ ਘਰ ਫਰਿਜ਼ਨੋ (ਕੈਲੇਫੋਰਨੀਆ) ਨੇ ਮਨਾਇਆ ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ ਦਾ ਪਵਿੱਤਰ ਪ੍ਰਕਾਸ਼ ਉਤਸਵ



**ਫਰਿਜ਼ਨੋ (ਬਿਊਰੋ)–** ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ (ਕੈਲੇਫੋਰਨੀਆ) ਦੀ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਸਦਕਾ ਧੰਨ ਧੰਨ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਪਾਤਸ਼ਾਹੀ ਤੀਜੀ ਦਾ ਪ੍ਰਕਾਸ਼ ਉਤਸਵ 29 ਅਪ੍ਰੈਲ ਦਿਨ ਐਤਵਾਰ ਨੂੰ ਸ੍ਰੀ ਗੁਰੂ ਰਵਿਦਾਸ ਗੁਰੂ ਘਰ ਫਰਿਜ਼ਨੋ ਵਿਖੇ ਬੜੀ ਧੂੰਮ-ਧਾਮ ਅਤੇ ਸ਼ਰਧਾ ਪੂਰਵਕ ਮਨਾਇਆ ਗਿਆ। ਸਹਿਜ ਪਾਠ ਜੀ ਦੇ ਭੋਗ ਉਪਰੰਤ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ ਅਤੇ ਸੰਗਤਾਂ ਨੂੰ ਗੁਰੂ ਜੀ ਦੇ ਪ੍ਰਕਾਸ਼ ਉਤਸਵ ਦੀਆਂ ਲੱਖ-ਲੱਖ ਵਧਾਈਆਂ ਦਿੱਤੀਆਂ ਗਈਆਂ।

ਗੁਰੂ ਘਰ ਦੇ ਸਨਮਾਨਯੋਗ ਵਜ਼ੀਰ ਭਾਈ ਰਾਮ ਸਿੰਘ ਜੀ ਨੇ ਅਰਦਾਸ ਕੀਤੀ ਅਤੇ ਸੰਗਤਾਂ ਨੂੰ ਗੁਰੂ ਜੀ ਦੇ ਪ੍ਰਕਾਸ਼ ਉਤਸਵ ਦੀਆਂ ਲੱਖ-ਲੱਖ ਵਧਾਈਆਂ ਦਿੱਤੀਆਂ।

ਗੁਰੂ ਘਰ ਦੇ ਸਨਮਾਨਯੋਗ ਵਜ਼ੀਰ ਭਾਇ ਰਾਮ ਸਿੰਘ ਜੀ ਨੇ ਗੁਰੂ ਸਾਹਿਬ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਸਬੰਧੀ ਵਿਸਥਾਰ ਪੂਰਵਕ ਚਾਨਣਾ ਪਾਇਆ। ਗੁਰੂ ਜੀ ਦੇ ਸ਼ਬਦ 'ਸਤਿਗੁਰ ਬਾਝਹੁ ਗੁਰੁ ਨਹੀ ਹੋਇ, ਨਿਗੁਰੇ ਕਾ ਨਾਉਂ ਬੁਰਾ' ਸਬੰਧੀ ਵਿਆਖਿਆ ਕੀਤੀ ਅਤੇ ਸੰਗਤਾਂ ਨੂੰ ਗੁਰੂ ਵਾਲੇ ਬਣਨ ਲਈ ਪ੍ਰੇਰਿਆ ਕਿ ਗੁਰੂ ਜੀ ਦੀ ਸ਼ਰਨ ਵਿਚ ਆਉਣਾ ਚਾਹੀਦਾ ਹੈ। ਗੁਰੂ ਜੀ ਨੇ ਜਾਤ-ਪਾਤ ਦਾ ਖੰਡਨ ਕੀਤਾ ਅਤੇ ਉਪਦੇਸ਼ ਕੀਤਾ ਕਿ ਜਾਤਾਂ-ਪਾਤਾਂ ਦੇ ਝਗੜਿਆਂ ਤੋਂ ਉਪਰ ਉਠੋ। ਕਾਕਾ ਇੰਦਰਜੀਤ ਸਿੰਘ ਅਤੇ ਕਾਕਾ ਅਮਨਦੀਪ ਸਿੰਘ ਨੇ ਰਸ ਭਿੰਨੇ ਗੁਰ ਸ਼ਬਦਾਂ ਦਾ ਗਾਇਨ ਕੀਤਾ।

ਗੁਰੂ ਘਰ ਦੇ ਕੀਰਤਨੀਏ ਮਾਣਯੋਗ ਭਾਈ ਹਰਬਿਲਾਸ ਸਿੰਘ ਜੀ ਨੇ ਆਪਣੇ ਕੀਰਤਨ/ਕਥਾ ਰਾਹੀਂ ਸੰਗਤਾਂ ਨੂੰ ਗੁਰਬਾਣੀ ਨਾਲ ਸਾਂਝ ਪਾਈ ਅਤੇ ਜੋੜਿਆ ਅਤੇ ਗੁਰੂ ਸਾਹਿਬਾਨ ਜੀ ਦੀਆਂ ਸਿੱਖਿਆਵਾਂ/ ਉਪਦੇਸ਼ਾਂ 'ਤੇ ਚੱਲਣ ਲਈ ਪ੍ਰੇਰਿਆ। ਜਾਤ-ਪਾਤ ਅਤੇ ਲੰਗਰ ਪ੍ਰਥਾ ਸਬੰਧੀ ਗੁਰੂ ਸਾਹਿਬ ਜੀ ਦੇ ਉਪਦੇਸ਼ਾਂ ਨੂੰ ਵਿਸਥਾਰ ਪੂਰਵਕ ਵਰਣਨ ਕੀਤਾ।

ਇਸ ਮੌਕੇ ਬਿਜਨਸਮੈਨ ਸ੍ਰੀ ਯਸ਼ਪਾਲ ਰੱਤੂ ਜੋ ਕਿ ਮਨਟੀਕਾ ਸ਼ਹਿਰ ਤੋਂ ਉਚੇਚੇ ਤੌਰ ਤੇ ਗੁਰੂ ਘਰ ਵਿਖੇ ਪਹਿਲੀ ਵਾਰ ਆਸ਼ੀਰਵਾਦ ਲੈਣ ਆਏ ਸਨ, ਪ੍ਰਬੰਧਕ ਕਮੇਟੀ ਵੱਲੋਂ ਉਹਨਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਸ੍ਰੀ ਕੇਵਲ ਚੌਹਾਨ ਪ੍ਰਧਾਨ ਜੀ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ। ਸਟੇਜ ਸਕੱਤਰ ਦੀ ਭੂਮਿਕਾ ਸ੍ਰੀ ਰਾਜਿੰਦਰ ਮੋਮੀ ਚੇਅਰਮੈਨ ਨੇ ਨਿਭਾਈ। ਗੁਰੂ ਜੀ ਕੇ ਅਤੁੱਟ ਲੰਗਰ ਵਰਤਾਏ ਗਏ।

# ਬੇਗਮਪੁਰਾ ਕਲਚਰਲ ਐਂਡ ਐਜੂਕੇਸ਼ਨ ਏਡ ਆਰਗੇਨਾਈਜ਼ੇਸ਼ਨ ਨੇ ਮਨਾਇਆ ਬਾਬਾ ਸਾਹਿਬ ਡਾ.ਭੀਮ ਰਾਓ ਅੰਬੇਦਕਰ ਦਾ 127ਵਾਂ ਜਨਮ ਦਿਨ























**ਸੈਕਰਾਮੈਂਟੋ (ਬਿਊਰੋ)–** ਦਾ ਬੇਗਮਪੁਰਾ ਕਲਚਰਲ ਐਂਡ ਐਜੂਕੇਸ਼ਨ ਏਡ ਆਰਗੇਨਾਈਜੇਸ਼ਨ ਵੱਲੋਂ ਭਾਰਤ ਰਤਨ ਅਤੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਦਾ 127ਵਾਂ ਜਨਮ ਦਿਨ ਬੀਤੀ 22 ਅਪ੍ਰੈਲ ਦਿਨ ਐਤਵਾਰ ਨੂੰ ਫਲੋਰਿਨ ਰੋਡ ਸੈਕਰਾਮੈਂਟੋ ਵਿਖੇ ਬੜੀ ਧੂੰਮ-ਧਾਮ ਨਾਲ ਮਨਾਇਆ ਗਿਆ। ਰਿਓਲਿੰਡਾ ਗੁਰੂ ਘਰ ਦੇ ਵਜ਼ੀਰ ਭਾਈ ਸਾਬਿਹ ਭਾਈ ਜਸਪਾਲ ਸਿੰਘ ਜੀ ਨੇ ਪ੍ਰੋਗਰਾਮ ਦੀ ਸ਼ੁਰੂਆਤ ਇਕ ਧਾਰਮਿਕ ਸ਼ਬਦ ਨਾਲ ਕੀਤੀ। ਸ਼ਬਦ ਤੋਂ ਬਾਅਦ ਡਾ. ਅੰਬੇਡਕਰ ਜੀ ਦੀ ਤਸਵੀਰ ਅੱਗੇ ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ।

ਸਮਾਜ ਵਿਚ ਬੁਰਾਈਆਂ ਆਉਂਦੀਆਂ ਹਨ, ਗੰਦਗੀ ਪੈਦਾ ਕਰਨ ਵਾਲੇ ਲੋਕ ਆਪਣਾ ਕੰਮ ਕਰਦੇ ਰਹਿੰਦੇ ਹਨ, ਜ਼ੁਲਮੀ ਅਤੇ ਅਹਿੰਕਾਰੀ ਜਮਾਤ ਸਮਾਜਿਕ ਪ੍ਰੰਪਰਾਵਾਂ ਨੂੰ ਦੇਸ਼ ਦੇ ਕੁਦਰਤੀ ਵਸੀਲਿਆਂਨੂੰ ਆਪਣੇ ਲਾਲਚ ਅਤੇ ਖ਼ੁਦਗਰਜ਼ੀ ਕਾਰਨ ਏਕਾਧਿਕਾਰ ਜਮ੍ਹਾ ਕੇ ਦੂਜੇ ਦੇਸ਼ ਵਾਸੀਆਂ ਨੂੰ ਗੁਲਾਮ ਬਣਾਉਣ ਲਈ ਬਜਿੱਦ ਰਹਿੰਦੀ ਹੈ ਪਰ ਫਿਰ ਵੀ ਸਮੇਂ-ਸਮੇਂ ਡਾ. ਅੰਬੇਡਕਰ ਵਰਗੇ ਮਹਾਨ ਪੁਰਖ ਵੀ ਆਉਂਦੇ ਰਹਿੰਦੇ ਹਨ ਜੋ ਸਮਮਤਾ ਸੁਤੰਤਰ ਭਾਈਚਾਰੇ ਦਾ ਸੰਦੇਸ਼ ਦੇ ਕੇ ਪੜ੍ਹੋ, ਜੁੜੋ ਅਤੇ ਸੰਘਰਸ਼ ਕਰੋ ਦਾ ਸੁਨੇਹਾ ਦਿੰਦੇ ਰਹਿੰਦੇ ਹਨ ਅਤੇ ਨਦੀਆਂ ਦੇ ਰੁਖ, ਸਮੁੰਦਰ ਵੱਲੋਂ ਮੋੜ ਕੇ ਰੇਗਿਸਤਾਨ ਵੱਲ ਕਰ ਦਿੰਦੇ ਹਨ। ਇਹਨਾਂ ਸ਼ਬਦਾਂ ਨਾਲ ਜਸਵੰਤ ਸ਼ੀਮਾਰ ਹੱਪੋਵਾਲ ਨੇ ਸ਼ੁਰੂਆਤ ਕਰਦਿਆਂ ਵੱਖੋ-ਵੱਖ ਬੁਲਾਰਿਆਂ ਨੂੰ ਸਟੇਜ 'ਤੇ ਸੱਦਾ ਦਿੱਤਾ ਅਤੇ ਉਹਨਾਂ ਨੇ ਆਪਣੇ-ਆਪਣੇ ਵਿਚਾਰ ਪੇਸ਼ ਕੀਤੇ। ਇਹਨਾਂ ਵਿਚਾਰਾਂ ਵਿਚ ਜ਼ਿਆਦਾਤਰ ਡਾ. ਅੰਬੇਦਕਰ ਦੀ ਵਿਚਾਰਧਾਰਾ ਅਤੇ ਸਮੇਂ ਦੀਆਂ ਸਰਕਾਰਾਂ ਦੀਆਂ ਗਲਤ ਨੀਤੀਆਂ ਅਤੇ ਵਿਤਕਰੇ 'ਤੇ ਕੇਂਦਰਿਤ ਰਿਹਾ। ਮੂਲ ਨਿਵਾਸੀਆਂ ਦੇ ਜੀਵਨ ਵਿਚ ਆ ਰਹੇ ਨਿਘਾਰ ਲਈ ਸੱਤਾ ਤੇ ਹੁਣ ਤੱਕ ਕਾਬਜ ਰਹੀਆਂ ਰਾਜਨੀਤਿਕ ਪਾਰਟੀਆਂ ਨੂੰ ਦੋਸ਼ੀ ਮੰਨਿਆ। ਕਿਹਾ ਕਿ ਡਾ. ਅੰਬੇਡਕਰ ਵੱਲੋਂ ਲੈ ਕੇ ਦਿੱਤੇ ਹੱਕਾਂ ਨੂੰ ਲਾਗੂ ਕਰਨ ਵਿਚ ਮੌਜੂਦਾ ਸਰਕਾਰਾਂ ਦਿਲਚਸਪੀ ਨਹੀਂ ਦਿਖਾ ਰਹੀਆਂ ਹਨ, ਜਿਸ ਕਾਰਨ ਅੱਜ ਮੂਲ ਨਿਵਾਸੀ ਲੋਕ ਪੱਛੜ ਰਹੇ ਹਨ। ਪੜ੍ਹੋ, ਜੁੜੋ, ਸੰਘਰਸ਼ ਕਰੋ ਦੀ ਵਿਚਾਰਧਾਰਾ 'ਤੇ ਚੱਲ ਕੇ ਰਾਜਨੀਤਿਕ ਸੱਤਾ 'ਤੇ ਕਾਬਜ ਹੋ ਸਕਦੇ ਹਨ। ਸਦੀਆਂ ਤੋਂ ਦੇਸ਼




ਵਿਚ ਪ੍ਰਚੱਲਿਤ ਗੈਰ ਬਰਾਬਰੀ ਨੂੰ ਕਾਨੂੰਨੀ ਤੌਰ 'ਤੇ ਦੂਰ ਕਰਨ ਲਈ ਡਾ. ਅੰਬੇਡਕਰ ਜੀ ਨੇ ਮਿਹਨਤ ਨਾਲ ਭਾਰਤੀ ਸੰਵਿਧਾਨ ਤਿਆਰ ਕੀਤਾ ਜੋ ਕਿ ਹਰ ਦੇਸ਼ ਵਾਸੀ ਨੂੰ ਬਰਾਬਰਤਾ ਦਾ ਦਰਜਾ ਦਿੰਦਾ ਹੈ। ਇਹ ਵੀ ਕਿਹਾ ਕਿ ਉਹਨਾਂ ਆਪਣੇ ਸਕੂਲ ਦੇ ਸਮੇਂ ਵਿਚ ਕਿਸ ਤਰ੍ਹਾਂ ਤਸੀਹੇ ਸਹਿ ਕੇ ਉਚ ਵਿੱਦਿਆ ਹਾਸਲ ਕੀਤੀ ਅਤੇ ਵੱਡੇ-ਵੱਡੇ ਅਹੁਦਿਆਂ 'ਤੇ ਵੀ ਕੰਮ ਕਰਦਿਆਂ ਕਿਸ ਤਰ੍ਹਾਂ ਤਸੀਹੇ ਝੱਲੇ।

ਬੁਲਾਰਿਆਂ ਵਿਚੋਂ ਜਿਹਨਾਂ ਨੇ ਆਪਣੇ ਵਿਚਾਰ ਪੇਸ਼ ਕੀਤੇ, ਉਹਨਾਂ ਦੇ ਨਾਂ ਹਨ ਬਲਜੀਤ ਕਾਹਮਾ, ਦਸ਼ਵਿੰਦਰ ਬਿੰਨੀ ਪਿਟਸਬਰਗ, ਕੇਵਲ ਬੋਲੀਨਾ, ਸਤੀਸ਼ ਰੱਲ੍ਹ, ਵਿਨੋਦ ਚੁੰਬਰ ਬੇ-ਏਰੀਆ, ਡਾ. ਰਾਜ ਕੁਮਾਰ, ਸੋਨੂੰ ਅੰਬੇਡਕਰ, ਜਸਵੰਤ ਸ਼ੀਮਾਰ, ਮਹਿੰਦਰ ਸਿੰਘ ਧਾਮੀ, ਮਿਸਟ+ ਕਲੇਅ, ਕਮਲਦੇਵ ਜੰਡੂਸਿੰਘਾ, ਮਿਸਟਰ ਰਾਤਨੀ ਐਂਡਰਿਊ, ਰਮੇਸ਼ ਬੰਗੜ, ਜੀਵਨ ਰੱਤੂ।

ਆਰਗੇਨਾਈਜੇਸ਼ਨ ਦੀ ਰੀੜ੍ਹ ਦੀ ਹੱਡੀ ਮਹਿੰਦਰ ਸਿੰਘ ਧਾਮੀ ਜੀ ਨੇ ਇਸ ਦੀਆਂ ਪ੍ਰਾਪਤੀਆਂ ਤੇ ਵਿਸਥਾਰ ਪੂਰਵਕ ਚਾਨਣਾ ਪਾਇਆ ਕਿ ਗਰੀਬ ਘਰਾਂ ਦੀਆਂ ਲੜਕੀਆਂ, ਜਿਹਨਾਂ ਨੂੰ ਸਿਲਾਈ-ਕਢਾਈ ਤੋਂ ਇਲਾਵਾ ਹੋਰ ਕਈ ਤਰ੍ਹਾਂ ਦੇ ਕਿੱਤਿਆਂ ਦੀ ਸਿਖਲਾਈ ਦੇ ਕੇ ਪੈਰਾਂ 'ਤੇ ਖੜ੍ਹੇ ਕਰਨ ਲਈ ਹਰ ਮਦਦ ਕੀਤੀ ਜਾਂਦੀ ਹੈ। ਇਹ ਬਿਨਾਂ ਕਿਸੇ ਭੇਦਭਾਵ ਦੇ ਹਰ ਵਰਗ ਦੀਆਂ ਲੜਕੀਆਂ ਜੋ ਹੁਣ ਭਾਰਤ (ਪੰਜਾਬ) ਹੁਸ਼ਿਆਰਪੁਰ ਵਿਚ ਕੈਂਪ ਚੱਲ ਰਿਹਾ ਹੈ, ਉਹ 30 ਜੂਨ ਨੂੰ ਗ੍ਰੈਜੂਏਟ ਹੋਣਗੀਆਂ।

ਉਮੀਦ ਕੀਤੀ ਜਾਂਦੀ ਹੈ ਕਿ ਸਾਰੇ ਟਰੱਸਟੀਜ਼ ਉਥੇ ਹਾਜ਼ਰ ਹੋਣਗੇ। ਇਸ ਤੋਂ ਪਹਿਲਾਂ ਪੰਜ ਕੈਂਪ ਆਰਗੇਨਾਈਜੇਸ਼ਨ ਵੱਖ ਵੱਖ ਪਿੰਡਾਂ ਅਤੇ ਸ਼ਹਿਰਾਂ ਵਿਚ ਲਗਾ ਚੁੱਕੀ ਹੈ। ਇਯ ਆਰਗੇਨਾਈਜੇਸ਼ਨ ਤੋਂ ਪ੍ਰਭਾਵਿਤ ਹੋ ਕੇ ਗੁਰੂ ਘਰ ਦਸਮੇਸ਼ ਦਰਬਾਰ ਦੇ ਸੇਵਾਦਾਰ ਪਰਮਜੀਤ ਸਿੰਘ ਜੀ ਨੇ 3000 ਡਾਲਰ ਅਤੇ ਰਿਓਲਿੰਡਾ ਗੁਰੂ ਘਰ ਦੇ ਸੇਵਾਦਾਰ ਰਮੇਸ਼ ਬੰਗੜ ਨੇ ਆਪਣੇ ਸਵਰਗਵਾਸੀ ਪਿਤਾ ਜੀਤ ਰਾਮ ਬੰਗੜ ਜੀ ਨੂੰ ਟਰੱਸਟੀ ਬਣਾਇਆ, ਜਿਸ ਵਾਸਤੇ ਉਹਨਾਂ ਨੇ 5100 ਡਾਲਰ ਦਾਨ ਦਿੱਤੇ ਅਤੇ ਖੁਦ ਵੀ ਮੈਂਬਰ ਬਣੇ ਅਤੇ ਟਰੱਸਟੀ ਬਣਨ ਦਾ ਵੀ ਵਾਅਦਾ ਕੀਤਾ। ਉਹਨਾਂ ਨੂੰ ਅਤੇ ਪਰਮਜੀਤ ਸਿੰਘ ਹੋਰਾਂ ਦੇ ਭਾਣਜੇ ਬਲਦੀਪ ਸਿੰਘ, ਡਾਕਟਰ ਰਾਜ ਕੁਮਾਰ, ਰਾਮ ਪਰਿਵਾਰ ਲਈ ਉਹਨਾਂ ਦੇ ਚਚੇਰੇ ਭਰਾ ਗੋਪਾਲ ਦਾਸ ਨੂੰ ਪਲੈਕ ਦੇ ਕੇ ਸਨਮਾਨਿਤ ਕੀਤਾ। ਤਸਵੀਰਾਂ ਲੈਣਦੀ ਸੇਵਾ ਅਜੇ ਪਡਵੱਗਾ ਵੱਲੋਂ ਕੀਤੀ ਗਈ।

ਇਹ ਪ੍ਰੋਗਰਾਮ ਟਰੱਸਟੀਜ਼ ਮਹਿੰਦਰ ਸਿੰਘ ਧਾਮੀ, ਦਰਸ਼ਨ ਵਿਰਕ, ਕਰਨੈਲ ਵਿਰਕ, ਜਸਵੰਤ ਸ਼ੀਮਾਰ, ਜੋਗਿੰਦਰ ਚੁੰਬਰ, ਲਸ਼ਕਰ ਸਿੰਘ ਬੱਧਣ, ਮੈਂਬਰ ਟਰੱਸਟੀਜ਼ ਜੌਹਨ ਬੰਗਾ ਅਤੇ ਮੈਂਬਰ ਇੰਦਰਜੀਤ ਪਡਵੱਗਾ, ਮਨਜੀਤ ਪਾਲ, ਰਾਜ ਬੱਧਣ, ਜਸਵਿੰਦਰ ਬੰਗਾ, ਕੇਵਲ ਬੋਲੀਨਾ, ਸਹਿਯੋਗੀ ਬਲਜੀਤ ਕਾਹਮਾ ਆਦਿ ਦੇ ਮਿਹਨਤ ਸਦਕਾ ਪੂਰਾ ਹੋ ਸਕਿਆ। ਕਿਡਸ ਕਮੇਟੀ ਦਾ ਵੀ ਜਿਹਨਾਂ ਵਿਚ ਬੌਬੀ, ਮਾਨਵ, ਅਜੈ, ਸਚਿਨ, ਮੋਹਿਤ ਧੰਨਵਾਦ ਕਰਦੀ ਹੈ। ਧੰਨਵਾਦ ਜਿਹਨਾਂ ਨੇ ਨੇੜਿਉਂ ਅਤੇ ਦੂਰੋਂ ਆ ਕੇ ਇਸ ਪ੍ਰੋਗਰਾਮ ਵਿਚ ਸ਼ਮੂਲੀਅਤ ਕੀਤੀ ਅਤੇ ਜਿਹਨਾਂ ਨੇ ਆਰਗੇਨਾਈਜੇਸ਼ਨ ਦੇ ਚੰਗੇ ਕੰਮਾਂ ਦੀ ਸ਼ਲਾਘਾ ਕੀਤੀ ਅਤੇ ਪੂਰਾ ਸਾਥ ਦੇਣ ਦਾ ਵਾਅਦਾ ਕੀਤਾ। ਧੰਨਵਾਦ ਉਹਨਾਂ ਸਾਰੇ ਦਾਨੀ ਸੱਜਣਾਂ ਦਾ ਜਿਹਨਾਂ ਨੇ ਮਾਇਆ ਦੇ ਕੇ ਪ੍ਰੋਗਰਾਮ ਨੂੰ ਕਾਮਯਾਬ ਬਣਾਇਆ।

ਇਸ ਮੌਕੇ ਜੋ ਭਾਰਤ ਬੰਦ ਦੌਰਾਨ ਭਰਾ ਜ਼ਖਮੀ ਜਾਂ ਮਾਰੇ ਗਏ ਸਨ, ਉਹਨਾਂ ਲਈ ਪੰਜਾਹ ਹਜ਼ਾਰ ਰੁਪਏ ਇਕੱਠੇ ਕੀਤੇ ਗਏ। ਸਟੇਜ ਦੀ ਸੇਵਾ ਜਸਵੰਤ ਸ਼ੀਮਾਰ ਹੱਪੋਵਾਲ ਨੇ ਬਾਖੂਬੀ ਨਿਭਾਈ। ਅੰਤ ਵਿਚ ਸਾਰਿਆਂ ਨੇ ਡਿਨਰ ਦਾ ਆਨੰਦ ਮਾਣਿਆ।

# SHRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355



## DHAN DHAN SRI GURU RAVIDASS JI

## Bole' So Nirbhay! Guru Ravidass Maharaj Ki Jai!

Guru Piari Sadh Sangat Ji,
Devoted families are requesting entire Sangat to attend the following functions:

**May 06, 2018 -**
**Sukhmani Sahib Path and Langar Sewa in memories of Joginder Ram**

Joginder Ram (Son of Batna Ram) Cousin of President Kashmiri Bhatia passed away during his visit to India to attend some functions. Sukhmani Sahib Path and Langar Sewa will be hosted by family.May Waheguru give peace to the departed Soul.



**May 09, 2018 - Katha Diwan by Bhai Pinderpal Singh Ji**

Katha Diwan by Bhai Pinderpal Singh Ji will start at 7pm on Wednesday May 9, 2018 after the Rehras Sahib Path.

Diwan and Langar Sewa will be hosted by the families of Bhai Santokh Madhar, Bibi Renu Madhar, Bhai Surinder Rattu and Bibi Meena Rattu.

**May 13, 2018 - Sukhmani Sahib Path and Langar Sewa from Gurughar*****

**May 14-to- 20, 2018**

Blissful Living-7 days Free camp By Bibi Baljit Kaur Ji Khalsa from Guru Nanak Mission Learn about, Sikhi, Amritwela, Anger management, Positive thinking, Self-realization, Physical and mental soundness, Drug and medicine free life,



Dated: 14 to 20 May, 2018, Timings: 4:00 am to 6:00 am,
Camp is Free. No Registration fee
Register online at SriGuruNanakMission.com
or Call 650-804- 4859, 650-739 5411, and 604-783 5911

**May 20, 2018 - Anniversary of Bibi Vidya Sidhu**



Sri Sukhmani Sahib Path and Langar Sewa will be hosted by Bhai Hardev Singh Sidhu and entire family on the event of first Barsi of his wife Bibi Vidya Sidhu. . Family is requesting everyone to come and join them in the Ardaas. May Waheguru keep this dedicated Sidhu family in Chardi Kala.

**May 27, 2018**

Sukhmani Sahib Path Langar Sewa by Bhai Joginder Singh and Bibi Gurmeet Kaur Sri Sukhmani Sahib Path and Langar Sewa will be hosted by Bhai Joginder Singh ji (Delhi Wale), Bibi Gurmeet Kaur and family in the loving memory of their parents. May Waheguru keep HIS blessing on the family.

## "NANAK NAM CHARDI KALA TERE BHANE SARBAT DA BHALA"

| Sangat Sewadars | Chairman | President | General Secretary | Treasurer |
|---|---|---|---|---|
| | Ramesh Suman | Kashmiri Bhatia | Dilbag Singh | Vinod Kumar |

Please visit Gurughar website for information:WWW.SriGuruRavidassTemple.com

NOTE: Sewa is available for the dates with ***.Please contact General Secretary at 209.834.4641 for more information.

# ਪੁਸਤਕ 'ਇਕ ਸਿੱਖ ਦਾ ਬੁੱਧ ਨੂੰ ਪ੍ਰਣਾਮ'- ਇਕ ਵਿਗਿਆਨਕ ਦ੍ਰਿਸ਼ਟੀਕੋਣ ਤੋਂ

ਜਦੋਂ ਤੋਂ ਮਨੁੱਖ ਦੀ ਚੇਤਨਤਾ ਨੇ ਅੱਖ ਖੋਲ੍ਹੀ ਹੈ, ਉਦੋਂ ਤੋਂ ਹੀ ਇਹ ਆਪਣੇ ਆਲੇ ਦੁਆਲੇ ਨੂੰ ਸਮਝਣ, ਪਰਖਣ ਅਤੇ ਜਾਂਚ ਪੜਤਾਲ ਕਰਨ ਲਈ ਹਰ ਵਾਪਰਨ ਵਾਲੀ ਘਟਨਾ ਨੂੰ ਆਪਣੇ ਦਿਮਾਗ ਦੀ ਕਸਵੱਟੀ ਤੇ ਚੜ੍ਹਾਉਂਦਾ ਆ ਰਿਹਾ ਹੈ। ਦੂਜੇ ਜਾਨਵਰਾਂ ਨਾਲੋਂ ਇਹੀ ਇਸਦੀ ਵਿਲੱਖਣਤਾ ਰਹੀ ਹੈ ਅਤੇ ਇਹੀ ਵਿਸ਼ੇਸ਼ ਪ੍ਰਵਿਰਤੀ ਅੱਜ ਤੱਕ ਦੇ ਸੰਸਾਰ ਦੀ ਉਤਪਤੀ, ਵਿਕਾਸ ਅਤੇ ਵਿਨਾਸ਼ ਦਾ ਸਬੱਬ ਵੀ ਰਹੀ ਹੈ। ਚੇਤਨਤਾ ਦੇ ਵਿਕਾਸ ਦੀ ਕਹਾਣੀ ਹੀ ਮਨੁੱਖ, ਸਮਾਜ ਅਤੇ ਸਮਾਜਿਕ ਕਿਰਿਆਵਾਂ ਦੇ ਵਿਕਾਸ ਦੀ ਕਹਾਣੀ ਹੈ। ਇਸੇ ਮੰਥਨ ਵਿਚੋਂ ਵਿਗਿਆਨ ਅਤੇ ਧਰਮ ਦਾ ਜਨਮ ਹੋਇਆ। ਆਮ ਤੌਰ ਤੇ ਵਿਗਿਆਨ ਅਤੇ ਧਰਮ ਨੂੰ ਦੋ ਉਲਟ ਦਿਸ਼ਾਵਾਂ ਵਿਚ ਤੁਰਨ ਵਾਲੀਆਂ ਵਿਚਾਰਧਾਰਾਵਾਂ ਮੰਨਿਆ ਜਾਂਦਾ ਹੈ ਪਰ ਅਸਲ ਵਿਚ ਇਹ ਇਕੋ ਹੀ ਵਿਚਾਰਧਾਰਾ ਦੇ ਦੋ ਸਰੂਪ ਹਨ।

ਜਦੋਂ ਮਨੁੱਖ ਦੀ ਚੇਤੰਨਤਾ ਹਾਲੇ ਆਪਣੀ ਬਾਲ ਅਵਸਥਾ ਵਿਚ ਸੀ ਤਾਂ ਮਨੁੱਖ ਨੂੰ ਜੰਗਲ ਵਿਚ ਅੱਗ ਲੱਗਣੀ, ਸੂਰਜ, ਚੰਨ, ਤਾਰਿਆਂ ਦਾ ਉੱਗਣਾ ਤੇ ਚਮਕਣਾ, ਮੀਂਹ ਦਾ ਪੈਣਾ, ਹਵਾ ਦਾ ਵੱਗਣਾ ਆਦਿ ਕੁਦਰਤੀ ਵਰਤਾਰੇ ਇਕ ਅਚੰਭਾ ਲੱਗਦੇ ਸਨ ਤੇ ਉਸਦੀ ਨਿੱਕੀ ਜਿਹੀ ਸਮਝ ਵਿਚ ਨਾ ਆਉਣ ਕਾਰਨ ਉਸਨੇ ਉਹਨਾਂ ਨੂੰ ਕੋਈ ਅਦਭੁਤ ਗ਼ੈਬੀ ਸ਼ਕਤੀ ਮੰਨ ਕੇ ਦੇਵੀ ਦੇਵਤਿਆਂ ਦੇ ਰੂਪ ਵਿਚ ਸਵੀਕਾਰ ਕਰ ਲਿਆ। ਫਿਰ ਇਹਨਾਂ ਦੇਵੀ ਦੇਵਤਿਆਂ ਨੂੰ ਸਿਰਜਣ ਵਾਲੀ ਮਹਾਨ ਸ਼ਕਤੀ 'ਰੱਬ' ਸਿਰਜ ਲਿਆ। ਇੱਥੋਂ ਹੀ ਡਰ, ਹੈਰਾਨੀ ਅਤੇ ਅਚੰਭਿਆਂ ਨੇ ਗ਼ੈਬੀ ਸ਼ਕਤੀਆਂ ਅੱਗੇ ਤਰਲੇ, ਮਿੰਨਤਾਂ, ਤਾਰੀਫਾਂ, ਖੁਸ਼ਾਮਦਾਂ ਕਰਦਿਆਂ ਪਾਠ-ਪੂਜਾ, ਮੱਥੇ ਟੇਕਣੇ, ਆਰਤੀਆਂ ਕਰਨੀਆਂ, ਮੰਨਤਾਂ ਮੰਗਣੀਆਂ ਆਦਿ ਦਾ ਆਰੰਭ ਹੋਇਆ। ਇੱਥੋਂ ਹੀ ਜਾਦੂ-ਟੂਣੇ, ਝਾੜ-ਫੂਕ, ਧਾਗੇ-ਤਵੀਤ, ਕਰਾਮਾਤਾਂ, ਭੂਤ-ਪ੍ਰੇਤ ਆਦਿ ਨੇ ਜਨਮ ਲਿਆ ਜੋ ਭਾਵੇਂ ਅਵਿਕਸਤ ਦਿਮਾਗ ਦੀਆਂ ਕਾਢਾਂ ਸਨ ਪਰ ਬਾਅਦ ਵਿਚ ਇਹਨਾਂ ਦੀ ਆੜ੍ਹ ਵਿਚ ਹੀ ਸ਼ੈਤਾਨ ਤੇ ਸਮਾਜ ਦੋਖੀ ਲੋਕਾਂ ਨੇ ਇਹਨਾਂ ਨੂੰ ਆਮ ਲੋਕਾਂ ਦੀ ਦਾਨ-ਦਕਸ਼ਣਾ, ਚੜ੍ਹਾਵੇ, ਉਪਾਓ ਆਦਿ ਦੇ ਰੂਪ ਵਿਚ ਲੁੱਟ ਖਸੁੱਟ ਕਰਨ ਦਾ ਸਥਾਨ ਬਣਾ ਲਿਆ। ਜੋ ਅੱਜ ਤੱਕ ਵੀ ਜਾਰੀ ਹੈ। ਧਰਮ-ਕਰਮ ਦੇ ਨਾਂ ਤੇ ਹਜ਼ਾਰਾਂ ਕਿਸਮ ਦੇ ਵਹਿਮ-ਭਰਮ, ਤਿੱਥ-ਤਿਉਹਾਰ, ਜੋਤਿਸ਼-ਸਿਤਾਰੇ, ਗ੍ਰਹਿ, ਕਿਸਮਤ ਆਦਿ ਦੇ ਰੂਪ ਵਿਚ ਪੂਰੇ ਜ਼ੋਰ ਸ਼ੋਰ ਨਾਲ ਜਾਰੀ ਹਨ। ਅੱਜ ਇਹ ਧਰਮ ਦੇ ਮੁੱਖ ਅੰਗ ਬਣ ਚੁੱਕੇ ਹਨ, ਜਿਹਨਾਂ ਨੂੰ ਖ਼ਤਮ ਕਰਨਾ ਅਸੰਭਵ ਜਾਪਦਾ ਹੈ ਕਿਉਂਕਿ ਇਹ ਸਭ ਕੁਝ ਇਕ ਸੋਚੀ ਸਮਝੀ ਸਾਜ਼ਿਸ਼ ਹੈ।

ਧਰਮ ਦੇ ਇਸ ਹੋਂਦ ਵਿਚ ਆਏ ਰੂਪ ਨੂੰ ਇਸਦੇ ਬਚਪਨ ਤੋਂ ਹੀ ਗੂੜ੍ਹ ਚੇਤਨਤਾ ਵਾਲੇ ਲੋਕਾਂ ਨੇ ਨਾਲ ਦੀ ਨਾਲ ਦੂਜੇ ਰੂਪ ਵਿਚ ਵੇਖਣਾ ਵੀ ਜਾਰੀ ਰੱਖਿਆ। ਇਹਨਾਂ ਵੱਲੋਂ ਕੁ-ਦਰਤੀ ਵਰਤਾਰਿਆਂ ਦੀ ਅਸਲੀਅਤ ਖੋਜ ਕੇ, ਸਚਾਈ ਦਾ ਸਬੂਤ ਪੇਸ਼ ਕਰਕੇ ਨਤੀਜਿਆਂ ਨੂੰ ਲੋਕਾਂ ਦੀ ਭਲਾਈ ਲਈ ਵਰਤਣਾ ਵੀ ਨਾਲ ਦੀ ਨਾਲ ਜਾਰੀ ਰੱਖਿਆ ਗਿਆ। ਇਹ ਹੀ ਵਿਗਿਆਨ ਦਾ ਆਰੰਭ ਹੈ। ਵਿਕਾਸ ਦੀ ਇਸ ਸ਼ਾਖਾ ਨੇ ਉਹਨਾਂ ਦੇਵੀ ਦੇਵਤਿਆਂ ਉਤੋਂ ਭਰਮ ਦਾ ਪਰਦਾ ਲਾਹ ਕੇ ਇਹਨਾਂ ਨੂੰ ਆਮ ਕੁਦਰਤੀ ਵਰਤਾਰਿਆਂ ਵਿਚ ਬਦਲ ਦਿੱਤਾ, ਜਿਸ ਕਰਕੇ ਇਹ ਦੇਵਤੇ ਨਾ ਰਹਿ ਕੇ ਸੂਰਜ ਇਕ ਅੱਗ ਦਾ ਤਪਦਾ ਗੋਲਾ, ਧਰਤੀ ਇਸਦਾ ਟੁੱਟ ਕੇ ਠੰਡਾ ਹੋਇਆ ਇਕ ਹਿੱਸਾ, ਚੰਦ ਧਰਤੀ ਤੋਂ ਟੁੱਟ ਕੇ ਠੰਢਾ ਹੋਇਆ ਹਿੱਸਾ, ਪਾਣੀ ਦੋ ਗੈਸਾਂ (ਆਕਸੀਜਨ ਅਤੇ ਹਾਈਡ੍ਰੋਜਨ) ਦੀ ਮਿਲਾਵਟ ਤੋਂ ਬਣਿਆ ਤਰਲ ਪਦਾਰਥ ਆਦਿ ਦੇ ਰੂਪ ਵਿਚ ਪੇਸ਼ ਹੋਏ। ਇੰਝ ਮਨੁੱਖੀ ਚੇਤਨਤਾ ਨੇ ਧਰਮ ਦੇ ਵਿਕਸਤ ਰੂਪ ਨੂੰ ਵਿਗਿਆਨ ਵਿਚ ਬਦਲ ਦਿੱਤਾ ਅਤੇ ਵਿਗਿਆਨ ਦਾ ਮੁੱਢਲਾ ਰੂਪ, ਇਸਦਾ ਬਚਪਨ ਧਰਮ ਦੇ ਤੌਰ ਤੇ ਮੰਨ ਲਿਆ। ਮੁਢਲੇ ਤੌਰ ਤੇ ਦੋਹਾਂ ਵਿਚ ਕੋਈ ਅੰਤਰ ਨਹੀਂ।

ਮਨੁੱਖ, ਧਰਮ, ਸਮਾਜ, ਵਿਗਿਆਨ ਦੇ ਵਿਗਸਣ ਦੀ ਇਸ ਕੁਦਰਤੀ ਪ੍ਰਕਿਰਿਆ ਦੀ ਐਨਕ ਵਿਚੋਂ ਵੇਖਿਆਂ ਸਾਨੂੰ ਕਿਸੇ ਵੀ ਧਰਮ, ਸਮਾਜ ਅਤੇ ਸਮਾਜਿਕ ਕਿਰਿਆਵਾਂ ਨੂੰ ਸਹੀ ਰੂਪ ਵਿਚ ਸਮਝਣ ਵਿਚ ਸਹਾਇਤਾ ਮਿਲਦੀ ਹੈ। ਜੇ ਕਿਸੇ ਮਨੁੱਖ, ਸਮਾਜ, ਧਰਮ ਆਦਿ ਦੀ ਸੋਚ ਜਾਂ ਬੁਨਿਆਦ ਤੇ ਵਿਕਾਸ ਵਿਗਿਆਨਕ ਜਾਂ ਤਰਕਸ਼ੀਲਤਾ 'ਤੇ ਆਧਾਰਿਤ ਨਹੀਂ ਹੈ ਤਾਂ ਉਸਦੇ ਸਚਿਆਰੇ ਹੋਣ ਜਾਂ ਮਨੁੱਖਤਾ ਲਈ ਕਲਿਆਣਕਾਰੀ ਹੋਣ 'ਤੇ ਵੀ ਸੁਆਲੀਆ ਨਿਸ਼ਾਨ ਲੱਗ ਜਾਂਦਾ ਹੈ।

ਇਸੇ ਵਿਗਿਆਨਕ ਅਤੇ ਤਰਕਸ਼ੀਲਤਾ ਦੀ ਐਨਕ ਵਿਚੋਂ ਸ. ਜੈਤੇਗ ਸਿੰਘ ਅਨੰਤ ਦੁਆਰਾ ਸੰਪਾਦਿਤ, ਸਿਰਦਾਰ ਕਪੂਰ ਸਿੰਘ ਆਈ. ਸੀ. ਐਸ. ਰਾਹੀਂ ਲਿਖਿਤ ਪੁਸਤਕ 'ਇਕ ਸਿੱਖ ਦਾ ਬੁੱਧ ਨੂੰ ਪ੍ਰਣਾਮ' ਨੂੰ ਨਿਹਾਰਦੇ ਹਾਂ। ਸਿਰਦਾਰ ਕਪੂਰ ਸਿੰਘ ਇਕ ਮੰਨੇ ਪ੍ਰਮੰਨੇ ਵਿਦਵਾਨ; ਫਾਰਸੀ, ਅੰਗਰੇਜ਼ੀ, ਪੰਜਾਬੀ, ਹਿੰਦੀ, ਸੰਸਕ੍ਰਿਤ ਦੇ ਗਿਆਤਾ, ਚਿੰਤਕ, ਖੋਜੀ ਅਤੇ ਸੱਚ ਉਜਾਗਰ ਕਰਨ ਵਾਲੇ ਬੇਬਾਕ ਲੇਖਕ, ਸੱਚੇ ਸੁੱਚੇ ਸਿਆਸਤਦਾਨ ਅਤੇ ਵਧੀਆ ਪ੍ਰਸ਼ਾਸਨਿਕ ਅਧਿਕਾਰੀ ਹੋਏ ਹਨ। ਇਹ ਉਹਨਾਂ ਦੁਆਰਾ ਲਿਖੀਆਂ ਪੁਸਤਕਾਂ ਤੋਂ ਭਲੀ ਭਾਂਤ ਸਾਬਤ ਹੋ ਜਾਂਦਾ ਹੈ। ਸ. ਜੈਤੇਗ ਸਿੰਘ ਅਨੰਤ ਜੋ ਇਕ ਪ੍ਰਸਿੱਧ ਲੇਖਕ, ਸੰਪਾਦਕ ਅਤੇ ਕਾਲਮ ਨਵੀਸ ਹਨ, ਉਹ ਸਿਰਦਾਰ ਕਪੂਰ ਸਿੰਘ ਦੀ ਸੋਚ ਦੇ ਬਹੁਤ ਕਾਇਲ ਹਨ ਤੇ ਇਹਨਾਂ ਦੀਆਂ ਲਿਖਤਾਂ ਦੇ ਕਦਰਦਾਨ ਹਨ। ਇਸੇ ਲਈ ਇਹਨਾਂ ਨੇ ਆਪਣੇ ਬਣਾਏ 'ਹਰਿਦਰਸ਼ਨ ਮੈਮੋਰੀਅਲ ਇੰਟਰਨੈਸ਼ਨਲ ਟਰੱਸਟ' ਰਾਹੀਂ ਇਹਨਾਂ ਦੀਆਂ ਦਰਜਨ ਤੋਂ ਵੱਧ ਪੁਸਤਕਾਂ ਸੰਪਾਦਿਤ ਕਰਕੇ ਸਿੱਖ ਵਿਦਵਾਨਾਂ ਅਤੇ ਸਿੱਖ ਧਰਮ ਦੇ ਜਗਿਆਸੂਆਂ ਦੀ ਝੋਲੀ ਵਿਚ ਪਾਈਆਂ ਹਨ। ਸਿਰਦਾਰ ਕਪੂਰ ਸਿੰਘ ਲਿਖਿਤ 'ਸਪਤ ਸ੍ਰਿੰਗ' ਅਤੇ 'ਪੂੰਦਰੀਕ' ਦੇ ਗੰਭੀਰ ਅਧਿਐਨ ਤੋਂ ਬਾਅਦ ਉਹਨਾਂ ਨੂੰ ਬੁਧ ਮੱਤ ਅਤੇ ਸਿਖ ਮੱਤ ਵਿਚ ਮਿਲੀਆਂ ਕਾਫੀ ਸਮਾਨਤਾਵਾਂ ਨੂੰ ਪ੍ਰਗਟ ਕਰਨ ਦੀ ਇੱਛਾ ਨਾਲ ਇਸ ਪੁਸਤਕ, 'ਇਕ ਸਿੱਖ ਦਾ ਬੁੱਧ ਨੂੰ ਪ੍ਰਣਾਮ' ਦੇ ਪੁਨਰ ਜਨਮ ਦਾ ਸਬੱਬ ਬਣਿਆ।

ਇਸ ਪੁਸਤਕ ਵਿਚ ਸ਼ਾਮਲ ਤਿੰਨ ਲੇਖਾਂ ਵਿਚੋਂ ਪਹਿਲਾ ਲੇਖ 'ਗੌਤਮ ਬੁੱਧ' ਹੈ ਜੋ ਪੁਸਤਕ 'ਸਪਤ ਸ੍ਰਿੰਗ' ਵਿਚੋਂ ਲਿਆ ਹੈ, ਇਸ ਵਿਚ ਗੌਤਮ ਬੁੱਧ ਦੇ ਜਨਮ ਤੋਂ ਲੈ ਕੇ ਬੁੱਧ ਬਣਨ ਤੱਕ ਦਾ ਜੀਵਨ ਸਫ਼ਰ ਅਤੇ ਬੁੱਧ ਦਾ ਗਿਆਨ ਅਤੇ ਸਿੱਖਿਆਵਾਂ ਦਾ ਵਿਸਥਾਰ ਪੂਰਵਕ ਵਰਣਨ ਹੈ। ਦੂਜਾ ਲੇਖ 'ਧੰਮਪਦ' ਪੁਸਤਕ 'ਪੂੰਦਰੀਕ' ਵਿਚੋਂ ਲਿਆ ਗਿਆ ਹੈ, ਜਿਸ ਵਿਚ ਬੁੱਧ ਧਰਮ ਦੇ ਵਿਕਾਸ ਦੀ ਲੰਮੀ ਯਾਤਰਾ ਦਾ ਵਿਸਥਾਰ ਪੂਰਵਕ ਵਰਣਨ ਹੈ। ਤੀਜਾ ਲੇਖ 'ਇਕ ਸਿੱਖ ਦਾ ਬੁੱਧ ਨੂੰ ਪ੍ਰਣਾਮ' ਪ੍ਰਸਿੱਧ ਕਵੀ ਅਤੇ ਸਿਰਦਾਰ ਕਪੂਰ ਸਿੰਘ ਦੇ ਕਦਰਦਾਨ ਪ੍ਰੋ. ਮੋਹਨ ਸਿੰਘ ਰਾਹੀਂ ਸੰਪਾਦਿਤ 'ਪੰਜ ਦਰਿਆ' ਵਿਚ ਪਹਿਲੀ ਵਾਰ ਛਾਪਿਆ ਗਿਆ ਸੀ। ਇਸ ਵਿਚ ਬੁੱਧ ਮੱਤ ਅਤੇ ਸਿਖ ਮੱਤ ਵਿਚ ਆਪਸੀ ਸਮਾਨਤਾਵਾਂ ਦਾ ਜ਼ਿਕਰ ਹੈ।

ਗੌਤਮ ਬੁੱਧ ਦੇ ਜਨਮ ਤੋਂ ਵੀ ਲੱਗਭੱਗ ਇਕ ਹਜ਼ਾਰ ਸਾਲ ਪਹਿਲਾਂ ਤੱਕ ਭਾਰਤ ਦੀ ਸਭਿਅਤਾ ਦੁਨੀਆਂ ਦੀਆਂ ਉੱਨਤ ਸਭਿਅਤਾਵਾਂ ਵਿਚੋਂ ਇਕ ਬਣ ਚੁੱਕੀ ਸੀ। ਉਸ ਵੇਲੇ ਲੋਕੀ ਬੜੀ ਖੁਸ਼ਹਾਲ ਜ਼ਿੰਦਗੀ ਬਤੀਤ ਕਰਦੇ ਸਨ। ਉਹਨਾਂ ਨੇ ਖੇਤੀ ਕਰਨ ਦਾ ਵੱਲ, ਇਮਾਰਤਸਾਜ਼ੀ ਦਾ ਹੁਨਰ ਕਮਾਲ ਦੀ ਹੱਦ ਤੱਕ ਸਿੱਖ ਲਿਆ ਸੀ। ਹੜੱਪਾ, ਮੋਹਿੰਜੋਦਾੜੋ, ਲੋਥਲ, ਚਹੂੰਦੜੋ, ਕਾਲੀ ਬੰਗਾ, ਸੰਘੋਲ ਆਦਿ ਦੀ ਖੁਦਾਈ ਤੋਂ ਇਹ ਸਾਬਤ ਹੋ ਜਾਂਦਾ ਹੈ। ਵੱਡੇ ਬਾਥਰੂਮ ਤੇ ਹਾਲ, ਖੁੱਲ੍ਹੀਆਂ ਗਲੀਆਂ, ਪਾਣੀ ਦੇ ਨਿਕਾਸ ਦਾ ਆਹਲਾ ਪ੍ਰਬੰਧ ਆਦਿ ਦਾ ਖਾਸ ਖਿਆਲ ਰੱਖਿਆ ਜਾਂਦਾ ਸੀ। ਲੱਕੜੀ ਦਾ ਫਰਨੀਚਰ ਹੁੰਦਾ ਸੀ ਅਤੇ ਵਧੀਆ ਬਰਤਨਾਂ ਵਿਚ ਖਾਣਾ ਖਾਂਦੇ ਸਨ। ਲੋਥਲ ਬੰਦਰਗਾਹ ਸੀ। ਚਹੂੰਦੜੋ ਸ਼ਿਲਪਕਲਾ ਦਾ ਕੇਂਦਰ ਸੀ। ਪੱਥਰ ਦੇ ਮਣਕੇ, ਮੁਦਰਾ, ਹੱਡੀ, ਸੰਖ ਅਤੇ ਹਾਥੀ ਦੰਦ ਦੀਆਂ ਬਹੁਤ




ਚੀਜ਼ਾਂ ਬਣਦੀਆਂ ਸਨ। ਮੱਧ ਪੂਰਬ ਤੋਂ ਆਰੀਅਨ ਲਗਾਤਾਰ ਕਬੀਲਿਆਂ ਦੇ ਰੂਪ ਵਿਚ ਭਾਰਤ 'ਤੇ ਹਮਲੇ ਕਰਦੇ ਰਹੇ। ਅੰਤ 1500 ਬੀ. ਸੀ. ਤੱਕ ਉਹਨਾਂ ਨੇ ਇੱਥੋਂ ਦੇ ਆਦਿ ਵਸਨੀਕਾਂ ਨੂੰ ਬਰਬਾਦ ਕਰ ਦਿੱਤਾ ਤੇ ਆਪ ਵੱਸ ਗਏ। ਇਸ ਉਨਤ ਸਭਿਅਤਾ ਦਾ ਨਾਸ਼ ਕਰ ਦਿੱਤਾ ਗਿਆ ਅਤੇ ਆਪਣਾ ਕਬਜ਼ਾ ਕਾਇਮ ਰੱਖਣ ਲਈ ਆਰੀਅਨ ਨੇ ਸਮਾਜ ਵਿਚ ਵੰਡੀਆਂ ਪਾ ਕੇ ਲੀਰੋ ਲੀਰ ਕਰ ਦਿੱਤਾ। ਸਮਾਜ ਨੂੰ ਚਾਰ ਵਰਣਾਂ ਵਿਚ ਵੰਡ ਕੇ ਇੱਥੋਂ ਦੇ ਆਦਿ ਵਸਨੀਕਾਂ ਨੂੰ ਸਭ ਤੋਂ ਹੇਠਲੇ ਵਰਣ ਸ਼ੂਦਰ ਵਿਚ ਰੱਖ ਕੇ ਉਹਨਾਂ ਤੋਂ ਸਾਰੇ ਮਨੁੱਖੀ ਅਧਿਕਾਰ ਖੋਹ ਲਏ ਤੇ ਬੱਸ ਉਪਰਲੇ ਤਿੰਨਾਂ ਵਰਣਾਂ ਦੀ ਸੇਵਾ ਕਰਨੀ ਹੀ ਉਸਨੂੰ ਇਕੋ ਇਕ 'ਅਧਿਕਾਰ' ਦਿੱਤਾ ਗਿਆ। ਸਾਰੇ ਲਾਭ, ਹੱਕ, ਮਾਲਕੀ, ਵਿਦਿਆ, ਐਸ਼, ਆਰਾਮ ਦੀਆਂ ਸਹੂਲਤਾਂ ਉਪਰਲੇ ਤਿੰਨਾਂ ਵਰਣਾਂ ਕੋਲ ਸਨ ਤੇ ਇਹ ਸਾਰਾ ਕੁਝ ਜਨਮ ਤੋਂ ਹੀ ਚਲਦਾ ਸੀ। ਲੇਖਕ ਨੇ ਇਸ ਇਤਿਹਾਸਕ ਤੱਥ ਨੂੰ ਸਵੀਕਾਰ ਕਰਦਿਆਂ ਲਿਖਿਆ ਹੈ, "ਜੇ ਅਸੀਂ ਅੰਤਰ ਧਿਆਨ ਹੋ ਕੇ ਅੱਜ ਤੋਂ ਪੰਝੀ ਸੌ ਵਰ੍ਹੇ ਪਹਿਲਾਂ ਦੇ ਭਾਰਤ ਵੱਲ ਤੱਕੀਏ ਤਾਂ ਅਸਾਨੂੰ ਇਕ ਅਜਿਹਾ ਸਮਾਜ ਦ੍ਰਿਸ਼ਟੀਗੋਚਰ ਹੁੰਦਾ ਹੈ ਜੋ ਕਿ ਚਹੁੰ ਵਰਣਾਂ ਵਿਚ ਵੰਡਿਆ ਹੋਇਆ ਹੈ, ਜਿਸ ਵੰਡ ਦੀਆਂ ਨੀਹਾਂ ਜਨਮ ਵਿਚ ਹਨ ਪਰ ਜਿਸਦਾ ਆਧਾਰ ਪਿਤਾ ਪੁਰਖੀ ਕਿੱਤਾ ਕਿਰਤ ਹੈ (116)।

ਗੌਤਮ ਦੇ ਬੁੱਧ ਬਣਨ ਤੱਕ ਇਹ ਵਰਣ ਵਿਵਸਥਾ ਬਹੁਤ ਭਿਆਨਕ ਰੂਪ ਧਾਰਨ ਕਰ ਚੁੱਕੀ ਸੀ। ਸਮਾਜ ਦਾ ਇਕ ਵੱਡਾ ਹਿੱਸਾ (ਲੱਗਭੱਗ ਤਿੰਨ ਚੌਥਾਈ) ਜੀਵਨ ਦੀਆਂ ਜ਼ਰੂਰੀ ਲੋੜਾਂ ਤੋਂ ਵਾਂਝਿਆਂ ਭੁੱਖਾ-ਨੰਗਾ ਮਾਨਸਿਕ ਤੇ ਸਰੀਰਕ ਕਸ਼ਟਾਂ ਨਾਲ ਜੂਝਦਾ ਜਾਨਵਰਾਂ ਵਾਲਾ ਜੀਵਨ ਬਤੀਤ ਕਰਨ ਲਈ ਮਜਬੂਰ ਸੀ। ਇਹੀ ਕਾਰਨ ਸੀ, ਜਿਸ ਨੇ ਗੌਤਮ ਨੂੰ ਰਾਜਿਆਂ ਵਾਲਾ ਆਰਾਮਦਾਇਕ ਜੀਵਨ ਤਿਆਗ ਕੇ ਇਸਦੇ ਮੂਲ ਕਾਰਨਾਂ ਦੀ ਖੋਜ ਕਰਨ ਲਈ ਮਜਬੂਰ ਕਰ ਦਿੱਤਾ ਕਿ ਆਖਿਰ ਕੀ ਹੈ ਇਸ ਭਿਆਨਕ ਜੀਵਨ ਦੇ ਪਿੱਛੇ ਕਾਰਨ? ਛੇ ਸਾਲਾਂ ਦੀ ਘੋਰ ਮਿਹਨਤ ਸਦਕਾ ਉਹ ਗਿਆਨ ਦੀ ਪ੍ਰਾਪਤੀ ਕਰ ਸਕੇ। ਉਹ ਇਸ ਨਤੀਜੇ ਤੇ ਪਹੁੰਚੇ ਕਿ ਸਦੀਵੀ ਆਨੰਦ ਤੇ ਮੁਕਤੀ ਦੀ ਪ੍ਰਾਪਤੀ ਹੀ ਜੀਵਨ ਦਾ ਮਨੋਰਥ ਹੈ (22)। ਜੋ ਵੀ ਘੜਿਆ ਉਹ ਟੁੱਟਦਾ ਵੀ ਹੈ, ਇਸ ਲਈ ਦ੍ਰਿੜ੍ਹ ਚਿੱਤ ਹੋ ਕੇ ਆਪਣੇ ਕਲਿਆਣ ਦਾ ਯਤਨ ਕਰੋ (43)। ਸਰੀਰ ਇਕ ਦੋਤਾਰੇ ਦੀ ਤਰ੍ਹਾਂ ਹੈ, ਇਸਨੂੰ ਨਾ ਖਿੱਚੋ ਤੇ ਨਾ ਢਿੱਲਾ ਛੱਡੋ (30)। ਪੰਜ ਰੋਗ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦੇ ਜਾਲ ਵਿਚ ਸਭ ਲੋਕ ਅਤੇ ਦੇਵਤੇ ਫਸੇ ਹੋਏ ਹਨ। (34)। ਇਹਨਾਂ ਰੋਗਾਂ ਤੋਂ ਛੁਟਕਾਰਾ ਹੀ ਨਿਰਵਾਣ ਦੀ ਪ੍ਰਾਪਤੀ ਕਰ ਸਕਦਾ ਹੈ। ਕਰਮ ਕਾਂਡ, ਯੱਗ, ਹਵਨ ਇਹ ਮੁਕਤੀ ਦਾ ਮਾਰਗ ਨਹੀਂ ਹਨ। ਨਿਰਵਾਣ ਦੀ ਪ੍ਰਾਪਤੀ ਆਤਮਾ ਦੀ ਸ਼ੁੱਧੀ ਨਾਲ ਹੁੰਦੀ ਹੈ! (35)

ਇੰਝ ਗੌਤਮ ਨੇ ਪਹਿਲਾਂ ਤੋਂ ਪ੍ਰਚੱਲਿਤ ਵਿਚਾਰਧਾਰਾ ਤੋਂ ਇਕ ਵੱਖਰੀ ਵਿਚਾਰਧਾਰਾ ਪੇਸ਼ ਕੀਤੀ ਜਿਸ ਵਿਚ ਜੀਵਨ ਦੀ ਅਸਲੀਅਤ ਪੇਸ਼ ਕੀਤੀ ਗਈ। ਉਹਨਾਂ ਦਾ ਮੰਨਣਾ ਸੀ ਕਿ ਜੋ ਔਗੁਣ ਸਾਨੂੰ ਰੋਜ਼ਾਨਾ ਜੀਵਨ ਵਿਚ ਦਰਪੇਸ਼ ਤੰਗ ਕਰਦੇ ਹਨ, ਉਹਨਾਂ ਦੇ ਤਿਆਗ ਕਰਨ ਨਾਲ ਹੀ ਸਾਨੂੰ ਅਨੰਦਮਈ ਜੀਵਨ ਦੀ ਪ੍ਰਾਪਤੀ ਹੋ ਸਕਦੀ ਹੈ। ਕਰਮ ਕਾਂਡ, ਹਵਨ, ਯੱਗ, ਜਾਦੂ-ਟੂਣੇ, ਮੰਤਰ, ਚੜ੍ਹਾਵੇ ਆਦਿ ਨੂੰ ਉਹਨਾਂ ਨੇ ਮੁੱਢੋਂ ਹੀ ਨਕਾਰ ਦਿੱਤਾ। ਇਹਨਾਂ ਪ੍ਰਚੱਲਿਤ ਵਹਿਮਾਂ ਅਤੇ ਕਰਮਕਾਂਡਾਂ ਦੇ ਸਤਾਏ ਲੋਕ ਵਹੀਰਾਂ ਘੱਤ ਕੇ ਬੁੱਧ ਮੱਤ ਵੱਲ ਖਿੱਚੇ ਗਏ। ਬੁੱਧ ਨੇ ਆਪਣੇ ਚੇਲੇ ਤਿਆਰ ਕੀਤੇ ਅਤੇ ਚਾਰੇ ਦਿਸ਼ਾਵਾਂ ਵਿਚ ਪ੍ਰਚਾਰ ਹਿੱਤ ਭੇਜੇ। ਭਾਰਤ ਵਿਚ ਪਹਿਲੀ ਵਾਰੀ ਇਕ ਵਿਗਿਆਨਕ ਅਤੇ ਤਰਕ ਸੰਗਤ ਫਲਸਫ਼ੇ ਦੀ ਨੀਂਹ ਰੱਖੀ ਗਈ। ਇੰਝ ਭਾਰਤ ਵਿਚ ਦੋ ਪਰਿਪਾਟੀਆਂ ਹੋਂਦ ਵਿਚ ਆ ਗਈਆਂ। ਇਕ ਜੋ ਪਹਿਲਾਂ ਤੋਂ ਪ੍ਰਚੱਲਿਤ ਸੀ, ਉਹ ਵੈਦਿਕ ਸੀ ਤੇ ਵੇਦਾਂ 'ਤੇ ਆਧਾਰਿਤ ਸੀ, ਇਹ ਸਰਗੁਣ ਅਤੇ ਦੂਜੀ ਜੋ ਬੁੱਧ ਵੱਲੋਂ ਸ਼ੁਰੂ ਕੀਤੀ ਗਈ ਇਹ ਪਹਿਲੀ ਤੋਂ ਉਲਟ ਨਿਰਗੁਣ ਜਾਂ ਸ਼੍ਰਮਣਕ ਕਹਾਈ। ਇਸਦਾ ਬਿਰਤਾਂਤ ਲੇਖਕ ਨੇ ਇੰਝ ਕੀਤਾ ਹੈ, "ਇਸ ਸਮਾਜ ਦੇ ਮਾਨਸਿਕ ਮੰਡਲਾਂ ਵਿਚ ਦੋ ਅਧਿਆਤਮਕ ਤੱਥਾਂ ਧਾਰਮਿਕ ਲਹਿਰਾਂ ਤੇ ਵਿਚਾਰਧਾਰਾਵਾਂ ਇਸਥਿਤ ਤੇ ਪ੍ਰਮਾਣਿਕ ਹਨ- ਇਕ ਵੈਦਿਕ ਅਤੇ ਦੂਸਰੀ ਉਪਨਿਸ਼ਦਿਕ-ਸ਼੍ਰਮਣਕ। ਵੈਦਿਕ ਧਾਰਾ ਦਾ ਆਦਰਸ਼ ਬਾਹਰਮੁਖੀ ਇਸ ਧਰਤੀ ਨਾਲ ਸਬੰਧਤ ਹੈ ਅਤੇ ਯੱਗ, ਹੋਮ, ਕਰਮ ਕਾਂਡ ਇਸਦੀ ਕ੍ਰਮ ਕ੍ਰਿਆ ਹੈ। ਯੱਗ ਬਲੀ ਆਦਿ ਕਿਰਿਆਵਾਂ ਦੁਆਰਾ ਵਿਸ਼ਵ ਦੇ ਸੂਖਸ਼ਮ ਦੇਵੀ ਦੇਵਤਿਆਂ ਨੂੰ ਪ੍ਰਸੰਨ ਕਰਕੇ ਰਾਜ, ਧਨ, ਧੀਰਆਯੂ (ਲੰਬੀ ਉਮਰ), ਪੁਤਰੇ ਪੋਤਰ ਆਦਿ ਸੁੱਖਾਂ ਦੀ ਪ੍ਰਾਪਤੀ ਅਤੇ ਸ਼ਤਰੂ ਰੋਗ.. ਆਦਿ ਧਰਮ ਦੀ ਮੂਲ ਕਿਰਿਆਵਾਂ ਹਨ। ਉਪਨਿਸ਼ਦਿਕ ਵਿਚਾਰਧਾਰਾ ਇਸਦੇ ਉਲਟ ਸੀ ਜੋ ਦ੍ਰਿਸ਼ਟੀਮਾਨ ਸੰਸਾਰ ਅਤੇ ਇਸ ਦੀਆਂ ਵਿਭੂਤੀਆਂ (ਧਨ ਦੌਲਤ) ਨੂੰ ਆਧਾਰ ਮੰਨ ਕੇ ਨਿਤਯ ਇਕ ਰਸ ਮੰਨ ਕੇ ਅਦ੍ਰਿਸ਼ਟ ਸੰਸਾਰਧਾਰਾ ਦੀ ਖੋਜ ਭਾਲ ਅਤੇ ਉਸਦੀ ਪ੍ਰਾਪਤੀ ਦੇ ਯਤਨਾਂ ਨੂੰ ਹੀ ਧਰਮ ਦਾ ਵਿਸ਼ਾ ਅਤੇ ਧਰਮ ਕ੍ਰਿਆ ਪ੍ਰਵਾਨ ਕਰਦੀ ਹੈ (116)।

ਵੈਦਿਕ ਧਰਮ ਅਨੁਸਾਰ ਬੁੱਧ ਧਰਮ ਨਾਸਤਕ ਸੀ। ਉਹਨਾਂ ਅਨੁਸਾਰ ਆਸਤਕ ਉਹ ਹੈ ਜੋ "ਵੇਦਾਂ ਨੂੰ ਆਨਾਦੀ ਅਤੇ ਈਸ਼ਵਰ ਕ੍ਰਿਤ ਮੰਨਣ ਵਾਲਾ ਹੋਵੇ (50)। ਨਾਸਤਿਕ ਉਹ ਹੈ ਜੋ "ਇਕ ਪਰਮ ਈਸ਼ਵਰ ਸਰਬੋਤਮ, ਸਰਬਾਸ਼ਰ, ਸਰਬਕਾਰਕ, ਅਕਾਲ ਸ਼ਕਤੀ ਨੂੰ ਮੰਨਣ ਵਾਲਾ ਪਰ ਵੇਦਾਂ ਨੂੰ ਮਨੁਸ਼ ਕ੍ਰਿਤ ਮੰਨਣ ਵਾਲਾ ਹੋਵੇ (50)। "ਇੰਝ ਸਿੱਖ ਵੀ ਨਾਸਤਿਕ ਹਨ (50)! ਪੂਰੇ ਦੋ ਹਜ਼ਾਰ ਵਰ੍ਹੇ ਬੀਤ ਜਾਣ ਬਾਅਦ ਉਤਰੀ ਭਾਰਤ ਵਿਚ ਇਕ ਹੋਰ ਨਾਸਤਕ ਧਰਮ ਉਤਪੰਨ ਹੋਇਆ ਤੇ ਸਿੱਖ ਗੁਰੂਆਂ ਨੇ ਮੁੜ ਸੰਸਕ੍ਰਿਤ ਦਾ ਤਿਆਗ ਕਰਕੇ ਆਪਣੇ ਸਮੇਂ ਦੀ ਸੰਸਕ੍ਰਿਤੀ ਦੀ ਭਾਸ਼ਾ ਬ੍ਰਿਜ ਭਾਸ਼ਾ ਤੇ ਸਰਬ ਸਧਾਰਨ ਦੇ ਬੋਲਚਾਲ ਦੀ ਭਾਸ਼ਾ ਪੰਜਾਬੀ ਭਾਸ਼ਾ ਨੂੰ ਆਪਣੇ ਉਪਦੇਸ਼ ਤੇ ਪ੍ਰਚਾਰ ਦਾ ਵਾਹਨ ਬਣਾਇਆ। (51)।

ਇੰਝ ਬੁੱਧ ਧਰਮ ਦੀ ਪਰਿਪਾਟੀ ਵਿਚ ਹੀ ਸਿੱਖ ਧਰਮ ਗਿਣਿਆ ਜਾਂਦਾ ਹੈ। ਲੇਖਕ ਨੇ ਕਿੰਨੀਆਂ ਹੀ ਉਦਾਹਰਣਾਂ ਦੇ ਕੇ ਦੱਸਿਆ ਹੈ ਕਿ ਇਹਨਾਂ ਦੋਹਾਂ ਧਰਮਾਂ ਵਿਚ ਬਹੁਤ ਸਮਰੂਪਤਾ ਹੈ। ਇਹ ਦੋਵੇਂ ਮੁੱਢਲੇ ਤੌਰ ਤੇ ਵਿਗਿਆਨਕ ਸੋਚ ਵਾਲੇ ਹਨ, ਭਾਵੇਂ ਅੱਜ ਅਮਲੀ ਰੂਪ ਉਲਟ ਹੈ।

ਬੁੱਧ ਧਰਮ ਉਤਪਤੀ ਤੋਂ ਬਾਅਦ ਕਿਹਨਾਂ ਕਿਹਨਾਂ ਹਾਲਾਤਾਂ ਵਿਚੋਂ ਲੰਘਿਆ ਅਤੇ ਕਿਵੇਂ ਕਿਵੇਂ ਸਮੇਂ ਅਨੁਸਾਰ ਇਸ ਵਿਚ ਤਬਦੀਲੀਆਂ ਆਉਂਦੀਆਂ ਗਈਆਂ, ਇਸਦਾ ਵਿਸਥਾਰ ਸਿਰਦਾਰ ਕਪੂਰ ਸਿੰਘ ਨੇ ਦੂਜੇ ਅਧਿਆਇ 'ਧਮਪਦ' ਵਿਚ ਦਿੱਤਾ ਹੈ। 'ਧਮਪਦ' ਬੁੱਧ ਧਰਮ ਦੀ ਵਿਸ਼ਵ ਪੱਧਰ ਤੇ ਮੰਨੀ ਗਈ ਧਰਮ ਪੁਸਤਕ ਹੈ। ਇਹ ਬੋਧੀਆਂ ਦੇ ਆਦਿ ਗ੍ਰੰਥ 'ਤ੍ਰਿਪਿਟਿਕ' ਦੇ 'ਸੂਤਰ ਪਿਟਕ' ਵਿਚੋਂ ਲਈ ਗਈ ਹੈ। ਇਹ ਰਚਨਾ ਬਹੁਤ ਮਹੱਤਵਪੂਰਨ ਮੰਨੀ ਗਈ ਹੈ, ਉਵੇਂ ਜਿਵੇਂ ਸਿੱਖ ਧਰਮ ਵਿਚ ਗੁਰੂ ਅਰਜਨ ਦੇਵ ਦੀ ਸੁਖਮਨੀ ਹੈ। ਇਹ ਦੋਵੇਂ ਰਚਨਾਵਾਂ ਉੱਚ ਆਤਮ ਵਾਯੂਮੰਡਲ ਦੀਆਂ ਹਨ ਤੇ ਬਿਨਾਂ ਪੱਖਪਾਤ ਦੇ ਅਤੇ ਸ਼੍ਰੇਣੀਆਂ ਦੇ ਭਿੰਨ ਭੇਦ ਤੋਂ ਰਹਿਤ ਹਨ। ਇਹ ਇਹਨਾਂ ਦੀ ਵਿਸ਼ੇਸ਼ਤਾ ਹੈ। ਵੈਦਿਕ ਗ੍ਰੰਥ ਸਾਰਿਆਂ ਲਈ ਨਹੀਂ ਸਨ। ਇਹਨਾਂ ਦਾ ਗਿਆਨ ਕੁਝ ਸ਼੍ਰੇਣੀਆਂ ਤੱਕ ਹੀ ਸੀਮਤ ਸੀ ਤੇ ਭਿੰਨ ਭੇਦ ਵਾਲਾ ਸੀ। 'ਧਮਪਦ' ਵਿਚ ਦਿੱਤੇ ਸ਼ਲੋਕਾਂ ਦੀ ਪਿੱਠਭੂਮੀ ਸਮਝਣ ਲਈ ਲੇਖਕ ਨੇ ਪਹਿਲਾਂ ਬੁੱਧ ਧਰਮ ਦੇ ਇਤਿਹਾਸਕ ਸਫ਼ਰ ਦਾ ਵਰਣਨ ਕੀਤਾ ਹੈ। ਇਸਦਾ ਅਧਿਐਨ ਦੱਸਦਾ ਹੈ ਕਿ ਲੇਖਕ ਨੇ ਲਿਖਣ ਤੋਂ ਪਹਿਲਾਂ ਇਤਿਹਾਸ ਮਿਥਿਹਾਸ ਤੋਂ ਇਲਾਵਾ ਹੋਰ ਵੀ ਬਹੁਤ ਕੁਝ ਸਬੰਧਤ ਸਾਹਿਤ ਦੀ ਖੋਜ ਕੀਤੀ ਹੈ, ਅਧਿਐਨ ਕੀਤਾ ਹੈ।

'ਧਮਪਦ' ਅਨੁਸਾਰ ਗੌਤਮ ਬੁੱਧ ਦੇ ਪ੍ਰੀਨਿਰਵਾਣ ਤੋਂ 10-12 ਸਾਲਾਂ ਬਾਅਦ ਰਾਜ ਗ੍ਰਹਿ ਵਿਚ ਪਹਿਲਾ ਸਮਾਗਮ ਕੀਤਾ ਗਿਆ। ਉਹਨਾਂ ਨੇ ਚੇਲਿਆਂ ਦੀ ਇਸ ਇਕੱਤਰਤਾ ਵਿਚ ਵਿਚਾਰ ਚਰਚਾ ਹੋਈ ਕਿ ਬੁੱਧ ਧਰਮ ਦਾ ਇਕ ਸੰਗ੍ਰਹਿ ਤਿਆਰ ਕੀਤਾ ਜਾਵੇ। ਬੁੱਧ ਦੇ ਸਭ ਤੋਂ ਪੁਰਾਣੇ ਚੇਲੇ ਉੱਪਲ ਨੇ ਬੁੱਧ ਦਾ ਨੀਯਤ ਕੀਤਾ ਹੋਇਆ ਰਹਿਤਨਾਮਾ ਸੁਣਾਇਆ ਤਾਂ ਇਸਨੂੰ 'ਵਿਨਾਯ ਪਿਟਕ' ਨਾਮੀ ਗ੍ਰੰਥ ਦਾ ਨਾਂ ਦਿੱਤਾ ਗਿਆ। ਬੁੱਧ ਦੇ ਬਹੁਤ ਪਿਆਰੇ ਚੇਲੇ ਆਨੰਦ ਨੇ ਬੁੱਧ ਦੇ ਉਪਦੇਸ਼ ਵਖਿਆਨ ਕੀਤੇ ਤਾਂ ਉਹ 'ਸੂਤਰ ਪਿਟਕ' ਬਣਿਆ ਅਤੇ ਕਸ਼ੱਪ ਨੇ ਦਾਰਸ਼ਨਿਕ ਸਿਧਾਂਤ ਦੱਸੇ ਜੋ 'ਅਭਿਧਮ ਪਿਟਕ' ਕਹਾਇਆ। ਇੰਝ ਇਹਨਾਂ ਤਿੰਨਾਂ ਨੂੰ ਮਿਲਾ ਕੇ 'ਤ੍ਰਿਪਿਟਕ' ਧਰਮ ਗ੍ਰੰਥ ਬਣਾਇਆ। ਇਹ ਪਾਲੀ ਭਾਸ਼ਾ ਵਿਚ ਹੈ ਅਤੇ ਲੰਕਾ ਵਿਚ 300 ਬੀ. ਸੀ. ਤੋਂ ਲੈ ਕੇ ਹਾਲੇ ਤੱਕ ਵੀ ਇਸੇ ਭਾਸ਼ਾ ਵਿਚ ਸਾਂਭਿਆ ਹੋਇਆ ਹੈ। ਇਹ ਪਾਲੀ ਭਾਸ਼ਾ ਵਿਚ ਹੈ ਅਤੇ ਲੰਕਾ ਵਿਚ 300 ਬੀ. ਸੀ. ਤੋਂ ਲੈ ਕੇ ਹਾਲੇ ਤੱਕ ਵੀ ਇਸੇ ਭਾਸ਼ਾ ਵਿਚ ਸਾਂਭਿਆ ਹੋਇਆ ਹੈ। ਮੂਲ ਗ੍ਰੰਥ ਤਿਆਰ ਕਰਨ ਦੇ ਦੋ ਸੌ ਸਾਲਾਂ ਬਾਅਦ 377 ਬੀ. ਸੀ. ਵਿਚ ਦੂਜਾ ਸਮਾਗਮ ਵੈਸ਼ਾਲੀ ਵਿਚ ਹੋਇਆ ਜਿਸ ਵਿਚ ਸਖ਼ਤ ਰਹਿਤਨਾਮੇ ਨੂੰ ਕੁਝ ਨਰਮ ਕਰਨ ਬਾਰੇ ਵਿਚਾਰਾਂ ਹੋਈਆਂ ਪਰ ਕੁਝ ਭਿਕਸ਼ੂ ਇੰਝ ਬਦਲਣ ਦੇ ਹੱਕ ਵਿਚ ਨਹੀਂ ਸਨ, ਇਸ ਲਈ ਤਬਦੀਲੀ ਨਾ ਹੋ ਸਕੀ। ਬੁੱਧ ਧਰਮ ਦੀਆਂ ਮੁੱਖ ਤੌਰ ਤੇ ਦੋ ਧਾਰਾਵਾਂ ਬਣ ਗਈਆਂ। ਇਕ 'ਹੀਨਯਾਨ' ਜੋ ਤਬਦੀਲੀ ਨਹੀਂ ਸਨ ਚਾਹੁੰਦੇ- ਡੇਰਾਵਾਦ ਅਤੇ ਦੂਜੀ 'ਮਹਾਂਯਾਨ' ਜੋ ਤਬਦੀਲੀ ਦੇ ਹੱਕ ਵਿਚ ਸਨ। ਹੀਨਯਾਨ ਦਾ ਜ਼ੋਰ ਲੰਕਾ, ਬਰ੍ਹਮਾ, ਥਾਈਲੈਂਡ ਵਿਚ ਅਤੇ ਮਹਾਂਯਾਨ ਦਾ ਚੀਨ, ਜਾਪਾਨ, ਕੋਰੀਆ ਅਤੇ ਤਿੱਬਤ ਵਿਚ ਸੀ। ਭਾਰਤ, ਪੰਜਾਬ, ਗੰਧਾਰ, ਮੱਧ ਏਸ਼ੀਆ ਅਤੇ ਅਫ਼ਗਾਨਿਸਤਾਨ ਵੀ ਮਹਾਂਯਾਨ ਪੱਖੀ ਸਨ।



- ਫਤਿਹਜੰਗ ਸਿੰਘ
91-98726-70278

ਬੁੱਧ ਧਰਮ ਦੀ ਚੜ੍ਹਤ ਦਾ ਸਭ ਤੋਂ ਜ਼ਿਆਦਾ ਖ਼ਤਰਾ ਹਿੰਦੂ ਧਰਮ ਨੂੰ ਹੋ ਰਿਹਾ ਸੀ, ਇਸ ਲਈ ਕਿਸੇ ਨਾ ਕਿਸੇ ਬਹਾਨੇ ਬ੍ਰਾਹਮਣਵਾਦ ਇਸ ਵਿਚ ਘੁਸਪੈਠ ਕਰ ਰਿਹਾ ਸੀ। ਇਸ ਘੁਸਪੈਠ ਨੂੰ ਰੋਕਣ ਲਈ ਇਕ ਸਦੀ ਬਾਅਦ 270 ਬੀ. ਸੀ. ਵਿਚ ਅਸ਼ੋਕ ਮੋਰੀਆ ਨੇ ਪਾਟਲੀਪੁਤਰ ਵਿਚ ਤੀਜਾ ਸੰਮੇਲਨ ਬੁਲਾਇਆ, ਜਿਸਦਾ ਮੂਲ ਮੰਤਵ ਹੀ ਇਹ ਸੀ ਕਿ ਬੁੱਧ ਦੇ ਸ਼ੁੱਧ ਉਪਦੇਸ਼ਾਂ ਵਿਚ ਰਲ ਰਹੇ ਬ੍ਰਾਹਮਣੀ ਪ੍ਰਭਾਵਾਂ ਨੂੰ ਰੋਕਿਆ ਜਾਵੇ। ਅਸ਼ੋਕ ਦੇ ਵੇਲੇ ਬੁੱਧ ਧਰਮ ਸਾਰੇ ਭਾਰਤ ਦਾ ਮੁੱਖ ਧਰਮ ਬਣ ਚੁੱਕਿਆ ਸੀ ਅਤੇ ਅਸ਼ੋਕ ਦੀ ਮਿਹਨਤ ਨਾਲ ਦੇਸ਼ ਦੇਸ਼ਾਂਤਰਾਂ ਵਿਚ ਵੀ ਪੂਰੀ ਤਰ੍ਹਾਂ ਪ੍ਰਫੁੱਲਿਤ ਹੋ ਰਿਹਾ ਸੀ। ਪਰ ਅਸ਼ੋਕ ਦੀ ਮੌਤ ਤੋਂ ਦੋ ਸਾਲਾਂ ਬਾਅਦ ਹੀ ਮਹਾਂਯਾਨਾਂ ਦੇ ਅਸਰ ਹੇਠ ਬੁੱਧ ਇਕ ਮਹਾਨ ਦੇਵਤਾ ਬਣ ਚੁੱਕਿਆ ਸੀ। ਬੁੱਧ ਧਰਮ ਦੇ ਦੇਵੀ ਦੇਵਤਿਆਂ ਦੀ ਗਿਣਤੀ ਤੇ ਸ਼ਕਤੀਆਂ ਬ੍ਰਾਹਮਣੀ ਮੱਤ ਤੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ ਸਨ। ਮਹਾਂਯਾਨ ਵਿਚ ਕਰਮਯੋਗ ਦੀ ਥਾਂ ਭਗਤੀ ਯੋਗ ਨੇ ਲੈ ਲਈ। ਇਹ ਵਿਚਾਰ ਬਣ ਗਿਆ ਕਿ "ਬੁੱਧਮ ਸ਼ਰਨਮ ਗੱਛਮਿ, ਧਰਮਮ ਸ਼ਰਨਮ ਗੱਛਮਿ, ਸੰਘਮ ਸ਼ਰਨਮ ਗਛਮਿ'' ਦਾ ਜਾਪ ਕਰਨ ਨਾਲ ਹੀ ਕਲਿਆਣ ਹੋ ਸਕਦਾ ਹੈ।

ਬੁੱਧ ਧਰਮ ਦਾ ਅਗਲਾ ਚੌਥਾ ਸਮਾਗਮ ਰਾਜਾ ਕਨਿਸ਼ਕ ਦੀ ਪ੍ਰਧਾਨਗੀ ਹੇਠ ਪਾਟਲੀਪੁਤਰ ਸਮਾਗਮ ਤੋਂ ਲੱਗਭੱਗ ਦੋ ਸੌ ਸਾਲ ਬਾਦ (ਈਸਾ ਦੇ ਜਨਮ ਦੇ ਨੇੜੇ ਤੇੜੇ) ਪ੍ਰਸੂਪੁਰਾ (ਪਿਸ਼ੌਰ) ਵਿਚ ਹੋਇਆ, ਜਿਸਦਾ ਮੂਲ ਮੰਤਵ ਹੀਨਯਾਨ ਅਤੇ ਮਹਾਂਯਾਨ ਦੇ ਪਾੜੇ ਨੂੰ ਮੇਟਣਾ ਸੀ। ਲੱਗਭੱਗ 100 ਬੀ. ਸੀ. ਵਿਚ ਮਲਿੰਦ ਬਖ਼ਤਰ ਦੀ ਲਿਖੀ ਪੁਸਤਕ 'ਮਲਿੰਦ ਪੱਨਹ' ਜਿਸ ਵਿਚ ਹੀਨਯਾਨ ਪ੍ਰਭਾਵ ਪ੍ਰਬੱਲ ਸੀ, ਇਸ ਗੱਲ 'ਤੇ ਜ਼ੋਰ ਦਿੱਤਾ ਗਿਆ ਕਿ ਮਨ, ਬੁੱਧ, ਰਾਗ, ਦਵੈਸ਼ ਆਦਿ ਲੱਛਣਾਂ ਤੋਂ ਪਰ੍ਹੇ ਆਤਮਾ ਕੋਈ ਵੱਖਰੀ ਸ਼ੈਅ ਨਹੀਂ ਹੈ। ਸਮਾਗਮ ਦੇ ਮੰਤਵ ਵਿਚ ਬਹੁਤੀ ਸਫਲਤਾ ਨਾ ਮਿਲੀ। ਇਸਦੇ ਕੁਝ ਸਮੇਂ ਬਾਅਦ ਹੀ ਮਹਾਂਯਾਨੀ ਵਿਦਵਾਨ ਅਸ਼ਵ ਘੋਸ਼ ਨੇ ਦੋ ਸੰਸਕ੍ਰਿਤ ਗ੍ਰੰਥ ਰਚੇ, ਇਹਨਾਂ ਸਦਕਾ ਅੱਜਕਲ੍ਹ ਦੇ ਖੋਜੀ ਇਸਨੂੰ ਮਹਾਂਯਾਨੀਆਂ ਦਾ ਪਿਤਾਮਾ ਗਿਣਦੇ ਹਨ। ਇਸ ਵੇਲੇ ਤੱਕ ਬੁੱਧ ਧਰਮ ਦਾ ਕੇਂਦਰ ਪ੍ਰਸੂਪੁਰਾ ਅਤੇ ਮਹਾਂਵਿਦਿਆ ਕੇਂਦਰ ਤਕਸ਼ਿਲਾ ਬਣ ਚੁੱਕਿਆ ਸੀ। ਇਸੇ ਸਮੇਂ 'ਅਭਿਧਮਪਿਟਕ' ਵਿਚ ਬ੍ਰਾਹਮਣੀ ਖਿਆਲ ਸ਼ਾਮਲ ਹੋਏ ਪਰ ਪਹਿਲੀ ਸਦੀ ਵਿਚ ਰਚੇ ਗਏ ਗ੍ਰੰਥ 'ਸੁਚਵੱਟੀ ਵਿਯੂਹ' ਅਤੇ 'ਸੂਧਰਮ ਪੁੰਡਰੀਕ' ਵੱਖਰੀ ਕਿਸਮ ਦੇ ਗ੍ਰੰਥ ਹਨ। ਇਹਨਾਂ ਵਿਚ ਵਰਣਨ ਦ੍ਰਿਸ਼ ਇਹੋ ਜਿਹਾ ਚਿੱਤਰ ਪੇਸ਼ ਕਰਦੇ ਹਨ, ਜਿਹੋ ਜਿਹਾ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਗੁਰੂ ਰਵਿਦਾਸ ਜੀ ਦੇ ਸ਼ਬਦ "ਬੇਗ਼ਮ ਪੁਰਾ ਸਹਰ ਕੋ ਨਾਉ..'' ਵਿਚ ਪੇਸ਼ ਹੈ।

ਚੀਨੀ ਭਿਕਸ਼ੂ ਯੌਨਚਾਂਗ ਜੋ ਭਾਰਤ ਦੀ ਯਾਤਰਾ ਤੇ ਆਇਆ ਸੀ, ਲਿਖਦਾ ਹੈ ਕਿ ਦੂਜੀ ਈਸਵੀ ਨਾਲੰਦਾ ਵਿਸ਼ਵਵਿਦਿਆਲੇ ਦੀ ਸਥਾਪਤੀ ਤੋਂ ਲੈ ਕੇ 750 ਈਸਵੀ ਤੱਕ ਇਸ ਵਿਚ ਬੁੱਧ ਗ੍ਰੰਥ ਪੜ੍ਹਾਏ ਜਾਂਦੇ ਰਹੇ ਹਨ। ਬਾਰਾਂ ਸੌ ਵਰ੍ਹਿਆਂ ਤੱਕ ਏਸ਼ੀਆ ਦੀ ਮੰਨੀ ਪ੍ਰਮੰਨੀ ਯੂਨੀਵਰਸਿਟੀ ਰਹੀ ਹੈ ਜਿਸ ਵਿਚ ਦੇਸ਼ ਦੇਸ਼ਾਂਤਰਾਂ ਤੋਂ ਵਿਦਿਆਰਥੀ ਪੜ੍ਹਨ ਆਉਂਦੇ ਸਨ। ਕਈ ਦੇਸ਼ਾਂ ਦੇ ਰਾਜਿਆਂ ਨੇ ਯੂਨੀਵਰਸਿਟੀ ਦੇ ਨਾਂ ਜਗੀਰਾਂ ਲੁਆਈਆਂ ਹੋਈਆਂ ਸਨ ਤਾਂ ਜੋ ਰੋਟੀ ਕੱਪੜੇ ਦਾ ਖਰਚ ਚਲਦਾ ਰਹੇ। ਯੂਨੀਵਰਸਿਟੀ ਵਿਚ ਸਾਢੇ ਅੱਠ ਹਜ਼ਾਰ ਵਿਦਿਆਰਥੀ ਡੇਢ ਹਜ਼ਾਰ ਪ੍ਰੋਫੈਸਰ ਸਨ। ਹਰ ਰੋਜ਼ ਇਕ ਸੌ ਲੈਕਚਰ ਵੱਖ ਵੱਖ ਵਿਸ਼ਿਆਂ ਤੇ ਹੁੰਦੇ ਸਨ। ਸੰਸਾਰ ਦੀ ਹਰ ਵਿਦਿਆ ਬਿਨਾਂ ਪੱਖਪਾਤ ਦੇ ਪੜ੍ਹਾਈ ਜਾਂਦੀ ਸੀ। ਲਾਇਬ੍ਰੇਰੀ ਵਿਚ 20 ਲੱਖ ਤੋਂ

(ਬਾਕੀ ਅਗਲੇ ਸਫੇ ਤੇ)




# ਬੁੱਧ ਵਿਹਾਰ ਟਰੱਸਟ ਸੋਫੀ ਪਿੰਡ ਨੇ ਮਨਾਈ ਬੁੱਧ ਪੂਰਨਿਮਾ




**ਜਲੰਧਰ–** ਜਲੰਧਰ ਛਾਉਣੀ ਨਾਲ ਲੱਗਦੇ ਸੋਫੀ ਪਿੰਡ ਵਿਚ ਬੁੱਧ ਪੂਰਨਿਮਾ ਧੂੰਮਧਾਮ ਨਾਲ ਮਨਾਈ ਗਈ। ਬੁੱਧ ਵਿਹਾਰ ਟਰੱਸਟ ਸੋਫੀ ਪਿੰਡ ਵੱਲੋਂ ਭਗਵਾਨ ਬੁੱਧ ਦਾ 2562ਵਾਂ ਜਨਮ ਦਿਨ, ਗਿਆਨ ਪ੍ਰਾਪਤੀ ਦਿਨ ਅਤੇ ਨਿਰਵਾਣ ਪ੍ਰਾਪਤੀ ਦਿਨ 'ਬੁੱਧ ਪੂਰਨਿਮਾ' ਦੇ ਰੂਪ ਵਿਚ ਮਨਾਇਆ ਗਿਆ। ਸ਼ਰਧਾਲੂਆਂ ਵੱਲੋਂ ਭਗਵਾਨ ਬੁੱਧ ਜੀ ਦੀ ਫੋਟੋ ਅੱਗੇ ਫੁੱਲ ਮਾਲਾਵਾਂ ਭੇਂਟ ਕੀਤੀਆਂ ਗਈਆਂ।

ਇਸ ਮੌਕੇ ਬੁੱਧ ਵੰਦਨਾ, ਤ੍ਰੀਸ਼ਰਣ ਅਤੇ ਪੰਚਸ਼ੀਲ ਦੇ ਪਾਠ ਪੜ੍ਹੇ ਗਏ। ਹਰਭਜਨ ਦਾਸ ਸਾਂਪਲਾ ਸਕੱਤਰ ਬੁੱਧ ਵਿਹਾਰ ਟਰੱਸਟ ਨੇ ਸਾਰਿਆਂ ਨੂੰ ਬੁੱਧ ਪੂਰਨਿਮਾ ਦੀ ਵਧਾਈ ਦਿੱਤੀ। ਭਿਖਸ਼ੂ ਸੰਘਪਰੀਆ ਨੇ ਕਿਹਾ ਕਿ ਬੁੱਧ ਪੂਰਨਿਮਾ ਬਹੁਤ ਪਵਿੱਤਰ ਦਿਨ ਹੈ। ਇਸ ਮੌਕੇ ਗੁਰਮੀਤ ਸਾਂਪਲਾ, ਪ੍ਰਿੰਸੀਪਲ ਪਰਮਜੀਤ ਜੱਸਲ, ਚਮਨ ਸਾਂਪਲਾ, ਰੂਪ ਲਾਲ ਨੰਬਰਦਾਰ, ਲਹਿੰਬਰ ਬੰਗੜ, ਸੋਫੀਆ ਸਾਂਪਲਾ, ਜਗਦੀਸ਼ ਰਾਣਾ, ਬੀ. ਐਸ. ਪੀ. ਲੀਡਰ, ਮਾਸਟਰ ਰਾਮ ਲਾਲ, ਸ੍ਰੀਮਤੀ ਛਿੰਬੋ, ਸ੍ਰੀਮਤੀ ਸੱਤਿਆ, ਸ੍ਰੀਮਤੀ ਮਨਜੀਤ, ਸ੍ਰੀਮਤੀ ਕਾਂਤਾ ਟੀਚਰ, ਪ੍ਰਿਅੰਕਾ, ਪੂਨਮ ਸਾਂਪਲਾ, ਪ੍ਰਿਆ, ਰੀਆ, ਸ੍ਰੀਮਤੀ ਪੂਜਾ, ਰੇਸ਼ਮੋ, ਸੁਰਿੰਦਰ ਕੌਰ, ਗੁਰਬਿੰਦਰ ਕੌਰ, ਕੋਮਲ, ਰਾਜਵਿੰਦਰ ਸਾਂਪਲਾ, ਸੰਤੋਸ਼, ਜਯਾ ਗੌਤਮ, ਸਤੀਸ਼ ਕੁਮਾਰ, ਦੀਸ਼ਾ ਅਲਾਦੀਨਪੁਰ, ਮਿਸਟਰ ਕੀਰਤਨ ਰਾਮ ਬੀ. ਐਸ. ਪੀ. ਲੀਡਰ ਕੋਟ ਕਲਾਂ, ਮਿਸਟਰ ਪਵਨ ਟੀਚਰ, ਦੇਸਰਾਜ ਦੇਸਾ, ਬਨਾਰਸੀ ਦਾਸ ਨੰਗਲ, ਸਰੂਪ ਲਾਲ, ਬੱਬੋ, ਧਿਆਨ ਚੰਦ ਸਾਬਕਾ ਫੌਜੀ ਸੂਬੇਦਾਰ, ਪਾਲ ਸਾਂਪਲਾ (ਡਰਾਈਕਲੀਨਰ), ਜੁਗਿੰਦਰ ਮਾੜਾ, ਡਾ. ਗੁਰਪਾਲ ਚੌਹਨ, ਡਾ. ਸੌਂਧੀ ਅਤੇ ਹੋਰ ਨਗਰ ਵਾਸੀ ਹਾਜ਼ਰ ਸਨ। ਰੂਪ ਲਾਲ ਨੰਬਰਦਾਰ ਨੇ ਸੰਗਤ ਦਾ ਧੰਨਵਾਦ ਕੀਤਾ ਅਤੇ ਖੀਰ ਅਤੇ ਮਠਿਆਈਆਂ ਪ੍ਰਸ਼ਾਦ ਦੇ ਰੂਪ ਵਿਚ ਵਰਤਾਈਆਂ ਗਈਆਂ।

# ਪੁਸਤਕ 'ਇਕ ਸਿੱਖ ਦਾ ਬੁੱਧ ਨੂੰ ਪ੍ਰਣਾਮ'- ਇਕ ਵਿਗਿਆਨਕ ਦ੍ਰਿਸ਼ਟੀਕੋਣ ਤੋਂ

**(ਸਫਾ 15 ਦੀ ਬਾਕੀ)**

ਵੱਧ ਪੁਸਤਕਾਂ ਸਨ ਜੋ ਬਾਅਦ ਵਿਚ ਬਖਤਿਆਰ ਖਿਲਜੀ ਨੇ ਸਾੜ ਦਿੱਤੀਆਂ ਸਨ ਤੇ ਇਹਨਾਂ ਦਾ ਧੂੰਆਂ ਦੋ ਮਹੀਨੇ ਤੱਕ ਨਿਕਲਦਾ ਰਿਹਾ। ਪੰਜ ਹਜ਼ਾਰ ਪ੍ਰੋਫੈਸਰ ਅਤੇ ਵਿਦਿਆਰਥੀ ਬੇੜੀਆਂ ਵਿਚ ਚਾੜ੍ਹ ਕੇ ਗੰਗਾ ਵਿਚ ਡੋਬ ਦਿੱਤੇ ਗਏ ਜੋ ਬਿਨਾਂ ਹੀਲ ਹੁੱਜਤ ਬੁੱਧ ਦਾ ਮੂਲ ਮੰਤਰ 'ਬੁਧਮ ਸ਼ਰਨਮ ਗਛਮਿ..'' ਪੜ੍ਹਦੇ ਪੜ੍ਹਦੇ ਡੁੱਬ ਗਏ। ਇੰਞ ਬੁੱਧ ਧਰਮ ਢਹਿੰਦੀਆਂ ਕਲਾਂ ਵਿਚ ਚਲਾ ਗਿਆ। ਬੁੱਧ ਧਰਮ ਅਸਲ ਵਿਚ ਤਾਂ ਅਸ਼ੋਕ ਦੀ ਮੌਤ ਤੋਂ ਬਾਅਦ ਹੀ ਖ਼ਾਤਮੇ ਵੱਲ ਵਧਣਾ ਸ਼ੁਰੂ ਹੋ ਗਿਆ ਸੀ। ਪਰ ਅਸ਼ੋਕ ਦੇ ਪੋਤਰੇ ਬਹਿਦਰਿਥ ਦਾ ਇਕ ਬ੍ਰਾਹਮਣ ਸੈਨਾਪਤੀ ਪੁਸ਼ਿਆਮਿੱਤਰ ਵੱਲੋਂ ਕਤਲ ਕਰਕੇ ਰਾਜਪਾਟ ਸੰਭਾਲ ਲੈਣ ਅਤੇ ਬ੍ਰਾਹਮਣਵਾਦ ਲਾਗੂ ਕਰਨ ਨਾਲ ਲੱਗਭੱਗ ਖਾਤਮਾ ਹੀ ਹੋ ਗਿਆ ਸੀ।

ਚੌਥੀ ਸ਼ਤਾਬਦੀ ਈਸਵੀ ਵਿਚ ਮਹਾਂ ਦਾਰਸ਼ਨਿਕ ਸਿਧਾਂਤ ਵਿਗਿਆਨਵਾਦ ਦਾ ਜਨਮ ਹੋਇਆ। ਇਸਦਾ ਸਿਧਾਂਤ ਹੈ ਚਿੱਤ ਹੀ ਸਭ ਕੁਝ ਹੈ ਬਾਕੀ ਸਭ ਅਸੱਤ ਹੈ। ਭਾਰਤ ਵਿਚ ਬੁੱਧ ਧਰਮ ਪੰਜ ਛੇ ਸਦੀਆਂ ਅਲੋਪ ਰਿਹਾ ਪਰ ਇਸ ਸਮੇਂ ਵਿਦੇਸ਼ਾਂ ਵਿਚ ਖੂਬ ਫੈਲਿਆ।

ਲੇਖਕ ਨੇ ਬੁੱਧ ਧਰਮ ਦੇ ਖਾਤਮੇ ਦਾ ਕਾਰਨ ਇਤਿਹਾਸਕ ਪੱਖੋਂ ਇਹ ਦੱਸਿਆ ਹੈ ਕਿ ਆਰੀਅਨਾਂ ਨੇ ਇਸਨੂੰ ਤਬਾਹ ਕੀਤਾ ਸੀ। ਉਹ ਲਿਖਦੇ ਹਨ ਕਿ ਇਹ ਇਕ ਵਿਸ਼ਵ ਵਿਆਪੀ ਨਾਗਰਿਕ ਸਭਿਅਤਾ ਸੀ ਜੋ 2000 ਬੀ. ਸੀ. ਵਿਚ ਬਾਬਲ, ਨਿਨਵਾਹ, ਅਸੀਰੀਆ, ਮਿਸਰ, ਹੜੱਪਾ, ਸਿੰਧੂ, ਮੋਹਿੰਜੋਦਾੜੋ ਅਤ ਰਾਹਤ ਦੇ ਸਪਤ ਨੰਦ (ਸਤ ਨਦੀਆਂ) ਦੇਸ਼ ਵਿਚ ਕਈ ਹਜ਼ਾਰ ਸਾਲ ਜੋਬਨ ਵਿਚ ਅਤੇ ਕਈ ਹਜ਼ਾਰ ਸਾਲ ਬ੍ਰਿਧ ਅਵਸਥਾ ਵਿਚ ਰਹਿ ਕੇ ਇਕ ਵਿਸ਼ਵ ਵਿਆਪੀ ਉਥਲ ਪੁਥਲ ਵਿਚ ਕਿਸੇ ਜਾਂਗਲੀ ਤੇ ਸਿਰਕੀ ਵਾਸ ਜਾਤੀ ਦੇ ਹੱਥੋਂ ਅਲੋਪ ਹੋ ਗਈ। ਸਪਤ ਨਦ ਦੇਸ਼ ਵਿਚ ਇਹ ਕਾਰਾ ਕਰਨ ਵਾਲੇ ਰਿਗਵੇਦ ਦੇ ਆਰੀਆ ਲੋਕ ਸਨ (72)।''

ਵਿਦੇਸ਼ਾਂ ਵਿਚ ਬੁੱਧ ਧਰਮ ਉਥੋਂ ਦੇ ਪ੍ਰਚੱਲਿਤ ਧਰਮਾਂ ਅਨੁਸਾਰ ਘੱਟ ਜਾਂ ਵੱਧ ਅਸਰ ਕਬੂਲਦਾ ਹੋਇਆ ਪ੍ਰਫੁੱਲਿਤ ਹੋਇਆ। ਉਨੀਵੀਂ ਸਦੀ ਦੇ ਅੱਧ ਵਿਚ ਪੱਛਮੀ ਵਿਦਵਾਨ ਮੁੜ ਬੁੱਧ ਮੱਤ ਦੀ ਪੜਚੋਲ ਅਤੇ ਖੋਜ ਵੱਲ ਵਧਣੇ ਸ਼ੁਰੂ ਹੋਏ ਹਨ ਤੇ ਅੰਗਰੇਜ਼ੀ, ਜਰਮਨ, ਰੂਸੀ ਤੇ ਫਰਾਂਸੀਸੀ ਵਿਚ ਭਾਰੀ ਸਾਹਿਤ ਬੁੱਧ ਮੱਤ ਤੇ ਰਚਿਆ ਜਾ ਰਿਹਾ ਹੈ। ਸੰਨ 1891 ਵਿਚ ਕਰਨਲ ਐਚ. ਐਸ. ਆਲਕੁੱਟ ਨੇ ਹੀਨਯਾਨ ਤੇ ਮਹਾਂਯਾਨ ਦੇ ਸਾਂਝੇ ਤੇ ਬੁਨਿਆਦੀ ਸਿਧਾਂਤਾਂ ਦਾ ਸੰਗ੍ਰਹਿ ਕੀਤਾ ਜੋ ਕਿ ਚਤੁਰਦਸ ਬੋਧੀ ਸਿਧਾਂਤ ਅਖਵਾਉਂਦਾ ਹੈ। ਇਹਨਾਂ ਨੇ ਮਦਰਾਸ ਵਿਚ ਦੇਸ਼ ਦੇਸ਼ਾਂਤਰਾਂ ਤੋਂ ਬੋਧੀਆਂ ਨੂੰ ਬੁਲਾ ਕੇ ਇਕ ਸਮਾਗਮ ਕਰਵਾਇਆ ਜਿਸ ਵਿਚ 14 ਬੋਧੀ ਸਿਧਾਂਤ ਪ੍ਰਦਾਨ ਕਰਵਾਏ ਜੋ ਅੱਜ ਵੀ ਪ੍ਰਮਾਣਿਕ ਮੰਨੇ ਜਾਂਦੇ ਹਨ। ਇਹਨਾਂ ਵਿਚੋਂ ਮੁੱਖ ਇਹ ਹਨ:- ਹਰ ਮਨੁੱਖ ਨਾਲ ਬਰਾਬਰ ਵਰਤਾਓ, ਵਿਗਿਆਨਕ ਅਤੇ ਕਲਿਆਣਕਾਰੀ ਸਿਧਾਂਤਾਂ ਵਿਚ ਵਿਸ਼ਵਾਸ, ਸ੍ਰਿਸ਼ਟੀ ਦੀ ਰਚਨਾ ਸਿਰਜੀ ਨਹੀਂ ਗਈ ਸਗੋਂ ਸਵੈ-ਵਿਕਾਸ ਰਾਹੀਂ ਹੋਈ, ਦੁੱਖਾਂ ਦਾ ਮੂਲ ਕਾਰਨ ਆਗਿਆਨਤਾ ਹੈ, ਅੰਧ ਵਿਸ਼ਵਾਸ ਨੂੰ ਤਿਲਾਂਜਲੀ, ਹਿੰਸਾ, ਚੋਰੀ, ਝੂਠ, ਨਸ਼ਿਆਂ ਤੋਂ ਪਰਹੇਜ਼ ਆਦਿ। ਇਹੋ ਮੂਲ ਸਿਧਾਂਤ ਸਿੱਖ ਧਰਮ ਦੇ ਵੀ ਹਨ।

ਧਮਪਦ ਦੇ ਸ਼ਲੋਕਾਂ ਵਿਚ ਇਹਨਾਂ ਹੀ ਸਿਧਾਂਤਾਂ ਦਾ ਭਰਪੂਰ ਵਰਣਨ ਹੈ ਜੋ ਪਾਲੀ ਵਿਚ ਹੈ। ਲੇਖਕ ਨੇ ਉਹਨਾਂ ਦੇ ਅਰਥ ਸਰਲ ਪੰਜਾਬੀ ਵਿਚ ਦਿੱਤੇ ਹਨ। ਇਸ ਤਰ੍ਹਾਂ ਲੇਖਕ ਦੀ ਕੀਤੀ ਖੋਜ ਅਨੁਸਾਰ ਜਦੋਂ ਅਸੀਂ ਬੁੱਧ ਮੱਤ ਦੇ ਵਿਕਾਸ ਦੀ ਇਸ ਸਾਰੀ ਵਿੱਥਿਆ ਤੋਂ ਜਾਣੂ ਹੁੰਦੇ ਹਾਂ ਤਾਂ ਇਸ ਨਤੀਜੇ ਤੇ ਪਹੁੰਚਦੇ ਹਾਂ ਕਿ ਬੁੱਧ ਮੱਤ ਤੋਂ ਦੋ ਹਜ਼ਾਰ ਸਾਲ ਬਾਅਦ ਹੋਂਦ ਵਿਚ ਆਏ ਸਿੱਖ ਧਰਮ ਵਿਚ ਬੁੱਧ ਮੱਤ ਦਾ ਬਹੁਤ ਕੁਝ ਮਿਲਦਾ ਜੁਲਦਾ ਹੈ। ਇਹ ਪੁਸਤਕ ਦੇ ਤੀਜੇ ਅਧਿਆਇ ਵਿਚ ਖੋਲ੍ਹ ਕੇ ਵਰਣਨ ਕੀਤਾ ਗਿਆ ਹੈ। ਇਹ ਦੋਵੇਂ ਹੀ ਧਰਮ ਵੈਦਿਕ ਧਰਮ ਤੋਂ ਅਲੱਗ ਹਨ ਜੋ ਬ੍ਰਾਹਮਣਵਾਦ ਨੂੰ ਨਹੀਂ ਮੰਨਦੇ। ਦੋਵੇਂ ਧਰਮ ਗ਼ੈਰ ਵਿਗਿਆਨਕ ਸੋਚ, ਫੋਕਟ ਵਹਿਮ-ਭਰਮ, ਅਣਮਨੁੱਖੀ ਵਿਤਕਰਾ, ਗ਼ੈਰ-ਬਰਾਬਰੀ ਵਾਲਾ ਵਰਤਾਓ ਆਦਿ ਨੂੰ ਗਲਤ ਮੰਨਦੇ ਹਨ ਅਤੇ ਆਦਰਸ਼ਕ ਚਾਲ ਚਲਣ ਅਤੇ ਨਰੋਏ ਸਮਾਜਿਕ ਸਿਧਾਂਤਾਂ ਦੇ ਗ੍ਰਹਿਣ ਕਰਨ ਨੂੰ ਉੱਤਮ ਅਤੇ ਸਹੀ ਮੰਨਦੇ ਹਨ। ਲੇਖਕ ਅਨੁਸਾਰ ਸਿੱਖ ਸ਼ਬਦ ਦੋਹਾਂ ਧਰਮਾਂ ਵਿਚ ਇਕੋ ਅਰਥ ਵਿਚ ਲਿਆ ਗਿਆ ਹੈ। ਬੁੱਧ ਮੱਤ ਵਿਚ 'ਸਭ ਅਨੱਤ ਹੈ' ਦਾ ਸਿਧਾਂਤ ਹੀ ਖ਼ਾਲਸਾ ਪੰਥ ਦੇ ਸਮਰੂਪ ਹੈ (125)। ਗੌਤਮ ਬੁੱਧ ਨੇ ਸਾਰਨਾਥ ਵਿਚ ਧਰਮ ਚੱਕਰ ਦਾ ਪ੍ਰਾਰੰਭ ਕਰਨ ਵੇਲੇ ਬੋਧੀ ਸੰਘ ਦੀ ਨੀਂਹ ਪੰਜ ਭਿਕਸ਼ੂ ਦੀਕਸ਼ਿਤ ਕਰਕੇ ਰੱਖੀ ਸੀ। ਗੁਰੂ ਗੋਬਿੰਦ ਸਿੰਘ ਨੇ ਵੀ ਖਾਲਸਾ ਪੰਥ ਦੀ ਨੀਂਹ ਪੰਜ ਪਿਆਰੇ ਥਾਪ ਕੇ ਕੀਤੀ ਸੀ। ਦੋਹਾਂ ਦਾ ਸਾਂਝਾ ਸਿਧਾਂਤ ਹੈ ਕਿ ਮਨੁੱਖੀ ਸਭਿਅਤਾ ਅਤੇ ਸਮਾਜਿਕ ਉੱਨਤੀ ਦੀ ਅਗਵਾਈ ਤੇ ਰੱਖਿਆ ਵਿਅਕਤੀ ਨਹੀਂ ਪੰਚਾਇਤ ਕਰੇ। ਇਹੀ ਸਿਧਾਂਤ ਸਮਾਜਵਾਦ ਦੇ ਰੂਪ ਵਿਚ ਆਧੁਨਿਕ ਚਿੰਤਕਾਂ ਦਾ ਮਨ ਬਹੁਤ ਟੁੰਬਦਾ ਹੈ। ਸੰਗਤ ਅਤੇ ਸੰਘ ਵੀ ਮਿਲਦੇ ਜੁਲਦੇ ਅਰਥਾਂ ਵਾਲੇ ਸ਼ਬਦ ਹਨ। ਮਹਾਂ ਪਰਿਨਿਗਾਣ ਵੇਲੇ ਜੋ ਬਚਨ ਬੁੱਧ ਨੇ ਕੀਤੇ ਉਹੀ ਗੁਰੂ ਗੋਬਿੰਦ ਸਿੰਘ ਨੇ ਵੀ ''ਸਭ ਸਿਖਨ ਕੋ ਹੁਕਮ ਹੈ..'' ਵਿਚ ਉਚਾਰਨ ਕੀਤੇ। ਬੋਧੀ ਵਿਚਾਰਧਾਰਾ ਵਿਚ ਜੋ ਮਹਾਨਤਾ 'ਚੱਕਰ' ਚਿੰਨ੍ਹ ਦੀ ਹੈ, ਉਹੀ ਖਾਲਸੇ ਦੇ ਰਾਜਸੀ ਚਿੰਨ੍ਹਾਂ ਅਤੇ ਪਹਿਰਾਵੇ ਵਿਚ ਵੀ ਹੈ। ਬੁੱਧ ਧਰਮ ਹਿੰਸਾ, ਚੋਰੀ, ਝੂਠ, ਨਸ਼ਿਆਂ ਤੋਂ ਪਰਹੇਜ਼ ਆਦਿ। ਇਹੋ ਮੂਲ ਸਿਧਾਂਤ ਸਿੱਖ ਧਰਮ ਦੇ ਵੀ ਹਨ।

ਧਮਪਦ ਦੇ ਸ਼ਲੋਕਾਂ ਵਿਚ ਇਹਨਾਂ ਹੀ ਸਿਧਾਂਤਾਂ ਦਾ ਭਰਪੂਰ ਵਰਣਨ ਹੈ ਜੋ ਪਾਲੀ ਵਿਚ ਹਨ। ਲੇਖਕ ਨੇ ਉਹਨਾਂ ਦੇ ਅਰਥ ਸਰਲ ਪੰਜਾਬੀ ਵਿਚ ਦਿੱਤੇ ਹਨ। ਇਸ ਤਰ੍ਹਾਂ ਲੇਖਕ ਦੀ ਕੀਤੀ ਖੋਜ ਅਨੁਸਾਰ ਜਦੋਂ ਅਸੀਂ ਬੁੱਧ ਮੱਤ ਦੇ ਵਿਕਾਸ ਦੀ ਇਸ ਸਾਰੀ ਵਿਥਿਆ ਤੋਂ ਜਾਣੂ ਹੁੰਦੇ ਹਾਂ ਤਾਂ ਇਸ ਨਤੀਜੇ ਤੇ ਪਹੁੰਚਦੇ ਹਾਂ ਕਿ ਬੁੱਧ ਮੱਤ ਤੋਂ ਦੋ ਹਜ਼ਾਰ ਸਾਲਾਂ ਬਾਅਦ ਹੋਂਦ ਵਿਚ ਆਏ ਸਿੱਖ ਧਰਮ ਵਿਚ ਬੁੱਧ ਮੱਤ ਦਾ ਬਹੁਤ ਕੁਝ ਮਿਲਦਾ ਜੁਲਦਾ ਹੈ। ਇਹ ਪੁਸਤਕ ਦੇ ਤੀਜੇ ਅਧਿਆਇ ਵਿਚ ਖੋਲ੍ਹ ਕੇ ਵਰਣਨ ਕੀਤਾ ਗਿਆ ਹੈ। ਇਹ ਦੋਵੇਂ ਹੀ ਧਰਮ ਵੈਦਿਕ ਧਰਮ ਤੋਂ ਅਲੱਗ ਹਨ ਜੋ ਬ੍ਰਾਹਮਣਵਾਦ ਨੂੰ ਨਹੀਂ ਮੰਨਦੇ। ਦੋਵੇਂ ਧਰਮ ਗ਼ੈਰ ਵਿਗਿਆਨਕ ਸੋਚ, ਫੋਕਟ ਵਹਿਮ ਭਰਮ, ਅਣਮਨੁੱਖੀ ਵਿਤਕਰਾ, ਗ਼ੈਰ-ਬਰਾਬਰੀ ਵਾਲਾ ਵਰਤਾਓ ਆਦਿ ਨੂੰ ਗਲਤ ਮੰਨਦੇ ਹਨ ਅਤੇ ਆਦਰਸ਼ਕ ਚਾਲ ਚਲਣ ਅਤੇ ਨਰੋਏ ਸਮਾਜਿਕ ਸਿਧਾਂਤਾਂ ਦੇ ਗ੍ਰਹਿਣ ਕਰਨ ਨੂੰ ਉੱਤਮ ਅਤੇ ਸਹੀ ਮੰਨਦੇ ਹਨ। ਲੇਖਕ ਅਨੁਸਾਰ ਸਿੱਖ ਸ਼ਬਦ ਦੋਹਾਂ ਧਰਮਾਂ ਵਿਚ ਇਕੋ ਅਰਥ ਵਿਚ ਲਿਆ ਗਿਆ ਹੈ। ਬੁੱਧ ਮੱਤ ਵਿਚ 'ਸਭ ਅਨੱਤ ਹੈ' ਦਾ ਸਿਧਾਂਤ ਹੀ ਖਾਲਸਾ ਪੰਥ ਦੇ ਸਮਰੂਪ ਹੈ (125)। ਗੌਤਮ ਬੁੱਧ ਨੇ ਸਾਰਨਾਥ ਵਿਚ ਧਰਮ ਚੱਕਰ ਦਾ ਪ੍ਰਾਰੰਭ ਕਰਨ ਵੇਲੇ ਬੋਧੀ ਸੰਘ ਦੀ ਨੀਂਹ ਪੰਜ ਭਿਕਸ਼ੂ ਦੀਕਸ਼ਿਤ ਕਰਕੇ ਰੱਖੀ ਸੀ। ਗੁਰੂ ਗੋਬਿੰਦ ਸਿੰਘ ਨੇ ਵੀ ਖਾਲਸਾ ਪੰਥ ਦੀ ਨੀਂਹ ਪੰਜ ਪਿਆਰੇ ਥਾਪ ਕੇ ਕੀਤੀ ਸੀ। ਦੋਹਾਂ ਦਾ ਸਾਂਝਾ ਸਿਧਾਂਤ ਹੈ ਕਿ ਮਨੁੱਖੀ ਸਭਿਅਤਾ ਅਤੇ ਸਮਾਜਿਕ ਉੱਨਤੀ ਦੀ ਅਗਵਾਈ ਤੇ ਰੱਖਿਆ ਵਿਅਕਤੀ ਨਹੀਂ ਪੰਚਾਇਤ ਕਰੇ। ਇਹੀ ਸਿਧਾਂਤ ਸਮਾਜਵਾਦ ਦੇ ਰੂਪ ਵਿਚ ਆਧੁਨਿਕ ਚਿੰਤਕਾਂ ਦਾ ਮਨ ਬਹੁਤ ਟੁੰਬਦਾ ਹੈ। ਸੰਗਤ ਅਤੇ ਸੰਘ ਵੀ ਮਿਲਦੇ ਜੁਲਦੇ ਅਰਥਾਂ ਵਾਲੇ ਸ਼ਬਦ ਹਨ। ਮਹਾਂ ਪਰਿਨਿਰਵਾਣ ਵੇਲੇ ਜੋ ਬਚਨ ਬੁੱਧ ਨੇ ਕੀਤੇ, ਉਹੀ ਗੁਰੂ ਗੋਬਿੰਦ ਸਿੰਘ ਨੇ ਵੀ ''ਸਭ ਸਿਖਨ ਕੋ ਹੁਕਮ ਹੈ...'' ਵਿਚ ਉਚਾਰਨ ਕੀਤੇ। ਬੋਧੀ ਵਿਚਾਰਧਾਰਾ ਵਿਚ ਜੋ ਮਹਾਨਤਾ 'ਚੱਕਰ' ਚਿੰਨ੍ਹ ਦੀ ਹੈ ਉਹੀ ਖ਼ਾਲਸੇ ਦੇ ਰਾਜਸੀ ਚਿੰਨ੍ਹਾਂ ਅਤੇ ਪਹਿਰਾਵੇ ਵਿਚ ਵੀ ਹੈ। ਬੁੱਧ ਧਰਮ ਦੇ ਸਿਧਾਂਤ ਲੋਕਾਂ ਦੀ ਉਸ ਵੇਲੇ ਦੀ ਆਮ ਬੋਲੀ ਪਾਲੀ ਵਿਚ ਅੰਕਿਤ ਕੀਤੇ ਗਏ ਹਨ। ਇਸੇ ਤਰ੍ਹਾਂ ਸਿੱਖ ਧਰਮ ਦੇ ਸਿਧਾਂਤ ਵੀ ਲੋਕਾਂ ਦੀ ਆਮ ਬੋਲੀ ਪੰਜਾਬੀ ਵਿਚ ਲਿਖੇ ਗਏ (125)''। ਇਸ ਤਰਾਂ ਇਹਨਾਂ ਦੋਹਾਂ ਧਰਮਾਂ ਵਿਚ ਕਿੰਨੀਆਂ ਹੀ ਸਮਾਨਤਾਵਾਂ ਹਨ ਜੋ ਲੇਖਕ ਨੇ ਉਜਾਗਰ ਕੀਤੀਆਂ ਹਨ ਤੇ ਉਹ ਅਖੀਰ ਵਿਚ ਲਿਖਦੇ ਹਨ, ''ਇਹ ਅਤੇ ਹੋਰ ਨੁਕਤੇ ਅਤੇ ਸਿੱਖ ਪੰਥ ਦੀ ਰੂਪ ਰੇਖਾ ਅਜਿਹੇ ਹਨ, ਜਿਹਨਾਂ ਨੂੰ ਗਹੁ ਨਾਲ ਵੇਖਿਆਂ ਖ਼ਾਲਸਾ ਪੰਥ ਅਤੇ ਸਿੱਖ ਮੱਤ, ਗੌਤਮ ਬੁੱਧ ਤੇ ਬੁੱਧ ਮੱਤ ਦੇ ਸਿਧਾਂਤ ਉਪਦੇਸ਼ਾਂ ਦਾ ਪੁਨਰ ਜੀਵਨ ਅਤੇ ਸੰਬੋਧਨ ਰੂਪ ਸਹੀ ਹੋ ਆਉਂਦਾ ਹੈ। ਮਹਾਨ ਆਤਮਾ ਗੌਤਮ ਬੁੱਧ ਨੂੰ ਮੇਰਾ ਪ੍ਰਣਾਮ ਹੈ (126)।''

ਇੱਥੇ ਦੱਸਣਾ ਬਣਦਾ ਹੈ ਕਿ ਲੇਖਕ ਦਾ ਪ੍ਰਣਾਮ ਉਹ ਨਹੀਂ ਜਿਸਦੀ ਸਿੱਖ ਧਰਮ ਵਿਚ ਮਨਾਹੀ ਹੈ ਕਿ ਗ੍ਰੰਥ ਸਾਹਿਬ ਤੋਂ ਬਿਨਾਂ ਕਿਤੇ ਸੀਸ ਨਹੀਂ ਝੁਕਾਉਣਾ। ਉਹ ਮਨਾਹੀ ਹੈ ਮੜ੍ਹੀਆਂ ਮਸਾਣਾਂ, ਮੂਰਤੀਆਂ ਦੇ ਅੱਗੇ ਸੀਸ ਨਿਵਾਉਣ ਵਰਗੀਆਂ ਬ੍ਰਾਹਮਣੀ ਮਨਮਤੀਆਂ ਦੀ, ਜਿਸਦਾ ਅਰਥ ਹੈ ਕਿ ਉਹਨਾਂ ਦੀ ਅਧੀਨਗੀ ਸਵੀਕਾਰ ਕਰਕੇ ਮੱਥਾ ਟੇਕਿਆ ਗਿਆ ਹੈ। ਲੇਖਕ ਦਾ ਇਹ ਪ੍ਰਣਾਮ ਆਪਣੇ ਸਿੱਖ ਧਰਮ ਵਰਗੇ ਦੋ ਹਜ਼ਾਰ ਸਾਲ ਪੁਰਾਣੇ ਬਜ਼ੁਰਗ ਧਰਮ ਨੂੰ ਹੈ, ਉਵੇਂ ਜਿਵੇਂ ਕਿਸੇ ਹਮਖਿਆਲ ਸਤਿਕਾਰਿਤ ਸ਼ਖਸੀਅਤ ਨੂੰ ਦਿਲੋਂ ਸਤਿਕਾਰ ਪੇਸ਼ ਕਰਦਿਆਂ ਗਦਗਦ ਹੋ ਜਾਈਦਾ ਹੈ। ਇਹ ਪ੍ਰਣਾਮ ਹੈ 'ਸਿਰਦਾਰ' ਕਪੂਰ ਸਿੰਘ ਵਰਗੇ ਸਿੱਖ ਸਿਧਾਂਤਾਂ ਦੇ ਅਤੇ ਬੁੱਧ ਮੱਤ ਦੇ ਜਾਣਕਾਰ ਵਿਦਵਾਨ ਅਤੇ ਚਿੰਤਕ ਵੱਲੋਂ ਜੋ ਇਸ ਤਰ੍ਹਾਂ ਦੇ ਪ੍ਰਣਾਮ ਦੇ ਅਰਥ ਜਾਣਦੇ ਸਨ ਤੇ ਜਾਂ ਫਿਰ ਪੰਜਾਬੀ ਸਾਹਿਤ ਦੇ ਸਿਰਕੱਢ ਕਵੀ ਅਤੇ ਵਿਦਵਾਨ ਪ੍ਰੋ. ਮੋਹਨ ਸਿੰਘ ਜਿਸਨੇ ਸਿੱਖ ਜਗਤ ਨੂੰ 'ਨਾਨਕਾਇਣ' ਵਰਗਾ ਗ੍ਰੰਥ ਦਿੱਤਾ, ਜਿਹਨਾਂ ਨੇ ਇਸ ਲੇਖ ਨੂੰ ਆਪਣੇ ਰਸਾਲੇ ਵਿਚ ਥਾਂ ਦੇਣ ਦੀ ਪਹਿਲ ਕੀਤੀ ਸੀ, ਉਹ ਇਸਦੇ ਅਰਥ ਜਾਣਦੇ ਸਨ। ਇਹ ਪ੍ਰਣਾਮ ਹੈ ਦਿਲ ਦੀਆਂ ਡੂੰਘਾਈਆਂ ਤੋਂ ਸਤਿਕਾਰ ਵਿਚ ਸੀਸ ਆਪ ਮੁਹਾਰੇ ਝੁਕ ਜਾਣ ਵਾਲਾ। ਜਿਸਦੇ ਅਰਥ ਮੱਥਾ ਰਗੜਨ ਅਤੇ ਮੰਨਤਾਂ ਮੰਨਣ ਵਾਲੇ ਕਤਈ ਨਹੀਂ ਹਨ।

ਅੱਜ ਸਭ ਤੋਂ ਜ਼ਿਆਦਾ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਸਿੱਖ ਧਰਮ ਵਿਚ ਹੁਣ ਬ੍ਰਾਹਮਣਵਾਦ ਪੂਰੀ ਤਰ੍ਹਾਂ ਛਾ ਚੁੱਕਿਆ ਵਿਚ ਤੇ ਉਹ ਬੁੱਧ ਧਰਮ ਵਾਂਗ ਹੀ ਪੂਰੀ ਤਰ੍ਹਾਂ ਇਸਦੀ ਜਕੜਨ ਵਿਚ ਹੈ। ਬੁੱਧ ਧਰਮ ਵਰਗੇ ਬੋਹੜ ਧਰਮ ਨੂੰ ਜਿਵੇਂ ਇਸ ਪੁਸਤਕ ਵਿਚੋਂ ਵੇਖਿਆ ਹੈ ਹਨੇਰੀਆਂ ਅਤੇ ਝੱਖੜਾਂ ਨੇ ਬੜੀ ਬੁਰੀ ਤਰ੍ਹਾਂ ਝੰਬਿਆ ਹੈ। ਜੋ ਹੁਣ ਬਾਕੀ ਬਚਿਆ ਹੈ ਉਸਨੂੰ ਬ੍ਰਾਹਮਣਵਾਦ ਦਾ ਕੀੜਾ ਘੁਣ ਵਾਂਗੂੰ ਲੱਗਾ ਹੋਇਆ ਹੈ, ਜਿਸ ਕਰਕੇ ਬ੍ਰਾਹਮਣਵਾਦ ਅਤੇ ਬੁੱਧ ਧਰਮ ਵਿਚ ਨਿਖੇੜਾ ਕਰਨਾ ਔਖਾ ਹੋ ਗਿਆ ਹੈ। ਪਰ ਹੁਣ ਬੁੱਧ ਧਰਮ ਦੁਬਾਰਾ ਤਾਕਤ ਫੜ ਰਿਹਾ ਹੈ। ਇਸੇ ਤਰ੍ਹਾਂ ਸਿੱਖ ਧਰਮ ਵਿਚ ਵੀ ਇਸ ਤਰ੍ਹਾਂ ਦੀ ਪੁਨਰ ਜਾਗ੍ਰਿਤੀ ਦੀ ਬਹੁਤ ਲੋੜ ਹੈ। ਡਾ. ਅੰਬੇਦਕਰ ਨੇ ਵੀ ਬੁੱਧ ਧਰਮ ਅਪਣਾ ਕੇ ਸਦੀਆਂ ਤੋਂ ਲਿਤਾੜੇ ਅਤੇ ਨਪੀੜੇ ਦਲਿਤ ਸਮਾਜ ਨੂੰ ਬਰਾਬਰਤਾ ਅਤੇ ਸਾਂਝੀਵਾਲਤਾ ਦੇ ਇਸ ਧਰਮ ਦੇ ਲੜ ਲਾਇਆ ਸੀ ਪਰ ਇਸ ਤੋਂ ਪਹਿਲਾਂ ਉਹਨਾਂ ਨੇ ਬੁੱਧ ਧਰਮ ਦਾ ਡੂੰਘਾ ਅਧਿਐਨ ਕਰਕੇ ਬੁੱਧ ਧਰਮ ਦਾ ਉਹ ਰੂਪ ਪੇਸ਼ ਕੀਤਾ ਸੀ ਜੋ ਆਪਣੇ ਅਸਲ ਖਾਸੇ ਵੱਲ ਸੇਧਿਤ ਸੀ ਅਤੇ ਜੋ ਬ੍ਰਾਹਮਣਵਾਦ ਦੇ ਪੰਜਿਆਂ ਤੋਂ ਦੂਰ ਸੀ। ਉਹਨਾਂ ਦੀ ਖੋਜ ਪੁਸਤਕ 'ਬੁੱਧ ਅਤੇ ਉਹਨਾਂ ਦਾ ਧਰਮ' ਇਸ ਖੇਤਰ ਵਿਚ ਉਹਨਾਂ ਦੀ ਲਾਜਵਾਬ ਕ੍ਰਿਤ ਹੈ। ਇਸ ਪੁਸਤਕ ਦਾ ਕੇਂਦਰੀ ਭਾਵ ਬ੍ਰਾਹਮਣਵਾਦੀ ਨਹੀਂ ਹੈ। ਸਿਰਦਾਰ ਕਪੂਰ ਸਿੰਘ ਆਪਣੀ ਪੁਸਤਕ 'ਸਾਚੀ ਸਾਖੀ' ਵਿਚ ਵੀ ਲਿਖਦੇ ਹਨ ਕਿ ਇਕ ਸਮੇਂ ਤੇ ਡਾ. ਅੰਬੇਦਕਰ ਆਪਣੇ ਲੱਖਾਂ ਲੋਕਾਂ ਨਾਲ ਸਿੱਖ ਧਰਮ ਅਪਣਾਉਣ ਲਈ ਤਿਆਰ ਹੋ ਗਏ ਸਨ ਪਰ ਬ੍ਰਾਹਮਣਵਾਦੀ ਸਿੱਖਾਂ ਦੀ ਸਾਜ਼ਿਸ਼ ਕਾਰਨ ਕੋਸ਼ਿਸ਼ਾਂ ਸਿਰੇ ਨਾ ਲੱਗ ਸਕੀਆਂ। ਇਸ ਤੋਂ ਬਾਅਦ ਹੀ ਡਾ. ਅੰਬੇਦਕਰ ਨੇ ਬੁੱਧ ਧਰਮ ਅਪਣਾਉਣ ਲਈ ਕਦਮ ਵਧਾਇਆ। ਕਿੰਨੀ ਤ੍ਰਾਸਦੀ ਹੈ ਕਿ ਲੱਖਾਂ ਲੋਕੀ ਸਿੱਖ ਧਰਮ ਵਿਚ ਆਉਂਦੇ ਆਉਂਦੇ ਰਹਿ ਗਏ। ਅੱਜ ਵੀ ਜੇ ਸਿੱਖ ਆਗੂ ਬਿਆਨ ਦੇਣ ਤਾਂ ਸਿਕਲੀਗਰ ਅਤੇ ਉਹਨਾਂ ਵਰਗੀਆਂ ਹੋਰ ਜਾਤੀਆਂ/ਕਬੀਲਿਆਂ ਦੇ ਕਰੋੜਾਂ ਲੋਕ ਸਿੱਖ ਧਰਮ ਅਖ਼ਤਿਆਰ ਕਰਨ ਲਈ ਤਿਆਰ ਬੈਠੇ ਹਮਦਰਦੀ ਅਤੇ ਸਤਿਕਾਰ ਦੇ ਮਾਹੌਲ ਦੀ ਉਡੀਕ ਕਰ ਰਹੇ ਹਨ। ਇੰਞ ਕਰਨ ਨਾਲ ਜਿੱਥੇ ਸਿੱਖ ਧਰਮ ਦੀ ਤਾਕਤ ਵਧਦੀ ਹੈ, ਉਥੇ ਬੁੱਧ ਧਰਮ ਨਾਲ ਭਾਈਵਾਲੀ ਪਾ ਕੇ ਇਕੋ ਸੋਚ ਸਦਕਾ ਸਮਤਾ, ਸੁਤੰਤਰਤਾ ਅਤੇ ਭਾਈਚਾਰੇ ਵਾਲੇ ਨਰੋਏ ਸਮਾਜ ਦੀ ਸਿਰਜਣਾ ਵੀ ਹੁੰਦੀ ਹੈ।

ਬ੍ਰਾਹਮਣਵਾਦ ਸਦੀਆਂ ਪੁਰਾਣਾ ਹੋਣ ਕਾਰਨ ਖੂਨ ਵਿਚ ਇਸ ਕਦਰ ਰਚ ਮਿਚ ਗਿਆ ਹੈ ਕਿ ਕਈ ਵਾਰੀ ਵਿਦਵਾਨ ਤੇ ਚਿੰਤਕ ਵੀ ਸੁੱਤੇ ਸਿੱਧ ਹੀ ਇਸਦੀ ਪਾਲਣਾ ਕਰ ਜਾਂਦੇ ਹਨ। ਵਿਦਵਾਨ ਕਪੂਰ ਸਿੰਘ ਨਾਲ ਵੀ ਇੰਞ ਵਾਪਰਿਆ ਹੈ। ਉਹ ਸਿੱਖ ਧਰਮ ਦਾ ਜ਼ਿਕਰ ਕਰਦਿਆਂ ਕਈ ਹਵਾਲੇ 'ਦਸਮ-ਗ੍ਰੰਥ' ਵਿਚੋਂ ਦੇ ਗਏ ਹਨ, ਇਸ ਲਈ ਕਿ ਇਹ ਗੁਰੂ ਗੋਬਿੰਦ ਸਿੰਘ ਦੀ ਕ੍ਰਿਤ ਹੈ। ਪਰ ਹੁਣ ਬਹੁਤੇ ਵਿਦਵਾਨ, ਖੋਜੀ ਅਤੇ ਇਤਿਹਾਸਕਾਰ ਇਸਨੂੰ ਗੁਰੂ ਜੀ ਦੀ ਕ੍ਰਿਤ ਨਹੀਂ ਸਵੀਕਾਰਦੇ ਸਗੋਂ ਇਸਨੂੰ ਸਿੱਖ ਧਰਮ ਨੂੰ ਖਤਮ ਕਰਨ ਦੀ ਇਕ ਸਾਜਿਸ਼ ਮੰਨਦੇ ਹਨ ਕਿਉਂਕਿ ਇਸ 'ਗ੍ਰੰਥ' ਵਿਚ ਗੁਰੂ ਗੋਬਿੰਦ ਸਿੰਘ ਦੇ ਆਚਰਣ ਉਤੇ ਬੜੇ ਗੰਭੀਰ ਸੁਆਲੀਆ ਚਿੰਨ੍ਹ ਲਗਾਏ ਗਏ ਹਨ ਜੋ ਹੋਰ ਖੋਜ ਮੰਗਦੇ ਹਨ। ਚੰਗਾ ਹੁੰਦਾ ਜੇ ਲੇਖਕ ਇਸ ਤੋਂ ਦੂਰੀ ਰੱਖਦੇ। ਪਰ ਉਸ ਵੇਲੇ ਹਾਲੇ ਇੰਨੀ ਖੋਜ ਨਹੀਂ ਸੀ ਹੋਈ।

ਕੁੱਲ ਮਿਲਾ ਕੇ ਪੁਸਤਕ ਵਿਚਕਾਰਲੀਆਂ ਇਹ ਰਚਨਾਵਾਂ ਜਿੱਥੇ ਲੇਖਕ ਸਿਰਦਾਰ ਕਪੂਰ ਸਿੰਘ ਦੀ ਵਿਦਵਤਾ ਅਤੇ ਗਿਆਨ ਦਾ ਉੱਤਮ ਨਮੂਨਾ ਹਨ, ਉਥੇ ਸ. ਜੈਤੇਗ ਸਿੰਘ ਆਨੰਤ ਨੇ ਵੀ ਇਹਨਾਂ ਨੂੰ ਕਿਤਾਬ ਦੀ ਸ਼ਕਲ ਦੇ ਕੇ ਆਪਣੀ ਮਿਹਨਤ ਤੇ ਸੋਚ ਦਾ ਵਧੀਆ ਸਬੂਤ ਦਿੱਤਾ ਹੈ। ਇਸ ਪੁਸਤਕ ਦੇ ਪ੍ਰਕਾਸ਼ਨ ਵਿਚ 'ਇੰਡੀਅਨ ਬੁੱਧਿਸਟ ਸੁਸਾਇਟੀ ਕੈਨੇਡਾ', ਖਾਸ ਕਰਕੇ ਇਸਦੇ ਜਨਰਲ ਸਕੱਤਰ ਸੁੱਤੇ ਅਹੀਰ ਅਤੇ ਉਹਨਾਂ ਦੀ ਸੁੱਘੜ ਅਤੇ ਸੰਘਰਸ਼ਸ਼ੀਲ ਜੀਵਨ ਸਾਥਣ ਕਮਲੇਸ਼ ਅਹੀਰ ਦਾ ਖਾਸ ਯੋਗਦਾਨ ਰਿਹਾ ਹੈ ਜੋ ਵਧਾਈ ਦੇ ਪਾਤਰ ਤਾਂ ਹੈ ਹੀ ਹਨ ਧੰਨਵਾਦ ਦੇ ਪਾਤਰ ਵੀ ਹਨ, ਜਿਹਨਾਂ ਦੀਆਂ ਕੋਸ਼ਿਸ਼ਾਂ ਰੰਗ ਲਿਆਈਆਂ। ਆਸ ਹੈ ਇਸ ਸਮੁੱਚੀ ਟੀਮ ਦੀ ਮਿਹਨਤ ਹੋਰ ਰੰਗ ਲਿਆਵੇਗੀ ਅਤੇ ਇਸ ਤਰ੍ਹਾਂ ਦੀਆਂ ਹੋਰ ਪੁਸਤਕਾਂ ਉਹਨਾਂ ਵਿਦਵਾਨਾਂ ਅਤੇ ਸੰਘਰਸ਼ਸ਼ੀਲ ਵਿਅਕਤੀਆਂ ਦੀ ਬੋਲੀ ਵਿਚ ਪਾਵੇਗੀ ਜੋ ਸਮਾਜ ਨੂੰ ਚੜ੍ਹਦੀਆਂ ਕਲਾਂ ਵਿਚ ਲਿਜਾਣ ਲਈ ਅਤੇ ਸਮਤਾ, ਸੁਤੰਤਰਤਾ ਅਤੇ ਭਾਈਚਾਰਾ ਕਾਇਮ ਕਰਨ ਲਈ ਵਚਨਬੱਧ ਹਨ। ਆਮੀਨ।

# ਖਾਲਸਾ ਪੰਥ ਦੇ ਸਾਜਨਾ ਦਿਵਸ ਤੇ ਗੁਰੂਘਰ ਸਿੱਖ ਸੈਂਟਰ ਪੋਰਟਰਵਿੱਲ 'ਚ ਬਾਲ ਸਮਾਗਮ ਅਯੋਜਿਤ

## ਨੰਨ੍ਹੇ ਮੁੰਨੇ ਬੱਚਿਆਂ ਨੇ ਕੀਰਤਨ, ਕਵਿਤਾ ਤੇ ਇਤਿਹਾਸ ਨਾਲ ਸੰਗਤਾਂ ਨੂੰ ਕੀਤਾ ਨਿਹਾਲ

**ਪੋਰਟਰਵਿਲ (ਕੁਲਵੀਰ ਹੇਅਰ)–** ਗੁਰਦੁਆਰਾ ਸਾਹਿਬ ਸਿੱਖ ਸੈਂਟਰ ਪੋਰਟਰਵਿਲ ਦੀ ਪ੍ਰਬੰਧਕ ਕਮੇਟੀ ਅਤੇ ਸਮੂਹ ਸੰਗਤਾਂ ਵਲੋਂ ਬੱਚਿਆਂ ਨੂੰ ਸਿੱਖੀ ਨਾਲ ਜੋੜਨ ਦੇ ਮਕਸਦ ਨਾਲ ਖਾਲਸਾ ਸਿਰਜਣਾ ਦਿਵਸ ਵਿਸਾਖੀ ਦੇ ਤਿਓਹਾਰ ਨੂੰ ਸਮਰਪਿਤ ਬੱਚਿਆਂ ਦਾ ਇਕ ਧਾਰਮਿਕ 'ਬਾਲ ਸਮਾਗਮ' ਅਯੋਜਿਤ ਕਰਵਾਇਆ ਗਿਆ।ਸਵੇਰ ਵੇਲੇ ਸ਼੍ਰੀ ਗੁਰੂ ਗਰੰਥ ਸਾਹਿਬ ਜੀ ਦੇ ਸ਼੍ਰੀ ਸਹਿਜ ਪਾਠ ਦੇ ਭੋਗ ਪਾਏ ਜਾਣ ਉਪਰੰਤ ਸ਼੍ਰੀ ਨਿਸ਼ਾਨ ਸਾਹਿਬ ਜੀ ਜੈਕਾਰਿਆਂ ਦੀ ਗੂੰਜ ਵਿਚ ਚੋਲੇ ਦੀ ਸੇਵਾ ਕੀਤੀ ਗਈ। ਇਸ ਮੌਕੇ ਬੱਚਿਆਂ ਵਲੋਂ ਵਿਸਾਖੀ ਦੇ ਦਿਹਾੜੇ ਦੀ ਮਹੱਤਤਾ ਸਬੰਧੀ ਕੀਰਤਨ, ਭਾਸ਼ਨ, ਕਵਿਤਾ, ਗੀਤ, ਇਤਹਾਸ ਅਤੇ ਪਾਠ ਦਾ ਉਚਾਰਣ ਕੀਤਾ ਗਿਆ।ਵੱਡੀ ਗਿਣਤੀ 'ਚ ਆਏ ਬੱਚਿਆਂ ਵਲੋਂ ਇਸ ਸਮਾਗਮ ਵਿਚ ਹਿੱਸਾ ਲਿਆ ਗਿਆ। ਸਟੇਜ ਦੀ ਕਾਰਵਾਈ ਇਕਓਂਕਾਰ ਕੌਰ ਖਾਲਸਾ ਵਲੋਂ ਨਿਭਾਈ ਗਈ। ਇਸ ਮੌਕੇ ਬੱਚਿਆਂ ਵਿਚ ਇਸ ਸਮਾਗਮ ਪ੍ਰਤੀ ਅੰਤਾਂ ਦਾ ਉਤਸ਼ਾਹ ਪਾਇਆ ਜਾ ਰਿਹਾ ਸੀ। ਬੱਚਿਆਂ ਨੇ ਕਵਿਤਾ ਗਾਇਨ ਅਤੇ ਜੈਕਾਰਿਆਂ ਨਾਲ ਮਹੌਲ ਨੂੰ ਖਾਲਸਈ ਰੰਗ ਵਿਚ ਰੰਗ ਦਿੱਤਾ।ਸਮਾਗਮ ਪ੍ਰਭਦੀਪ ਸਿੰਘ, ਪਰਨੀਤ ਕੌਰ, ਜਸਪ੍ਰੀਤ ਸਿੰਘ, ਅਮਨਦੀਪ ਸਿੰਘ, ਇਕਓਂਕਾਰ ਕੌਰ ਖਾਲਸਾ, ਕੀਰਤਨ



ਕੌਰ ਖਾਲਸਾ, ਗੁਰਪ੍ਰਸਾਦ ਕੌਰ ਖਾਲਸਾ, ਏਕਮ ਸਿੰਘ ਧਾਲੀਵਾਲ, ਸਾਹਿਬ ਸਿੰਘ ਧਾਲੀਵਾਲ, ਦਿਵਨੂਰ ਕੌਰ ਲਾਖਨ, ਗੁਰਨਾਜ ਕੌਰ ਲਾਖਨ, ਆਰੀਅਨ ਸਿੰਘ ਬਰੀਆਨਾ, ਦੇਵ ਸਿੰਘ ਹੁੰਦਲ, ਗੁਰਸ਼ੇਰ ਸਿੰਘ, ਗੁਰਨੂਰ ਕੌਰ, ਹਰਮਨ ਸਿੰਘ ਕੁਲਾਰ, ਸਿਮਰਦੀਪ ਕੌਰ ਕੁਲਾਰ, ਅਨੁਸ਼ਕਾ ਕੋਰ, ਤਨਵੀਰ ਕੌਰ ਗਰੇਵਾਲ, ਆਂਚਲ ਸਿੰਘ ਹੇਅਰ, ਸਿਮਵੀਰ ਸਿੰਘ ਹੇਅਰ, ਜੋਤਰਸ਼ ਸਿੰਘ ਬਰਾੜ, ਨਿਸ਼ਾਨ ਸਿੰਘ, ਜਸਕਰਨ ਸਿੰਘ, ਸਹਜਪ੍ਰੀਤ ਕੌਰ, ਗਗਨਬੀਰ ਸਿੰਘ ਸੰਧੂ, ਰਵੀਨਾ ਕੌਰ ਮਾਹਲ, ਜੀਵਨ ਸਿੰਘ ਮਾਹਲ, ਸ਼ਾਨ ਧਾਲੀਵਾਲ, ਗਨੀਵ ਕੌਰ ਸੰਧੂ, ਰੀਆ ਕੌਰ ਗਿੱਲ, ਪਰਮਬੀਰ ਸਿੰਘ, ਹਰਸਿਮਰਨ ਸਿੰਘ, ਏਕਨੂਰ ਸਿੰਘ ਸੰਧੂ, ਇਕਜੋਤ ਸਿੰਘ ਸੰਧੂ, ਅਰਮਾਨ ਸਿੰਘ ਬਰਾੜ, ਦਵਿੰਦਰ ਸਿੰਘ ਬਰਾੜ ਅਤੇ ਗੁਰਜਾਪ ਸਿੰਘ ਬਰਾੜ ਆਦਿ ਬੱਚਿਆਂ ਨੇ ਬਹੁਤ ਹੀ ਉਤਸ਼ਾਹ ਨਾਲ ਭਾਗ ਲਿਆ। ਇਸ ਮੌਕੇ ਹਜ਼ੂਰੀ ਰਾਗੀ ਭਾਈ ਬਲਵਿੰਦਰ ਸਿੰਘ ਜੀ ਅਤੇ ਭਾਈ ਸੁਰਿੰਦਰਪਾਲ ਸਿੰਘ ਜੀ ਜਲੰਧਰ ਵਾਲਿਆਂ ਨੇ ਬੱਚਿਆਂ ਦਾ ਸਾਥ ਦਿੱਤਾ।ਪ੍ਰਬੰਧਕ ਕਮੇਟੀ ਵਲੋਂ ਇਸ ਸਮਾਗਮ ਵਿਚ ਭਾਗ ਲੈਣ ਵਾਲੇ ਹਰ ਬੱਚੇ ਨੂੰ ਯਾਦਗਾਰੀ ਸਨਮਾਨ ਚਿੰਨ੍ਹ ਦਿੱਤੇ ਗਏ। ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਅੰਤ ਵਿਚ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਆਈਆਂ ਹੋਈਆਂ ਸਮੂਹ ਸੰਗਤਾਂ ਅਤੇ ਬੱਚਿਆਂ ਦਾ ਧੰਨਵਾਦ ਕਰਦਿਆਂ ਅਗਲਾ ਸਮਾਗਮ ਗੁਰਦੁਆਰਾ ਸਾਹਿਬ ਦੀ ਨਵੀਂ ਬਣੀ ਬਿਲਡਿੰਗ ਦੇ ਉਦਘਾਟਨ ਵੇਲੇ ਕਰਵਾਉਣ ਦੀ ਜਾਣਕਾਰੀ ਦੇਣ ਉਪਰੰਤ ਸਮਾਪਤੀ ਦਾ ਐਲਾਨ ਕੀਤਾ ਗਿਆ।ਪ੍ਰਬੰਧਕ ਕਮੇਟੀ ਦੇ ਇਸ ਉਪਰਾਲੇ ਦੀ ਖੂਬ ਚਰਚਾ ਹੈ ਜਿਸ ਵਲੋਂ ਸਿੱਖਾਂ ਦੀ ਨਵੀਂ ਪੀੜ੍ਹੀ ਨੂੰ ਗੁਰੂਘਰ, ਗੁਰਬਾਣੀ ਅਤੇ ਗੁਰਇਤਿਹਾਸ ਨਾਲ ਜੋੜਨ ਦਾ ਵੱਡਾ ਉਪਰਾਲਾ ਕੀਤਾ ਗਿਆ ਹੈ।

# ਕਰਮਚਾਰੀ ਤਾਲਮੇਲ ਕਮੇਟੀ ਸਬੰਧਤ ਜਥੇਬੰਦੀਆਂ ਨੇ ਮਈ ਦਿਵਸ ਧੂਮ-ਧਾਮ ਨਾਲ ਮਨਾਇਆ








**ਹੁਸ਼ਿਆਰਪੁਰ–** ਬੀਤੀ 1 ਮਈ ਨੂੰ ਕਰਮਚਾਰੀ ਤਾਲਮੇਲ ਕਮੇਟੀ ਸਬੰਧਤ ਜਥੇਬੰਦੀਆਂ ਵੱਲੋਂ ਮਈ ਡੇਅ ਪ੍ਰਧਾਨ ਪ੍ਰੇਮ ਪਾਲ ਡੂਮੇਲੀ ਅਤੇ ਚੇਅਰਮੈਨ ਪਵਨਕੁਮਾਰ ਅਗਨੀਹੋਤਰੀ ਸਰਪ੍ਰਸਤ ਸ੍ਰੀ ਸੋਮਨਾਥ ਮਾਹਿਤਪੁਰੀ ਸੀਨੀਅਰ ਮੀਤ ਪ੍ਰਧਾਨ ਸ੍ਰੀ ਬ੍ਰਿਕਰਮ ਧਾਮ ਨਾਲ ਮਨਾਇਆ ਗਿਆ।ਜਿਸ ਵਿਚ ਐਸ.ਸੀ., ਬੀ. ਸੀ., ਕਰਮਚਾਰੀ ਫੈਡਰੇਸ਼ਨ ਦੇ ਮੀਤ ਪ੍ਰਧਾਨ ਅਜੇ ਕੈਲੇ, ਰਵਿੰਦਰ ਕੁਮਾਰ, ਰਤਨ ਚੰਦ ਅਤੇ ਨਗਰ ਨਿਗਮ ਦੇ ਪ੍ਰਧਾਨ ਪ੍ਰਦੀਪ ਸਰਵੱਟੇ ਲੇਬਰ ਐਂਡ ਟੈਕਨੀਕਲ ਯੂਨੀਅਨ ਦੇ ਪ੍ਰਧਾਨ ਪਵਨ ਕੁਮਾਰ ਅਗਨੀਹੋਤਰੀ, ਜਨਰਲ ਸਕੱਤਰ ਸ੍ਰੀ ਅਮਰਜੀਤ ਸਿੰਘ ਵਾਲੀਆ, ਤਿਲਕ ਰਾਜ, ਹਰਮੇਸ਼ ਕੁਮਾਰ, ਪ੍ਰਚਾਰ ਸਕੱਤਰ ਰਛਪਾਲ ਸਿੰਘ, ਰਵਿੰਦਰ ਕੁਮਾਰ ਕਾਕ ਆਦਿ ਨੇ ਭਾਗ ਲਿਆ। ਇਯ ਮੌਕੇ ਤੇ ਬੋਲਦਿਆਂ ਪ੍ਰਧਾਨ ਪ੍ਰੇਮ ਪਾਲ ਡੂਮੇਲੀ ਨੇ ਲੇਬਰ ਕਚਮਾਰੀਆਂ ਨੂੰ ਆਪਣੇ ਕਰਤੱਵਾਂ ਤੋਂ ਜਾਣੂ ਕਰਵਾਉਂਦੇ ਹੋਏ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੀਆਂ ਸਿੱਖਿਆਵਾਂ ਅਤੇ ਉਹਨਾਂ ਦੇ ਭਾਰਤ ਨੂੰ ਦਿੱਤੇ ਗਏ ਸੰਵਿਧਾਨ



ਅਨੁਸਾਰ ਚੱਲਣ ਦੀ ਸਲਾਹ ਦਿੱਤੀ ਅਤੇ ਬੁਲਾਰਿਆਂ ਵੱਲੋਂ ਸ੍ਰੀ ਅਗਨੀਹੋਤਰੀ ਜੀ ਵੱਲੋਂ ਕਰਮ-ਚਾਰੀ ਤਾਲਮੇਲ ਕਮੇਟੀ ਵੱਲੋਂ ਕੀਤੀਆਂ ਗਈਆਂ ਪ੍ਰਾਪਤੀਆਂ ਬਾਰੇ ਵਿਸਥਾਰ ਪੂਰਵਕ ਜਾਣੂ ਕਰਵਾਇਆ ਗਿਆ।

ਆਉਣ ਵਾਲੇ ਸਮੇਂ ਵਿਚ ਜਾਤ-ਪਾਤ ਤੋਂ ਉਪਰ ਉਠ ਕੇ ਆਪਣੇ ਕਰਤੱਵਾਂ ਬਾਰੇ ਜਾਗਰੂਕ ਰਹਿਣਾ ਚਾਹੀਦਾ ਹੈ। ਸਾਬਕਾ ਚੇਅਰਮੈਨ ਐਸ. ਸੀ. ਕਮਿਸ਼ਨ ਸ੍ਰੀ ਰਾਜੇਸ਼ ਬਾਘਾ ਵਿਸ਼ੇਸ਼ ਮਹਿਮਾਨ ਨੇ ਵੀ ਲੇਬਰ ਕਰਮਚਾਰੀਆਂ ਨੂੰ ਸੰਬੋਧਿਤ ਕਰਦੇ ਹੋਏ ਸੰਵਿਧਾਨ ਦੁਆਰਾ ਲਿਖੇ ਗਏ ਫੰਡਾਮੈਂਟਲ ਰਾਈਟਸ, ਜਾਤ ਪਾਤ ਤੋਂ ਅੱਗੇ ਆਪਣੇ ਕਰਤੱਵਾਂ ਬਾਰੇ ਗਰੀਬ ਕਰਮਚਾਰੀਆਂ ਨੂੰ ਸੁਚੇਤ ਰਹਿਣ ਦੀ ਸਲਾਹ ਦਿੱਤੀ। ਸਿੱਖਿਆ ਤੇ ਜ਼ੋਰ ਦਿੰਦਿਆਂ ਉਹਨਾਂ ਕਿਹਾ ਕਿ ਡਿਗਰੀ ਪ੍ਰਾਪਤ ਕਰਨਾ ਜ਼ਰੂਰੀ ਨਹੀਂ, ਗਿਆਨ ਹੋਣਾ ਜ਼ਰੂਰੀ ਹੈ। ਇਸੇ ਤਰ੍ਹਾਂ ਵਾਲਿਕ ਦੇ ਸੀ. ਈ. ਸੀ. ਮੈਂਬਰ ਸ੍ਰੀ ਜੀਵਨ ਸਿੰਘ ਨੇ ਆਪਣੇ ਭਾਸ਼ਣ ਵਿਚ ਸੰਬੋਧਨ ਕਰਦਿਆਂ ਕਿਹਾ ਕਿ ਡਾ. ਭੀਮ ਰਾਓ ਅੰਬੇਡਕਰ ਜੀ ਨੇ ਸੰਵਿਧਾਨ ਵਿਚ ਲੇਬਰ ਅਧਿਕਾਰ, ਔਰਤਾਂ ਨੂੰ ਮਰਦਾਂ ਦੇ ਬਰਾਬਰ ਦੇ ਅਧਿਕਾਰ, ਸਤੀ ਪ੍ਰਥਾ ਵਰਗੀਆਂ ਬੁਰਾਈਆਂ ਜੋ ਸਦੀਆਂ ਤੋਂ ਕਹਤ ਦੀ ਤਰ੍ਹਾਂ ਚੱਲੀਆਂ ਆ ਰਹੀਆਂ ਸਨ, ਉਹਨਾਂ ਨੂੰ ਖਤਮ ਕੀਤਾ। ਇਸੇ ਤਰ੍ਹਾਂ ਸਿੱਖਿਆ ਦਾ ਅਧਿਕਾਰ, ਵੋਟ ਦਾ ਅਧਿਕਾਰ ਆਦਿ ਲੈ ਕੇ ਦਿੱਤੇ। ਵਿਸ਼ੇਸ਼ ਮਹਿਮਾਨ ਸ੍ਰੀ ਰਾਕੇਸ਼ ਇਨਕਾਉਟਰਾਂ ਨੇ ਵੀ ਲੇਬਰ ਸਬੰਧੀ ਜਾਣਕਾਰੀ ਦਿੱਤੀ। ਅਖਰ ਵਿਚ ਨਗਰ ਨਿਗਮ ਦੇ ਮੇਅਰ, ਡਿਪਟੀ ਮੇਅਰ ਵੀ ਪਹੁੰਚੇ ਜਦਕਿ ਕਮਿਸ਼ਨਰ ਸਰਕਾਰੀ ਕੰਮਾਂ ਵਿਚ ਰੁੱਝੇ ਹੋਣ ਕਾਰਨ ਆਪਣੀ ਹਾਜ਼ਰੀ ਨਹੀਂ ਲਗਵਾ ਸਕੇ।

# ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਸੈਕਰਾਮੈਂਟੋ/ ਯੂਬਾ ਸਿਟੀ ਦੀ ਮਾਸਿਕ ਇਕੱਤਰਤਾ



**ਯੂਬਾ ਸਿਟੀ–** ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਸੈਕਰਾਮੈਂਟੋ/ਯੂਬਾ ਸਿਟੀ ਦੀ ਮਾਸਿਕ ਇਕੱਤਰਤਾ 29 ਅਪ੍ਰੈਲ 2018 ਦਿਨ ਐਤਵਾਰ ਨੂੰ 2 ਤੋਂ 5 ਵਜੇ ਤੱਕ ਯੂਬਾ ਸਿਟੀ ਟਾਇਰਾ ਬਿਊਨਾ ਗੁਰੂ ਘਰ ਦੇ ਕਮੇਟੀ ਰੂਮ ਵਿਚ ਹੋਈ। ਰਸਮੀ ਗੱਲਾਂ ਜਿਸ ਤਰ੍ਹਾਂ ਹਰਬੰਸ ਸਿੰਘ ਜਗਿਆਸੂ ਦੇ ਭਾਰਤ ਸਫਰ ਦੌਰਾਨ ਧਾਰਮਿਕ ਅਸਥਾਨਾਂ ਦੀ ਯਾਤਰਾ ਨੂੰ ਸਾਰਿਆਂ ਨਾਲ ਸਾਂਝਾ ਕੀਤਾ। ਕਵੀ ਦਰਬਾਰ ਸੈਸ਼ਨ ਵਿਚ ਮਨਜੀਤ ਕੌਰ ਸੇਖੋਂ ਨੇ ਹਰ ਵਾਰ ਕਵੀਆਂ ਨੂੰ ਪੇਸ਼ ਕਰਨ ਤੋਂ ਪਹਿਲਾਂ ਆਪਣੇ ਹੀ ਅੰਦਾਜ਼ ਵਿਚ ਸ਼ੇਅਰੋ-ਸ਼ਾਇਰੀ ਕਰਕੇ ਸਟੇਜ 'ਤੇ ਬੁਲਾਇਆ। ਕਵੀ ਦਰਬਾਰ ਵਿਚ ਜਿਹਨਾਂ ਕਵੀਆਂ ਨੇ ਹਿੱਸਾ ਲਿਆ ਅਤੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ, ਉਹਨਾਂ ਦੇ ਨਾਂ ਹਨ ਹਰਬੰਸ ਸਿੰਘ ਜਗਿਆਸੂ, ਜਸਵੰਤ ਜੱਸੀ ਸ਼ੀਮਾਰ, ਹਰਭਜਨ ਢੇਰੀ, ਜਤਿੰਦਰ ਢਿੱਲੋਂ, ਪਰਮਿੰਦਰ ਰਾਏਖਾਨਖਾਨਾ, ਮਹਿੰਦਰ ਸਿੰਘ ਘੱਗ, ਮਨਜੀਤ ਕੌਰ ਸੇਖੋਂ, ਰਾਜਵਿੰਦਰ ਟੀਟਾ ਅਤੇ ਮਲਕੀਤ ਸਿੰਘ।ਕਵੀ ਦਰਬਾਰ ਤੋਂ ਬਾਅਦ ਚਾਹ ਪਕੌੜਿਆਂ ਦੀ ਬਰੇਕ ਕੀਤੀ ਗਈ। ਅਗਲੀ ਮੀਟਿੰਗ ਮਈ ਦੇ ਅਖੀਰਲੇ ਐਤਵਾਰ ਮਿਲਣੀ ਦਾ ਵਾਅਦਾ ਕਰਕੇ ਮੀਟਿੰਗ ਦੀ ਸਮਾਪਤੀ ਕੀਤੀ ਗਈ। ਸਟੇਜ ਦੀ ਸੇਵਾ ਮਨਜੀਤ ਸੇਖੋਂ ਨੇ ਬਾਖੂਬੀ ਨਿਭਾਈ।

# ਸ਼ਰਧਾ ਸਹਿਤ ਮਨਾਈ ਸੰਤ ਬਾਬਾ ਪੂਰਨ ਨਾਥ ਦੀ ਪਹਿਲੀ ਬਰਸੀ



**ਅੰਮ੍ਰਿਤਸਰ–** ਸ੍ਰੀ ਸ੍ਰੀ 108 ਬ੍ਰਹਮਲੀਨ ਸ੍ਰੀ ਗੁਰੂ ਗਿਆਨ ਨਾਥ ਚਰਨ ਸੇਵਕ ਸੰਤ ਬਾਬਾ ਪੂਰਨ ਨਾਥ ਜੀ ਦੀ ਪਹਿਲੀ ਬਰਸੀ 30 ਅਪ੍ਰੈਲ ਨੂੰ ਸੰਗਤਾਂਦੇ ਸਹਿਯੋਗ ਨਾਲ ਬੜੀ ਸ਼ਰਧਾ ਅਤੇ ਧੂਮਧਾਮ ਨਾਲ ਬਾਬਾ ਸੰਤ ਬਾਬਾ ਪੂਰਨ ਨਾਥ ਜੀ ਦੇ ਚਰਨ ਸੇਵਕ ਸੰਤ ਬਾਬਾ ਗਿਰਧਾਰੀ ਨਾਥ ਜੀ ਦੀ ਦੇਖ-ਰੇਖ ਹੇਠਾਂ ਮਨਾਈ ਗਈ। ਇਸ ਮੌਕੇ ਪਾਠ ਦੇ ਭੋਗ ਉਪਰੰਤ ਸਿੰਘਾਂ ਵੱਲੋਂ ਕੀਰਤਨ ਅਤੇ ਗੁਰੂ ਇਤਿਹਾਸ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਇਸ ਮੌਕੇ ਸੰਤ ਬਾਬਾ ਪੂਰਨ ਨਾਥ ਜੀ ਦੀ ਸਮਾਧੀ ਦਾ ਨੀਂਹ ਪੱਥਰ ਰੱਖਿਆ। ਇਸ ਮੌਕੇ ਸੰਤ ਬਾਬਾ ਪੀਰ ਪੰਚਮ ਨਾਥ ਜੀ, ਸੰਤ ਬਾਬਾ ਨੌਰ ਬਹਾਦਰ ਰਾਜਸਥਾਨ ਵਾਲੇ, ਸੰਤ ਬਾਬਾ ਪੀਰ ਜੋਰੀ ਰਾਜ ਨਾਥ ਜੀ, ਸੰਤ ਸੇਵਕ ਨਾਥ ਕਲਾਰਾਂ ਵਾਲੇ, ਬਾਲ ਜੋਗੀ ਸੰਤ ਪ੍ਰਗਟ ਨਾਥ ਜੀ ਉਗੀ ਵਾਲੇ, ਸੰਤ ਕਰਮ ਨਾਥ ਜੀ ਮਟੀਲੀ ਵਾਲੇ, ਸੰਤ ਬਲਬੀਰ ਨਾਥ ਜੀ ਮਾਣਕ ਵਾਲੇ, ਸੰਤ ਮਲਕੀਤ ਨਾਥ ਧੂਨਾ ਸਾਹਿਬ ਵਾਲੇ, ਨਿਰਮਲ ਨਾਥ ਜੀ ਭੀਖੀ ਨੰਗਲ, ਸੰਤ ਪ੍ਰਗਟ ਨਾਥ ਵਾਲਮੀਕ ਤੀਰਥ ਗੁਰੂ ਗਿਆਨ ਨਾਥ ਆਸ਼ਰਮ, ਸੰਤ ਸੰਗਲ ਨਾਥ ਪੱਤੋ ਹੀਰਾ ਵਾਲੇ, ਕੌਮੀ ਚੇਅਰਮੈਨ ਨੱਛੱਤਰ ਨਾਥ, ਰਾਜ ਕੋਟਲਾ ਮੈਨੇਜਿੰਗ ਬੋਰਡ ਚੇਅਰਮੈਨ ਅਤੇ ਭਾਰੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।

## 03 ਮਈ 2018 ਲਈ ਵਿਸ਼ਵ ਪ੍ਰੈਸ ਅਜ਼ਾਦੀ ਦਿਵਸ ਸਬੰਧੀ ਵਿਸ਼ੇਸ਼

# ਲੋਕਤੰਤਰ ਦਾ ਚੋਥਾ ਥੰਮ ਹੋ ਰਿਹਾ ਹੈ ਭ੍ਰਿਸ਼ਟਾਚਾਰ ਅਤੇ ਰਾਜਨੀਤੀ ਦਾ ਸ਼ਿਕਾਰ

ਪੱਤਰਕਾਰਤਾ ਦੀ ਅਜ਼ਾਦੀ ਸਮਾਜ ਅਤੇ ਦੇਸ਼ ਦੀ ਅਜ਼ਾਦੀ ਹੈ, ਜੇਕਰ ਪੱਤਰਕਾਰਤਾ ਅਜ਼ਾਦ ਕੰਮ ਨਹੀਂ ਕਰੇਗੀ ਤਾਂ ਉਹ ਸਮਾਜ ਵਿੱਚ ਹੋ ਰਹੀਆਂ ਕੋਤਾਹੀਆਂ ਅਤੇ ਘਟਨਾਵਾਂ ਨੂੰ ਸਹੀ ਤਰੀਕੇ ਨਾਲ ਪੇਸ਼ ਨਹੀਂ ਕਰ ਸਕਦੀ। ਗਲੋਬਲ ਪ੍ਰੈਸ ਫਰੀਡਮ ਰੈਂਕਿੰਗ ਅਨੁਸਾਰ ਦੁਨੀਆਂ ਦੇ ਕੁੱਲ 197 ਦੇਸ਼ਾਂ ਵਿੱਚੋਂ 63 ਦੇਸ਼ਾਂ ਵਿੱਚ ਪ੍ਰੈਸ ਨੂੰ ਸੰਪੂਰਨ ਆਜ਼ਾਦੀ ਪ੍ਰਾਪਤ ਹੈ, ਜਦਕਿ 70 ਦੇਸ਼ਾਂ ਵਿੱਚ ਪ੍ਰੈਸ ਨੂੰ ਅਧੂਰੀ ਅਜ਼ਾਦੀ ਪ੍ਰਾਪਤ ਹੈ ਅਤੇ 64 ਦੇਸ਼ਾਂ ਵਿੱਚ ਪ੍ਰੈਸ ਨੂੰ ਕੋਈ ਵੀ ਆਜ਼ਾਦੀ ਪ੍ਰਾਪਤ ਨਹੀਂ ਹੈ। ਕਮੇਟੀ ਟੂ ਪ੍ਰੋਟੈਕਟ ਜਰਨਲਿਸਟਜ਼ ਅਨੁਸਾਰ ਅਫਗਾਨਿਸਤਾਨ, ਪਾਕਿਸਤਾਨ, ਬੰਗਲਾ ਦੇਸ ਅਤੇ ਭਾਰਤ ਪੱਤਰਕਾਰਾਂ ਲਈ ਸਭਤੋਂ ਵੱਧ ਖਤਰਨਾਕ 13 ਦੇਸ਼ਾਂ ਵਿੱਚ ਸ਼ਾਮਿਲ ਹਨ। ਇਸ ਸੰਸਥਾ ਅਨੁਸਾਰ ਸਾਲ 1992 ਤੋਂ ਲੈਕੇ 2017 ਤੱਕ ਕੁੱਲ 1285 ਪੱਤਰਕਾਰ ਕੰਮ ਦੌਰਾਨ ਮਾਰੇ ਗਏ ਹਨ। ਪੱਤਰਕਾਰਤਾ ਦੀ ਅਜ਼ਾਦੀ ਦੀ ਮਹੱਤਤਾ ਨੂੰ ਵੇਖਦੇ ਹੋਏ ਹੀ ਸੰਯੁਕਤ ਰਾਸ਼ਟਰ ਸੰਘ ਨੇ 1993 ਵਿੱਚ 03 ਮਈ ਦੇ ਦਿਹਾੜੇ ਨੂੰ ਵਿਸਵ ਪ੍ਰੈਸ ਅਜ਼ਾਦੀ ਦਿਵਸ ਵਜੋਂ ਘੋਸ਼ਿਤ ਕੀਤਾ ਸੀ ਉਸਤੋਂ ਬਾਦ ਹਰ ਸਾਲ 03 ਮਈ ਨੂੰ ਵਿਸਵ ਪ੍ਰੈਸ ਅਜ਼ਾਦੀ ਦਿਵਸ ਮਨਾਇਆ ਜਾਂਦਾ ਹੈ ਅਤੇ ਇਸ ਦਿਨ ਸਰਕਾਰਾਂ ਵਲੋਂ ਅਤੇ ਮੀਡੀਆ ਉਦਯੋਗ ਨਾਲ ਜੁੜ੍ਹੇ ਲੋਕਾਂ ਵਲੋਂ ਪੱਤਰਕਾਰਤਾ ਸਬੰਧੀ ਵਿਚਾਰ ਵਟਾਂਦਰਾ ਕੀਤਾ ਜਾਂਦਾ ਹੈ ਅਤੇ ਇਸਦੇ ਅਜ਼ਾਦ ਰੂਪ ਵਿੱਚ ਕੰਮ ਕਰਨ ਲਈ ਠੋਸ ਨੀਤੀਆਂ ਬਣਾਈਆਂ ਜਾਂਦੀਆਂ ਹਨ। ਕੁੱਝ ਸਾਲ ਪਹਿਲਾਂ ਤੱਕ ਪੱਤਰਕਾਰਤਾ ਇੱਕ ਮਿਸ਼ਨ ਸੀ ਤੇ ਸਮਾਜ ਪ੍ਰਤੀ ਮੀਡੀਆ ਨਾਲ ਜੁੜ੍ਹੇ ਲੋਕਾਂ ਦੀ ਵਿਸ਼ੇਸ਼ ਜਿੰਮੇਵਾਰੀ ਹੁੰਦੀ ਸੀ ਪਰ ਹੁਣ ਬਹੁਤੇ ਅਦਾਰਿਆਂ ਤੇ ਵਪਾਰਿਕ ਘਰਾਣੇ ਕਾਬਜ਼ ਹੋ ਰਹੇ ਹਨ। ਕਈ ਮੀਡੀਆ ਅਦਾਰਿਆਂ ਨੇ ਵਪਾਰਕ ਹਿੱਤਾਂ ਨੂੰ ਪਹਿਲ ਨਾ ਦਿੰਦੇ ਹੋਏ ਆਪਣੀ ਸਾਖ ਬਣਾਕੇ ਰੱਖੀ ਹੋਈ ਹੈ ਹੈ ਪਰੰਤੂ ਕੁੱਝ ਨੇ ਇਸਨੂੰ ਨਿਰੋਲ ਲਾਹੇਵੰਦ ਵਪਾਰ ਬਣਾਕੇ ਰੱਖਿਆ ਹੋਇਆ ਹੈ। ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਦੇਸ਼ ਭਾਰਤ ਨੂੰ ਪ੍ਰੈਸ ਦੀ ਆਜ਼ਾਦੀ ਦੇ ਮਾਮਲੇ ਵਿੱਚ 180 ਵਿੱਚੋਂ 138ਵਾਂ ਰੈਂਕ ਪ੍ਰਾਪਤ ਹੈ। ਸੰਵਿਧਾਨ ਵਿੱਚ ਦਰਜ ਮੋਲਿਕ ਅਧਿਕਾਰਾਂ ਵਿੱਚ ਵਿਚਾਰ ਪ੍ਰਗਟਾਉਣ ਦੀ ਅਜ਼ਾਦੀ ਦਾ ਵਿਸ਼ੇਸ਼ ਜ਼ਿਕਰ ਕੀਤਾ ਗਿਆ ਹੈ ਜਿਸ ਵਿੱਚ ਪ੍ਰੈਸ ਦੀ ਅਜ਼ਾਦੀ ਵੀ ਸ਼ਾਮਿਲ ਹੈ। ਦੁਨੀਆਂ ਵਿੱਚ ਅੱਜ ਲਗਭੱਗ 50 ਦੇਸ਼ਾਂ ਵਿੱਚ ਪ੍ਰੈਸ ਪਰਿਸ਼ਦ ਜਾਂ ਮੀਡੀਆ ਪਰਿਸ਼ਦ ਹੈ। ਭਾਰਤ ਵਿੱਚ ਪ੍ਰੈਸ ਨੂੰ ਵਾਚਡਾੱਗ ਅਤੇ ਪ੍ਰੈਸ ਪਰਿਸ਼ਦ ਨੂੰ ਮੋਰਲ ਵਾਚਡਾੱਗ ਕਿਹਾ ਗਿਆ ਹੈ। ਅੱਜ ਪੱਤਰਕਾਰਿਤਾ ਦਾ ਖੇਤਰ ਵਿਆਪਕ ਹੋ ਗਿਆ ਹੈ। ਪੱਤਰਕਾਰਿਤਾ ਜਨ-ਜਨ ਤੱਕ ਸੂਚਨਾਤਮਕ, ਸਿੱਖਿਆਪ੍ਰਦ ਅਤੇ ਮਨੋਰੰਜਨਾਤਮਕ ਸੰਦੇਸ਼ ਪਹੁੰਚਾਣ ਦੀ ਕਲਾ ਅਤੇ ਵਿੱਦਿਆ ਹੈ। ਤੱਥਾਂ ਨੂੰ ਤੋੜ-ਮਰੋੜ ਕੇ, ਵਧਾ-ਚੜ੍ਹਾਕੇ ਜਾਂ ਘਟਾਕੇ ਸਨਸਨੀ ਬਣਾਉਣ ਦੀ ਪ੍ਰਵਿਰਤੀ ਅੱਜ ਪੱਤਰਕਾਰਿਤਾ ਵਿੱਚ ਵੱਧਣ ਲੱਗੀ ਹੈ। ਇਸ ਤਰ੍ਹਾਂ ਖ਼ਬਰਾਂ ਵਿੱਚ ਨਿਜੀ ਸਵਾਰਥ ਸਾਫ ਝਲਕਣ ਲੱਗ ਜਾਂਦਾ ਹੈ। ਖੋਜੀ ਪੱਤਰਕਾਰਿਤਾ ਦੇ ਨਾਮ ਤੇ ਪੀਲੀ ਅਤੇ ਨੀਲੀ ਪੱਤਰਕਾਰਿਤਾ ਕੁਝ ਪੱਤਰਕਾਰਾਂ ਦੇ ਜੀਵਨ ਦਾ ਅਭਿੰਨ ਅੰਗ ਬਣਦੀ ਜਾ ਰਹੀ ਹੈ। 4 ਜੁਲਾਈ 1966 ਨੂੰ ਭਾਰਤੀ ਪ੍ਰੈਸ ਪਰਿਸ਼ਦ ਦੀ ਸਥਾਪਨਾ ਕੀਤੀ ਗਈ ਜਿਸਨੇ 16 ਨਵੰਬਰ 1966 ਤੋਂ ਆਪਣਾ ਕੰਮ ਸ਼ੁਰੂ ਕੀਤਾ। ਐਮਰਜੈਂਸੀ ਦੌਰਾਨ ਜਦੋਂ ਪ੍ਰੈਸ ਤੇ ਸੈਂਸਰ ਲੱਗਿਆ ਸੀ ਉਦੋਂ ਪੱਤਰਕਾਰਿਤਾ ਇੱਕ ਵਾਰ ਫਿਰ ਥੋੜ੍ਹੇ ਸਮੇਂ ਦੇ ਲਈ ਭ੍ਰਿਸ਼ਟਾਚਾਰ ਮਿਟਾਓ ਅਭਿਆਨ ਨੂੰ ਲੈ ਕੇ ਮਿਸ਼ਨ ਬਣ ਗਈ ਸੀ। ਹੌਲੀ-ਹੌਲੀ ਪੱਤਰਕਾਰਿਤਾ ਪ੍ਰੋਡਕਸ਼ਨ ਤੋਂ ਸੈਂਨਸੇਸ਼ਨ ਅਤੇ ਸੈਨਸੇਸ਼ਨ ਤੋਂ ਕਮਿਸ਼ਨ ਬਣ ਗਈ ਹੈ। ਪਰ ਇਹਨਾਂ ਸਾਰੀਆਂ ਸਮਾਜਿਕ ਬੁਰਾਈਆਂ ਦੇ ਲਈ ਸਿਰਫ ਮੀਡੀਆ ਨੂੰ ਦੋਸ਼ੀ




ਠਹਿਰਾਉਣਾ ਉਚਿੱਤ ਨਹੀਂ ਹੈ। ਮੀਡੀਆ ਸਮਾਜ ਨੂੰ ਪ੍ਰਭਾਵਿਤ ਕਰਦਾ ਹੈ, ਪਰ ਕਦੀ-ਕਦੀ ਮੀਡੀਆ ਸਮਾਜ ਤੋਂ ਵੀ ਪ੍ਰਭਾਵਿਤ ਹੋਣ ਲੱਗਦਾ ਹੈ। ਭਾਰਤੀ ਪ੍ਰੈਸ ਪਰਿਸ਼ਦ ਦੇ ਨਿਰਦੇਸ਼ਾਂ ਅਨੁਸਾਰ 17 ਅਕਤੂਬਰ 2011 ਨੂੰ 6 ਮੈਂਬਰੀ ਸਬ-ਕਮੇਟੀ ਦਾ ਐਲਾਨ ਕੀਤਾ ਗਿਆ ਜਿਸ ਵਿੱਚ ਸ਼੍ਰੀ ਕੇ ਅਮਰਨਾਥ ਨੂੰ ਕਨਵੀਨਰ ਬਣਾਇਆ ਗਿਆ। ਇਹ ਸਬ-ਕਮੇਟੀ ਦੇਸ਼ ਦੇ ਉਹਨਾਂ 11 ਸੂਬਿਆਂ ਵਿੱਚ ਗਈ ਜਿੱਥੇ ਪੱਤਰਕਾਰਾਂ ਨਾਲ ਕਈ ਘਟਨਾਵਾਂ ਵਾਪਰੀਆਂ ਅਤੇ ਪੱਤਰਕਾਰੀ ਕਰਨਾ ਮੁਸ਼ਕਿਲ ਹੋ ਗਿਆ। ਇਹ ਸਬ-ਕਮੇਟੀ ਇਹਨਾਂ 11 ਸੂਬਿਆਂ ਦੇ 1200 ਦੇ ਕਰੀਬ ਪੱਤਰਕਾਰਾਂ, ਸੰਪਾਦਕਾਂ ਅਤੇ ਪੱਤਰਕਾਰਾਂ ਦੇ ਸੰਗਠਨਾਂ, ਸਿਵਲ ਅਧਿਕਾਰੀਆਂ, ਉਚ ਪੁਲਿਸ ਅਫਸਰਾਂ, ਕੁਝ ਸੂਬਿਆਂ ਦੇ ਮੁੱਖ ਮੰਤਰੀਆਂ ਅਤੇ ਮੰਤਰੀਆਂ ਨਾਲ ਮਿਲ ਕੇ ਜਾਣਕਾਰੀ ਪ੍ਰਾਪਤ ਕੀਤੀ। ਇਸ ਕਮੇਟੀ ਨੇ ਪੱਤਰਕਾਰਾਂ ਤੇ ਹੋ ਰਹੇ ਹਮਲਿਆਂ ਅਤੇ ਪੱਤਰਕਾਰਾਂ ਦੀ ਭੁਮਿਕਾ ਬਾਰੇ ਵੱਖ ਵੱਖ ਸੂਬਿਆਂ ਵਿੱਚ ਵਿਚਾਰ ਵਟਾਂਦਰਾ ਕੀਤਾ। ਵੱਧ ਰਹੇ ਅਪਰਾਧ, ਸਰਕਾਰੀ ਅਧਿਕਾਰੀਆਂ ਦੀ ਲਾਪਰਵਾਹੀ ਕਾਰਨ ਲੋਕਾਂ ਦੀ ਹੋ ਰਹੀ ਖੱਜਲ ਖੁਆਰੀ ਨੂੰ ਵੇਖਦੇ ਹੋਏ ਮੀਡੀਆ ਦੀ ਭੂਮਿਕਾ ਹੋਰ ਵੀ ਵੱਧ ਸਿਆਣਪ ਅਤੇ ਤਨਦੇਹੀ ਨਾਲ ਕੰਮ ਕਰਨ ਦੀ ਹੈ। ਕੁੱਝ ਮਾੜੇ ਵਿਅਕਤੀਆਂ ਕਾਰਨ ਲੋਕਾਂ ਦਾ ਹੌਲੀ-ਹੌਲੀ ਮੀਡੀਆ ਤੋਂ ਵਿਸ਼ਵਾਸ਼ ਉਠਦਾ ਜਾ ਰਿਹਾ ਹੈ ਜੋ ਕਿ ਸਮਾਜ ਅਤੇ ਦੇਸ਼ ਲਈ ਇੱਕ ਖਤਰਨਾਕ ਸੰਕੇਤ ਹੈ। ਸਮਾਜ ਵਿੱਚ ਵੱਧ ਰਹੀਆਂ ਸਮਾਜਿਕ ਬੁਰਾਈਆਂ ਏਡਜ਼, ਸਮਾਜ ਵਿੱਚ ਲੜਕੀਆਂ ਦੀ ਘੱਟ ਰਹੀ ਗਿਣਤੀ, ਕੈਂਸਰ, ਮਹਿਲਾਵਾਂ ਤੇ ਹੋ ਰਹੇ ਅੱਤਿਆਚਾਰ, ਬਾਲ ਵਿਆਹ, ਦਾਜ ਪ੍ਰਥਾ, ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਮਾਮਲੇ, ਦਲਿਤਾਂ ਤੇ ਹੋ ਰਹੇ ਅੱਤਿਆਚਾਰਾਂ ਆਦਿ ਬਾਰੇ ਅਕਸਰ ਮੀਡੀਆ ਰਿਪੋਰਟਾਂ ਛੱਪਦੀਆਂ ਹਨ ਅਤੇ ਕਈ ਵਾਰ ਕੁਝ ਅਧਿਕਾਰੀਆਂ ਵੱਲੋਂ ਇਨ੍ਹਾਂ ਰਿਪੋਰਟਾਂ ਨੂੰ ਆਧਾਰ ਬਣਾਕੇ ਬਣਦੀ ਕਾਰਵਾਈ ਕੀਤੀ ਜਾਂਦੀ ਹੈ। ਬਦਲਦੇ ਹਾਲਤਾਂ ਕਾਰਨ ਕਈ ਵਾਰ ਮੀਡੀਆ ਨਾਲ ਜੁੜੇ ਵਿਅਕਤੀਆਂ ਨੂੰ ਹਾਲਤ ਨਾਲ ਸਮਝੌਤਾ ਕਰਕੇ ਕੰਮ ਕਰਨਾ ਪੈਂਦਾ ਹੈ ਅਤੇ ਕਈ ਵਾਰ ਹਾਲਤਾਂ ਨਾਲ ਸਮਝੌਤਾ ਨਾ ਕਰਨ ਵਾਲੇ ਮੀਡੀਆ ਕਰਮੀਆਂ ਨੂੰ ਇਸਦੀ ਸਜ਼ਾ ਵੀ ਭੁਗਤਣੀ ਪੈਂਦੀ ਹੈ। ਪ੍ਰੈਸ ਦੀ ਅਜ਼ਾਦੀ ਵਿੱਚ ਸਰਕਾਰਾਂ ਵੱਲੋਂ ਵੀ ਰੋੜੇ ਅਟਕਾਏ ਜਾ ਰਹੇ ਹਨ। ਕਈ ਮੀਡੀਆ ਗਰੁੱਪ ਸਿੱਧੇ ਤੋਰ ਤੇ ਹੀ ਵੱਖ ਵੱਖ ਰਾਜਨੀਤਿਕ ਪਾਰਟੀਆਂ ਦੇ ਆਗੂਆਂ ਦੇ ਨਿਯੰਤਰਣ ਅਧੀਨ ਚੱਲ ਰਹੇ ਹਨ। ਬਹੁਤੇ ਮੀਡੀਆ ਕਰਮੀ ਲੋਕਾਂ ਤੋਂ ਦੂਰ ਹੋ ਚੁੱਕੇ ਹਨ ਅਤੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਸਮਝਣ ਅਤੇ ਲੋਕਾਂ ਤੱਕ ਪਹੁੰਚਾਣ ਦੀ ਬਜਾਏ ਅਪਣੇ ਨਿੱਜੀ ਹਿੱਤਾਂ ਨੂੰ ਪਹਿਲ ਦਿੰਦੇ ਹਨ। ਸਥਾਨਕ ਮੀਡੀਆ ਵਿੱਚ ਬਹੁਤੇ ਮੀਡੀਆ ਕਰਮੀ ਅਜਿਹੇ ਆ ਗਏ ਹਨ ਜੋਕਿ ਸਿਰਫ ਪੈਸੇ ਦੇ ਅਧਾਰ ਤੇ ਹੀ ਪ੍ਰੈਸ ਦਾ ਨਾਮ ਵਰਤ ਰਹੇ ਹਨ। ਭਾਰਤੀ ਪ੍ਰੈਸ ਪਰਿਸ਼ਦ ਨੇ ਆਪਣੀ ਰਿਪੋਰਟ ਵਿੱਚ ਕਿਹਾ ਹੈ ਕਿ 'ਭਾਰਤ ਵਿੱਚ ਪ੍ਰੈਸ ਨੇ ਜ਼ਿਆਦਾ ਗਲਤੀਆ ਕੀਤੀਆਂ ਹਨ ਅਤੇ ਅਧਿਕਾਰੀਆਂ ਦੀ ਤੁਲਨਾ ਵਿੱਚ ਪ੍ਰੈਸ ਦੇ ਖਿਲਾਫ ਜ਼ਿਆਦਾ ਸ਼ਕਾਇਤਾਂ ਦਰਜ ਹਨ। ਭਾਰਤੀ ਪ੍ਰੈਸ ਪਰਿਸ਼ਦ ਦੀ ਰਿਪੋਰਟ ਅਨੁਸਾਰ ਸਾਲ 2011 ਤੋਂ 2014 ਤੱਕ ਕੁੱਲ 3350 ਮਾਮਲੇ ਰਜਿਸਟਰਡ ਕੀਤੇ ਗਏ ਹਨ ਜਿਨ੍ਹਾਂ ਵਿੱਚੋਂ 544 ਸ਼ਕਾਇਤਾਂ ਪ੍ਰੈਸ ਦੀ ਆਜ਼ਾਦੀ ਵਿੱਚ ਦਖਲਅੰਦਾਜ਼ੀ ਲਈ ਪ੍ਰਾਪਤ ਹੋਈਆਂ ਹਨ ਅਤੇ 2806 ਪੱਤਰਕਾਰਾਂ ਖਿਲਾਫ ਮਿਲੀਆਂ ਹਨ। ਹੈਰਾਨੀ ਦੀ ਗੱਲ ਹੈ ਕਿ ਇਸ ਸਮੇਂ ਦੌਰਾਨ ਮੁਢਲੀ ਸਟੇਜ਼ ਤੇ ਰੱਦ ਕੀਤੇ ਗਏ ਕੇਸਾਂ ਵਿੱਚੋਂ 538 ਮਾਮਲੇ ਪੱਤਰਕਾਰਾਂ ਵਲੋਂ ਕੀਤੀਆਂ ਸ਼ਿਕ-ਾਇਤਾਂ ਦੇ ਹਨ ਅਤੇ 2376 ਪੱਤਰਕਾਰਾਂ ਖਿਲਾਫ ਕੀਤੀਆਂ ਸ਼ਿਕਾਇਤਾਂ ਦੇ ਹਨ। ਇੱਕ ਰਿਪੋਰਟ ਅਨੁਸਾਰ ਭਾਰਤ ਵਿੱਚ 2017 ਦਾ ਸਾਲ ਪੱਤਰਕਾਰਤਾ ਲਈ ਕਾਫੀ ਖਤਰਨਾਕ ਰਿਹਾ ਹੈ ਅਤੇ ਇਸ ਸਾਲ ਦੌਰਾਨ 11 ਪੱਤਰਕਾਰਾਂ ਦਾ ਕਤਲ ਹੋਇਆ 46 ਪੱਤਰਕਾਰਾਂ ਤੇ ਹਮਲੇ ਹੋਏ ਅਤੇ 27 ਪੱਤਰਕਾਰਾਂ ਖਿਲਾਫ ਪੁਲਿਸ ਵਲੋਂ ਕੇਸ ਦਰਜ਼ ਕੀਤੇ ਗਏ ਅਤੇ ਗ੍ਰਿਫਤਾਰ ਕੀਤੇ ਗਏ। ਸਤੰਬਰ 2017 ਵਿੱਚ ਹੋਏ ਗੋਰੀ ਲੰਕੇਸ਼ ਦੇ ਕਤਲ ਨੇ ਸੱਚ ਲਿਖਣ ਵਾਲੇ ਪੱਤਰਕਾਰਾਂ ਤੇ ਮੰਡਰਾ ਰਹੇ ਖਤਰੇ ਨੂੰ ਪੂਰੀ ਦੁਨੀਆਂ ਸਾਹਮਣੇ ਲਿਆਂਦਾ ਹੈ। ਪਿਛਲੇ ਸਮੇਂ ਦੋਰਾਨ ਮੀਡੀਆ ਵਿੱਚ ਕਈ ਸਰਕਾਰੀ ਵਿਭਾਗਾਂ ਦੇ ਕਰਮਚਾਰੀਆਂ ਨੇ ਕੰਮ ਕਰਨਾ ਸ਼ੁਰੂ ਕੀਤਾ ਹੈ ਜਿਸ ਕਾਰਨ ਬਹੁਤੀ ਵਾਰ ਇਹ ਸਰਕਾਰੀ ਕਰਮਚਾਰੀ ਬਣੇ ਪੱਤਰਕਾਰ ਅਪਣੇ ਅਖਬਾਰ ਲਈ ਨਿਰਪੱਖ ਹੋਕੇ ਕੰਮ ਨਹੀਂ ਕਰ ਪਾਂਦੇ ਹਨ ਅਤੇ ਨਾਂ ਹੀ ਅਪਣੇ ਵਿਭਾਗ ਵਿੱਚ ਤਨਦੇਹੀ ਨਾਲ ਕੰਮ ਕਰਦੇ ਹਨ। ਪੰਜਾਬ ਸਰਕਾਰ ਨੇ ਅਜਿਹੇ ਪੱਤਰਕਾਰਾਂ ਖਿਲਾਫ ਕਾਰਵਾਈ ਵੀ ਸ਼ੁਰੂ ਕੀਤੀ ਸੀ। ਇਸ ਸਬੰਧੀ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ ਨੇ ਪੱਤਰ ਨੰਬਰ ਐਸ.ਐਸ. ਏ./2012/ਐਡਮਨ/83234 ਮਿਤੀ 7.8.2012 ਰਾਹੀਂ ਸਿੱਖਿਆ ਵਿਭਾਗ ਦੇ ਕਰਮਚਾਰੀਆਂ ਵੱਲੋਂ ਪੱਤਰਕਾਰੀ ਕਰਨ ਬਾਰੇ ਲਿਖਿਆ ਸੀ। ਸਰਕਾਰੀ ਕਰਮਚਾਰੀ ਕੰਡਕਟ ਐਕਟ 1966 ਅਨੁਸਾਰ ਕੋਈ ਵੀ ਸਰਕਾਰੀ ਮੁਲਾਜ਼ਮ ਸਰਕਾਰ ਦੀ ਪੂਰਵ-ਪ੍ਰਵਾਨਗੀ ਤੋਂ ਬਿਨਾਂ ਅਖਬਾਰਾਂ ਲਈ ਆਰਟੀਕਲ ਨਹੀਂ ਲਿਖ ਸਕਦਾ ਅਤੇ ਆਪ ਜਾਂ ਕਿਸੇ ਹੋਰ ਨਾਮ ਤੇ ਅਖਬਾਰ ਦੇ ਪੱਤਰਕਾਰ ਦੇ ਤੌਰ ਤੇ ਕੰਮ ਨਹੀਂ ਕਰ ਸਕਦਾ ਅਤੇ ਇਹਨਾਂ ਹਦਾਇਤਾਂ ਦੀ ਉਲੰਘਣਾ ਕਰਨ ਦੀ ਸੂਰਤ ਵਿੱਚ ਉਸਦੇ ਖਿਲਾਫ ਪੰਜਾਬ ਸਿਵਲ ਸਰਵਿਸਜ਼ (ਦੰਡ ਅਤੇ ਅਪੀਲ) ਰੂਲਜ਼ 1970 ਅਧੀਨ ਕਾਰਵਾਈ ਕੀਤੀ ਜਾ ਸਕਦੀ ਹੈ। ਅੱਜ ਮੀਡੀਆ ਦੀ ਅਜਾਦੀ ਖਤਰੇ ਵਿੱਚ ਹੈ ਕਿਉਂਕਿ ਹੁਣ ਬਹੁਤੇ ਮੀਡੀਆ ਤੇ ਰਾਜਨੀਤਿਕ ਨਿਯੰਤਰਣ ਹੈ।

ਪਿਛਲੇ ਸਮੇਂ ਦੌਰਾਨ ਦੇਸ਼ ਦੇ ਵੱਖ ਵੱਖ ਭਾਗਾਂ ਵਿੱਚ ਹੋਈਆਂ ਚੋਣਾਂ ਦੌਰਾਨ ਸਾਹਮਣੇ ਆਏ ਪੇਡ ਨਿਊਜ਼ ਦੇ ਹਜ਼ਾਰਾਂ ਮਾਮਲਿਆਂ ਨੇ ਵੀ ਪ੍ਰੈਸ ਦੀ ਭੂਮਿਕਾ ਤੇ ਵੱਡਾ ਪ੍ਰਸ਼ਨ ਚਿੰਨ੍ਹ ਲਗਾਇਆ ਹੈ ਜੋਕਿ ਪ੍ਰੈਸ ਦੀ ਅਜ਼ਾਦੀ ਲਈ ਖਤਰਾ ਹੈ। ਅੱਜ ਲੋੜ ਹੈ ਲੋਕਤੰਤਰ ਦੇ ਚੌਥੇ ਥੰਮ ਮੀਡੀਆ ਨੂੰ ਬਚਾਉਣ ਦੀ ਤਾਂ ਜੋ ਹੱਕ ਅਤੇ ਸੋਚ ਦੀ ਆਵਾਜ਼ ਬੁਲੰਦ ਰਹਿ ਸਕੇ। ਜੇਕਰ ਹੁਣ ਵੀ ਇਸ ਪ੍ਰਤੀ ਗੰਭੀਰਤਾ ਨਾਲ ਨਾ ਸੋਚਿਆ ਤਾਂ 03 ਮਈ ਦਾ ਦਿਹਾੜਾ ਜੋ ਕਿ ਵਿਸ਼ੇਸ਼ ਤੌਰ ਤੇ ਪ੍ਰੈਸ ਦੇ ਅਜਾਦੀ ਦਿਵਸ ਵਜੋਂ ਮਨਾਇਆ ਜਾਂਦਾ ਹੈ ਦੇ ਕੋਈ ਅਰਥ ਨਹੀਂ ਰਹਿ ਜਾਣਗੇ ਅਤੇ ਮੀਡੀਆ ਸੱਚਮੁੱਚ ਸਰਕਾਰ ਅਤੇ ਪ੍ਰਭਾਵਸ਼ਾਲੀ ਲੋਕਾਂ ਦੇ ਪ੍ਰਭਾਵ ਅਧੀਨ ਹੀ ਕੰਮ ਕਰਖਗਾ ਜੋ ਕਿ ਸਮਾਜ ਅਤੇ ਦੇਸ਼ ਲਈ ਖਤਰਨਾਕ ਸਾਬਿਤ ਹੋਵੇਗਾ।


ਕੁਲਦੀਪ ਚੰਦ
91-9417563054

## 8 ਮਈ 2018 ਲਈ ਵਿਸ਼ਵ ਰੈਡ ਕਰਾਸ ਦਿਵਸ ਸਬੰਧੀ ਵਿਸ਼ੇਸ਼

# ਮਾਨਵਤਾ ਦੀ ਨਿਸ਼ਕਾਮ ਸੇਵਾ ਦਾ ਪ੍ਰਤੀਕ- ਰੈਂਡ ਕਰਾਸ

ਕੁਦਰਤ ਦੀ ਗੋਦ 'ਚ ਵਸੀ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਨੂੰ ਜਿੱਥੇ ਖਾਲਸੇ ਦੀ ਸਿਰਜਣਾ ਦੀ ਪਵਿੱਤਰ ਭੂਮੀ ਹੋਣ ਦਾ ਮਾਣ ਹਾਸਲ ਹੋਇਆ ਹੈ। ਉੱਥੇ ਦੁਖੀ ਤੇ ਪੀੜਤ ਮਨੁੱਖਤਾ ਦੀ ਬਿਨ੍ਹਾਂ ਕਿਸੇ ਭੇਦਭਾਵ ਦੇ ਸੇਵਾ ਕਰਨ ਦੀ ਮਿਸਾਲ ਪੈਦਾ ਕਰਨ ਦਾ ਸੁਭਾਗ ਵੀ ਪ੍ਰਾਪਤ ਹੋਇਆ ਹੈ। ਦੁਖੀ ਮਾਨਵਤਾ ਦੀ ਸੇਵਾ ਦਾ ਇਹੋ ਸੰਕਲਪ ਅੱਜ ਦੀ ਰੈਂਡ ਕਰਾਸ ਸੰਸਥਾ ਦੀ ਬੁਨਿਆਦ ਬਣਿਆ ਹੈ। ਜਿਸ ਨੂੰ ਅੱਜਕੱਲ ਅੰਤਰਰਾਸ਼ਟਰੀ ਪੱਧਰ ਤੇ ਮਾਨਤਾ ਪ੍ਰਾਪਤ ਹੋ ਚੁੱਕੀ ਹੈ। ਮੁਗਲ ਫੌਜਾਂ ਤੇ ਸਿੰਘਾਂ ਵਿਚਕਾਰ ਘਮਸਾਨ ਦੀ ਜੰਗ ਦੌਰਾਨ ਕੁਝ ਸਿੰਘਾਂ ਨੇ ਦੇਖਿਆ ਕਿ ਇੱਕ ਸਿੰਘ ਪਿੱਠ ਤੇ ਮਸ਼ਕ ਬੰਨ੍ਹੀ ਮੁਗਲ ਫੌਜ ਦੇ ਜਖ਼ਮੀ ਸੈਨਿਕਾਂ ਨੂੰ ਵੀ ਪਾਣੀ ਪਿਲਾਈ ਜਾ ਰਿਹਾ ਸੀ। ਸਿੰਘਾਂ ਦੀ ਸ਼ਿਕਾਇਤ ਸੁਣ ਕੇ ਗੁਰੂ ਜੀ ਮੁਸਕਰਾਏ ਤੇ ਪਾਣੀ ਪਿਲਾਉਣ ਵਾਲੇ ਸਿੰਘ ਨੂੰ ਬੁਲਾਵਾ ਭੇਜਿਆ।

ਉਹਨਾਂ ਨੇ ਸਿੰਘਾਂ ਦੀ ਸ਼ਿਕਾਇਤ ਬਾਰੇ ਸਿੰਘ ਨੂੰ ਦੱਸਦਿਆਂ ਕਿਹਾ ਭਾਈ ਸਾਹਿਬ, ਕੀ ਇਹ ਸਿੰਘ ਸੱਚ ਆਖ ਰਹੇ ਹਨ?

ਦੋਵੇ ਹੱਥ ਜੋੜ ਕੇ ਸਿਰ ਨੀਵਾਂ ਕਰਕੇ ਭਾਈ ਸਾਹਿਬ ਨੇ ਕਿਹਾ, 'ਹਾ, ਸੱਚੇ ਪਾਤਸ਼ਾਹ , ਇਹ ਸੱਚ ਹੈ। ਜੰਗ ਦੇ ਮੈਦਾਨ ਵਿੱਚ ਪਾਣੀ-ਪਾਣੀ ਕੁਰਲਾ ਰਹੇ ਤੇ ਜਖ਼ਮਾਂ ਨਾਲ ਤੜਫ਼ ਰਹੇ ਸਿੰਘਾਂ ਤੇ ਮੁਗਲਾਂ ਚ ਮੈਨੂੰ ਕੋਈ ਫ਼ਰਕ ਨਜ਼ਰ ਨਹੀ ਆਉਦਾ। ਇਹ ਹੋਰ ਕੋਈ ਨਹੀ ਸਗੋ ਭਾਈ ਘਨੱਈਆ ਜੀ ਹੀ ਸਨ। ਜਿਨ੍ਹਾਂ ਨੇ ਗੁਰੂ ਆਸ਼ੇ ਅਨੁਸਾਰ ਮਨੁੱਖਤਾ ਦੀ ਨਿਸ਼ਕਾਮ ਸੇਵਾ ਦਾ ਮੁੱਢ ਬੰਨ੍ਹਿਆ। ਗੁਰੂ ਜੀ ਬੇਹੱਦ ਖੁਸ਼ ਹੋਏ ਤੇ ਕਿਹਾ 'ਭਾਈ ਘਨੱਈਆ ਜੀ ਤੁਸੀ ਸੱਚਮੁੱਚ ਹੀ ਸਿੱਖੀ ਤੇ ਸੇਵਾ ਦੇ ਸੰਕਲਪ ਨੂੰ ਧਾਰ ਲਿਆ ਹੈ। ਤੁਸੀ ਸਿੱਖੀ ਤੇ ਸੇਵਾ ਦੇ ਪੁੰਜ ਹੋ ਗੁਰੂ ਜੀ ਨੇ ਭਾਈ ਘਨੱਈਆ ਦੇ ਹੱਥ ਚ ਮੱਲ੍ਹਮ ਪੱਟੀ ਦਾ ਡੱਬਾ ਫੜਾਉਦਿਆਂ ਕਿਹਾ, ਜਾਓ ਹੁਣ ਪਿਆਸਿਆਂ ਦੀ ਪਿਆਸ ਮਿਟਾਉਣ ਦੇ ਨਾਲ-ਨਾਲ ਜਖ਼ਮੀਆਂ ਦਾ ਦਰਦ ਵੀ ਦੂਰ ਕਰੋ। ਇਹ ਸੀ ਮਹਾਨ ਗੁਰੂ ਤੇ ਮਹਾਨ ਸਿੱਖ ਦਾ ਧਰਮ ਤੇ ਸੇਵਾ ਦਾ ਸੰਕਲਪ।

ਰੈਡ ਕਰਾਸ ਵਿਸ਼ਵ ਪੱਧਰ ਦੀ ਸਭ ਤੋ ਵੱਡੀ ਅੰਤਰਰਾਸ਼ਟਰੀ ਸੇਵਾ ਤੇ ਸਹਾਇਤਾ ਵਾਲੀ ਸੰਸਥਾ ਹੈ, ਜਿਸ ਦਾ ਮੁੱਖ ਦਫ਼ਤਰ ਜਨੇਵਾ (ਸਵਿਟਜ਼ਰਲੈਂਡ) ਵਿੱਚ ਹੈ, ਜਿਸ ਦੇ ਬਾਨੀ ਜੀਨ ਹੈਨਰੀ ਡਿਉਨਾ ਹਨ। ਰੈਂਡ ਕਰਾਸ ਦਿਵਸ ਨੂੰ ਹੈਨਰੀ ਡਿਉਨਾ ਦੇ ਜਨਮ ਦਿਨ (8 ਮਈ) ਨਾਲ ਜੋੜਿਆ ਗਿਆ ਹੈ।





ਹੈਨਰੀ ਡਿਊਨਾ ਦਾ ਜਨਮ 8 ਮਈ 1828 ਵਿੱਚ ਸਵਿਟਜ਼ਰਲੈਡ ਵਿਖੇ ਹੋਇਆ।ਉਹ ਕਿਸੇ ਕੰਮ ਲਈ ਇਟਲੀ ਦੇ ਕਸਬੇ ਮੈਲਫਰੀਨੋ ਵਿਖੇ ਗਿਆ। ਇਹਨ੍ਹਾਂ ਦਿਨਾਂ 'ਚ 1859 ਨੂੰ ਇਸ ਕਸਬੇ ਵਿੱਚ ਫਰਾਂਸ ਅਤੇ ਆਸਟਰੀਆ ਦੀਆਂ ਫੌਜਾ ਚ ਖਤਰਨਾਕ ਯੁੱਧ ਹੋਇਆ। ਜਿਸ ਵਿੱਚ ਹਜਾਰਾਂ ਸੈਨਿਕ ਜਖਮੀ ਹੋ ਗਏ ਤੇ ਹਜਾਰਾ ਹੀ ਮਾਰੇ ਗਏ। ਹੈਨਰੀ ਡਿਊਨਾ ਦਾ ਮਨ ਪਸ਼ੀਜ ਗਿਆ। ਉਸ ਨੇ ਨੇੜੇ ਦੇ ਪਿੰਡਾਂ ਦੇ ਲੋਕਾਂ ਨੂੰ ਇਕੱਠਾ ਕਰਕੇ ਦੁਖੀਆਂ ਤੇ ਜਖਮੀਆਂ ਦੀ ਸੇਵਾ ਲਈ ਪ੍ਰੇਰਿਆ। ਇਸ ਦਰਦਨਾਕ ਘਟਨਾ ਸਬੰਧੀ ਡਿਊਨਾ ਨੇ ਇੱਕ ਕਿਤਾਬ ਲਿਖੀ ਤੇ ਕਿਤਾਬ ਦੇ ਅੰਤ ਵਿੱਚ ਇਸ ਕਾਰਜ ਲਈ ਕੋਈ ਸੰਸਥਾ ਖੜ੍ਹੀ ਕਰਨ ਦਾ ਸੁਝਾਅ ਦਿੱਤਾ। ਅਕਤੂਬਰ 1863 ਵਿੱਚ ਕੁਝ ਦੇਸ਼ਾ ਦੇ ਪ੍ਰਤੀਨਿਧਾ ਦੀ ਜਨੇਵਾ ਵਿਖੇ ਬੈਠਕ ਵਿੱਚ ਸੰਸਥਾ ਬਾਰੇ ਫ਼ੈਸਲਾ ਤੈਅ ਹੋਇਆ। ਡਿਊਨਾ ਤੇ ਸਵਿਟਜਰਲੈਂਡ ਨੂੰ ਮਾਣ ਦੇਣ ਲਈ ਸਵਿਟਜ਼ਰਲੈਡ ਦੇ ਕੌਮੀ ਝੰਡੇ ਤੇ ਇਸ ਦੇ ਚਿੰਨ੍ਹ ਦੇ ਰੰਗਾਂ ਨੂੰ ਆਪਸ ਵਿੱਚ ਬਦਲ ਕੇ ਅਪਣਾਇਆ ਗਿਆ। ਜਨੇਵਾ ਸੰਧੀਆਂ ਅਨੁਸਾਰ ਰੈਂਡ ਕਰਾਸ ਦਾ ਉਦੇਸ਼ ਹਵਾਈ, ਥਲ ਤੇ ਜਲ ਸੈਨਾ ਦੇ ਜਖ਼ਮੀਆਂ ਤੇ ਕੁਦਰਤੀ ਆਫ਼ਤਾਂ ਦੇ ਮਾਰਿਆਂ ਦੀ ਸੰਭਾਲ, ਜੰਗੀ ਕੈਦੀਆਂ ਨਾਲ ਮਨੁੱਖੀ ਸਲੂਕ, ਅਪਾਹਜਾਂ ਦੀ ਸੇਵਾ, ਮੁੜ ਵਸੇਬਾ ਤੇ ਸੰਸਾਰ ਵਿੱਚ ਅਮਨ-ਸਾਂਤੀ ਲਈ ਸਾਰਥਕ ਯਤਨ ਕਰਨਾ ਹੈ।ਲਗਭਗ 180 ਦੇਸ਼ ਰੈਂਡ ਕਰਾਸ ਦੇ ਮੈਂਬਰ ਹਨ। 1901 ਵਿੱਚ ਪਹਿਲਾ ਨੋਬਲ ਸ਼ਾਂਤੀ ਇਨਾਮ ਹੈਨਰੀ ਡਿਊਨਾ ਨੂੰ ਦਿੱਤਾ ਗਿਆ ਪਰ ਉਸ ਨੇ ਇਨਾਮ ਦੀ ਸਾਰੀ ਰਾਸ਼ੀ ਤੇ ਸੁਗਾਤਾਂ ਦੀ ਰਕਮ ਬਿਮਾਰ, ਦੁਖੀਆਂ ਤੇ ਜਖ਼ਮੀਆਂ ਦੀ ਸੇਵਾ ਲਈ ਖਰਚਣ ਦੀ ਵਸੀਅਤ ਕਰ ਦਿੱਤੀ। 1963 ਦਾ ਨੋਬਲ ਸ਼ਾਂਤੀ ਪੁਰਸਕਾਰ ਵਿਸ਼ਵ ਰੈਂਡ ਕਰਾਸ ਸੰਸਥਾ ਨੂੰ ਮਿਲਿਆ।ਲੋਕ ਭਲਾਈ ਤੇ ਰਾਹਤ ਦੀ ਇਹ ਸੰਸਥਾ ਆਪਣੇ ਕਾਰਜ ਲੋਕਾਂ ਦੇ ਸਹਿਯੋਗ ਨਾਲ ਕਰਦੀ ਹੈ। ਜੰਗ ਜਾਂ ਕੁਦਰਤੀ ਆਫ਼ਤਾਂ ਸਮੇ ਹੀ ਨਹੀ ਸਗੋ ਇਹ ਸੰਸਥਾਂ ਸ਼ਾਂਤੀ ਸਮੇ ਵੀ ਸਹਾਇਤਾ ਕਾਰਜ ਕਰਦੀ ਹੈ।ਜਿਵੇ ਗਰੀਬਾਂ, ਅਨਾਥਾਂ, ਅਪਾਹਜਾਂ ਨੂੰ ਸਹਾਇਤਾ ਦੇਣਾ, ਦੁਰਘਟਨਾ ਸਮੇ ਜਖਮੀਆਂ ਦੀ ਸੰਭਾਲ ਕਰਨੀ, ਅੱਖਾਂ, ਖੂਨ ਤੇ ਹੋਰ ਸਰੀਰਕ ਅੰਗ ਦਾਨ ਲੈ ਕੇ ਲੋੜਵੰਦਾ ਦੀ ਸਹਾਇਤਾ ਕਰਨੀ ਗਰੀਬ ਬੱਚਿਆਂ ਦੀ ਪੜ੍ਹਾਈ ਚ ਸਹਾਇਤਾ ਆਦਿ। ਇਹ ਸੰਸਥਾ ਸਵੈ-ਸੇਵਕਾਂ ਦੀ ਅੰਤਰਰਾਸ਼ਟਰੀ ਜਥੇਬੰਦੀ ਵੀ ਹੈ, ਜਿਸ ਦਾ ਧੁਰਾ ਵੀ ਸਵੈ-ਸੇਵਾ ਹੈ।ਜਨਵਰੀ 2001 ਚ ਗੁਜਰਾਤ ਚ ਆਏ ਭੁਚਾਲ ਦੇ ਪੀੜਤਾਂ ਦੀ ਸਹਾਇਤਾ ਲਈ ਦੁਨੀਆ ਭਰ ਤੋ ਆਏ ਰੈਡ ਕਰਾਸ ਸਵੈ-ਸੇਵਕਾਂ ਨੇ ਦਿਖਾ ਦਿੱਤਾ ਕਿ ਇਹ ਸੰਸਥਾ ਬਿਨਾਂ ਕਿਸੇ ਸਰਹੱਦ ਦੀ ਪ੍ਰਵਾਹ ਕਰਦਿਆ ਨਿਸ਼ਕਾਮ ਸੇਵਾ ਲਈ ਅੱਗੇ ਆਉਦੀ ਹੈ।

ਰੈਡ ਕਰਾਸ ਦੇ ਭਾਵ ਤੇ ਭਾਵਨਾ ਨੂੰ ਸਮਝਣ ਤੇ ਅਪਣਾਉਣ ਦੀ ਲੋੜ ਹੈ ਮਾਨਵਤਾ ਦੀ ਸੇਵਾ ਰੂਪੀ ਜੋਤ ਨੂੰ ਭਾਈ ਘਨੱਈਆ ਜੀ ਨੇ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ ਤੇ ਜਗਾਇਆ, ਜਿਸ ਨੂੰ ਹੈਨਰੀ ਡਿਊਨ ਨੇ ਸਮੁੱਚੇ ਵਿਸ਼ਵ ਪੱਧਰ ਤੇ ਰੋਸ਼ਨੀ ਕਰਨ ਲਈ ਰੈਡ ਕਰਾਸ ਦੇ ਨਾਂਅ ਹੇਠ ਅਪਣਾਇਆ।

ਪੰਜਾਬ ਵਿੱਚ ਭਾਈ ਘਨੱਈਆ ਜੀ ਨੂੰ ਵੀ ਰੈੱਡ ਕਰਾਸ ਦੇ ਪਹਿਲੇ ਪਰਿਵਰਤਕ ਵਜੋ ਯਾਦ ਕੀਤਾ ਜਾਦਾ ਹੈ । ਅੱਜ ਲੋੜ ਹੈ ਅਸੀ ਪੀੜਤ ਮਾਨਵਤਾ ਦੀ ਭਲਾਈ ਲਈ ਆਪਣੇ ਅੰਦਰ ਦੇ ਸਵੈ ਸੇਵਕ ਨੂੰ ਪਛਾਣੀਏ ਅਜਿਹੀਆਂ ਮਾਨਵਤਾਵਾਦੀ ਸੰਸਥਾਵਾਂ ਨਾਲ ਜੁੜੀਏ ਅਤੇ ਸਮਾਜ ਸੇਵਾ ਦੇ ਇਸ ਦਾਇਰੇ ਨੂੰ ਹੋਰ ਵਿਸਾਲ ਕਰੀਏ ਤਾਂ ਜੋ ਦੁਖੀ ਮਾਨਵਤਾ ਦੀ ਸੇਵਾ ਦਾ ਸੰਦੇਸ਼ ਘਰ ਘਰ ਪਹੁੰਚਾਇਆ ਜਾ ਸਕੇ ।


ਨਵਜੋਤ ਬਜਾਜ ਗੱਗੂ
91-98721-02614

# ਤੇਲ ਦੀਆਂ ਵੱਧ ਰਹੀਆਂ ਕੀਮਤਾਂ ਅਤੇ ਹਾਲੋਂ ਬੇਹਾਲ ਹੋਈ ਦੇਸ਼ ਦੀ ਸਰਕਾਰ

**ਭਾਰਤ 80 ਫੀਸਦੀ ਤੇਲ ਦੀਆਂ ਜ਼ਰੂਰਤਾਂ, ਕੱਚਾ ਤੇਲ ਬਾਹਰਲੇ ਮੁਲਕਾਂ ਤੋਂ ਬਾਹਰੋਂ ਲਿਆਕੇ ਪੂਰੀਆਂ ਕਰਦਾ ਹੈ। 2014 'ਚ ਜਦੋਂ ਕੱਚੇ ਤੇਲ ਦੀਆਂ ਵਿਸ਼ਵ ਪੱਧਰੀ ਕੀਮਤਾਂ ਘਟੀਆਂ ਤਾਂ ਸਰਕਾਰ ਬਹੁਤ ਹੀ ਖੁਸ਼ ਹੋਈ ਸੀ, ਕਿਉਂਕਿ ਉਸਨੂੰ ਇਸਦਾ ਬਹੁਤ ਲਾਭ ਹੋਇਆ ਸੀ। ਭਾਜਪਾ ਦੀ ਮੌਜੂਦਾ ਸਰਕਾਰ ਨੇ ਆਪਣਾ ਕੇਂਦਰੀ ਬਜ਼ਟ ਵੀ ਇਸ ਅਧਾਰ 'ਤੇ ਤਿਆਰ ਕੀਤਾ ਸੀ। ਕੇਂਦਰ ਸਰਕਾਰ ਨੇ ਰਾਜ ਸਰਕਾਰਾਂ ਨੂੰ ਤੇਲ ਸਬੰਧੀ ਇੰਨੀ ਕੁ ਖੁੱਲ੍ਹ ਦਿੱਤੀ ਕਿ ਉਹ ਉਪਭੋਗਤਾਵਾਂ ਉਤੇ, ਮਹਿੰਗਾਈ ਵਧਾਏ ਬਿਨ੍ਹਾਂ, ਤੇਲ ਉਤੇ ਇੰਨਾ ਕੁ ਟੈਕਸ ਲਾਵੇ, ਜਿਹੜਾ ਲੋਕਾਂ ਨੂੰ ਚੁੱਭੇ ਨਾ। ਸਰਕਾਰ ਲਈ ਇਹ ਸਮਾਂ ਲਾਭ ਪ੍ਰਾਪਤੀ ਵਾਲਾ ਸਮਾਂ ਸੀ, ਜਿਸ ਤੋਂ ਸਰਕਾਰ ਨੇ ਲੋਕਾਂ ਦੀਆਂ ਜੇਬਾਂ ਕੱਟਕੇ ਮੁਨਾਫਾ ਕਮਾਇਆ। ਪੈਟਰੋਲ ਉਤੇ ਜਿਹੜਾ ਟੈਕਸ 2013-14 ਵਿੱਚ 10 ਰੁਪਏ 38 ਪੈਸੇ ਸੀ, ਉਹ 2014-15 'ਚ ਵਧਾਕੇ 18 ਰੁਪਏ 14 ਪੈਸੇ, 2015-16 'ਚ 19 ਰੁਪਏ 56 ਪੈਸੇ, 2016-17 ਵਿੱਚ 21 ਰੁਪਏ 99 ਪੈਸੇ ਕਰ ਦਿੱਤਾ।**



ਗੁਰਮੀਤ ਸਿੰਘ ਪਲਾਹੀ
91-98158-02070

ਪਹਿਲੀ ਜੁਲਾਈ 2017 ਤੋਂ ਹੁਣ ਤੱਕ ਦਿੱਲੀ ਵਿੱਚ ਪੈਟਰੋਲ ਦੀ ਕੀਮਤ ਵਿੱਚ 11ਰੁਪਏ 54 ਪੈਸੇ ਪ੍ਰਤੀ ਲਿਟਰ ਅਤੇ ਡੀਜ਼ਲ ਦੀ ਕੀਮਤ ਵਿੱਚ 12 ਰੁਪਏ 60 ਪੈਸੇ ਦਾ ਵਾਧਾ ਹੋਇਆ। ਹੁਣ ਦਿੱਲੀ 'ਚ ਪੈਟਰੋਲ 74 ਰੁਪਏ 63 ਪੈਸੇ ਅਤੇ ਡੀਜ਼ਲ 65 ਰੁਪਏ 93 ਪੈਸੇ ਨੂੰ ਵਿਕ ਰਿਹਾ ਹੈ। ਭਾਵੇਂ ਕਿ ਡੀਜ਼ਲ, ਪੈਟਰੋਲ ਦੀਆਂ ਕੀਮਤਾਂ ਹਰ ਰੋਜ਼ ਮਿੱਥੀਆਂ ਜਾਂਦੀਆਂ ਹਨ। ਡੀਜ਼ਲ, ਪੈਟਰੋਲ ਦੀਆਂ ਕੀਮਤਾਂ 'ਚ ਇਹ ਵਾਧਾ ਪੂਰੇ ਦੇਸ਼ ਭਰ ਵਿੱਚ ਉਵੇਂ ਹੀ ਵੇਖਣ ਨੂੰ ਮਿਲ ਰਿਹਾ ਹੈ, ਜਿਵੇਂ ਦਿੱਲੀ ਵਿੱਚ ਹੈ। ਤੇਲ ਕੀਮਤਾਂ ਵਧਾਉਣ ਦਾ ਕਾਰਨ ਵਿਸ਼ਵ ਮੰਡੀ 'ਚ ਤੇਲ ਦੀਆਂ ਕੀਮਤਾਂ 'ਚ ਵਾਧਾ ਦੱਸਿਆ ਜਾ ਰਿਹਾ ਹੈ। ਪਰ 2014 ਵਿੱਚ ਜਦੋਂ ਵਿਸ਼ਵ ਭਰ ਵਿੱਚ ਕੱਚੇ ਤੇਲ ਦੇ ਭਾਅ ਬੁਰੀ ਤਰ੍ਹਾਂ ਡਿੱਗ ਗਏ ਸਨ, ਉਸ ਵੇਲੇ ਸਰਕਾਰ ਨੇ ਪੈਟਰੋਲ ਡੀਜ਼ਲ ਦੀਆਂ ਕੀਮਤਾਂ 'ਚ ਕਮੀ ਨਹੀਂ ਕੀਤੀ, ਸਗੋਂ ਟੈਕਸ ਵਧਾਕੇ ਆਪਣੇ ਖਜ਼ਾਨੇ ਭਰ ਲਏ, ਲੋਕਾਂ ਨੂੰ ਕੋਈ ਵੀ ਰਾਹਤ ਨਾ ਦਿੱਤੀ।

ਅੱਜ ਪੈਟਰੋਲ ਅਤੇ ਡੀਜ਼ਲ ਉਤੇ ਉਚੇ ਟੈਕਸਾਂ ਦਾ ਬੋਝ ਲੋਕਾਂ ਨੂੰ ਸਹਿਣ ਕਰਨਾ ਪੈ ਰਿਹਾ ਹੈ। ਉਹ ਇਸ ਬੋਝ ਨੂੰ "ਭੰਡਾ ਭੰਡਾਰੀਆ ਕਿੰਨਾ ਕੁ ਭਾਰ, ਇੱਕ ਮੁੱਠੀ ਚੁੱਕ ਲੈ ਦੂਜੀ ਤਿਆਰ" ਕਹਾਵਤ ਵਾਂਗਰ ਚੁੱਪ-ਚਾਪ ਸਹਿ ਰਹੇ ਹਨ? ਪਰ ਕੀ ਉਹ ਇਸ ਨੂੰ ਆਪਣੇ ਮਨੋਂ-ਚਿੱਤੋਂ ਸਹਿ ਰਹੇ ਹਨ। ਨਹੀਂ, ਬਿਲਕੁਲ ਵੀ ਨਹੀਂ। ਜਰਾ ਦੋ ਪਹੀਏ, ਕਾਰ, ਟੈਕਸੀ, ਆਟੋ, ਟ੍ਰੈਕਟਰ ਅਤੇ ਭਾੜਾ ਢੋਣ ਵਾਲੇ ਹੋਰ ਵਾਹਨਾਂ ਦੇ ਮਾਲਕਾਂ ਨੂੰ ਤਾਂ ਪੁੱਛਕੇ ਦੇਖੋ, ਉਹਨਾ ਤੇ ਕੀ ਬੀਤ ਰਹੀ ਹੈ?ਪਿਛਲੇ ਹਫਤੇ ਜਦੋਂ ਪੈਟਰੋਲ ਡੀਜ਼ਲ ਦੀਆਂ ਕੀਮਤਾਂ ਵਧੀਆ ਅਤੇ ਸਭ ਤੋਂ ਉੱਚੇ ਪੱਧਰ ਉਤੇ ਪੁੱਜੀਆਂ ਤਾਂ ਵਿਰੋਧ ਦੀਆਂ ਆਵਾਜ਼ਾਂ ਸੁਣਾਈ ਦੇਣ ਲੱਗੀਆਂ। ਲੋਕ ਕਹਿਣ ਲੱਗ ਪਏ ਕਿ ਸਰਕਾਰ ਉਹਨਾ ਨਾਲ ਠੱਗੀ ਕਿਉਂ ਕਰ ਰਹੀ ਹੈ, ਕਿਉਂ ਨਹੀਂ ਪੈਟਰੋਲੀਅਮ ਅਤੇ ਪੈਟਰੋਲੀਅਮ ਵਸਤੂਆਂ ਨੂੰ ਜੀ ਐਸ ਟੀ ਦੇ ਦਾਇਰੇ ਵਿੱਚ ਲਿਆਂਦਾ ਜਾਂਦਾ?

ਭਾਰਤ 80 ਫੀਸਦੀ ਤੇਲ ਦੀਆਂ ਜ਼ਰੂਰਤਾਂ, ਕੱਚਾ ਤੇਲ ਬਾਹਰਲੇ ਮੁਲਕਾਂ ਤੋਂ ਬਾਹਰੋਂ ਲਿਆਕੇ ਪੂਰੀਆਂ ਕਰਦਾ ਹੈ। 2014 'ਚ ਜਦੋਂ ਕੱਚੇ ਤੇਲ ਦੀਆਂ ਵਿਸ਼ਵ ਪੱਧਰੀ ਕੀਮਤਾਂ ਘਟੀਆਂ ਤਾਂ ਸਰਕਾਰ ਬਹੁਤ ਹੀ ਖੁਸ਼ ਹੋਈ ਸੀ, ਕਿਉਂਕਿ ਉਸਨੂੰ ਇਸਦਾ ਬਹੁਤ ਲਾਭ ਹੋਇਆ ਸੀ। ਭਾਜਪਾ ਦੀ ਮੌਜੂਦਾ ਸਰਕਾਰ ਨੇ ਆਪਣਾ ਕੇਂਦਰੀ ਬਜ਼ਟ ਵੀ ਇਸ ਅਧਾਰ 'ਤੇ ਤਿਆਰ ਕੀਤਾ ਸੀ। ਕੇਂਦਰ ਸਰਕਾਰ ਨੇ ਰਾਜ ਸਰਕਾਰਾਂ ਨੂੰ ਤੇਲ ਸਬੰਧੀ ਇੰਨੀ ਕੁ ਖੁੱਲ੍ਹ ਦਿੱਤੀ ਕਿ ਉਹ ਉਪਭੋਗਤਾਵਾਂ ਉਤੇ, ਮਹਿੰਗਾਈ ਵਧਾਏ ਬਿਨ੍ਹਾਂ, ਤੇਲ ਉਤੇ ਇੰਨਾ ਕੁ ਟੈਕਸ ਲਾਵੇ, ਜਿਹੜਾ ਲੋਕਾਂ ਨੂੰ ਚੁੱਭੇ ਨਾ। ਸਰਕਾਰ ਲਈ ਇਹ ਸਮਾਂ ਲਾਭ ਪ੍ਰਾਪਤੀ ਵਾਲਾ ਸਮਾਂ ਸੀ, ਜਿਸ ਤੋਂ ਸਰਕਾਰ ਨੇ ਲੋਕਾਂ ਦੀਆਂ ਜੇਬਾਂ ਕੱਟਕੇ ਮੁਨਾਫਾ ਕਮਾਇਆ। ਪੈਟਰੋਲ ਉਤੇ ਜਿਹੜਾ ਟੈਕਸ 2013-14 ਵਿੱਚ 10 ਰੁਪਏ 38 ਪੈਸੇ ਸੀ, ਉਹ 2014-15 'ਚ ਵਧਾਕੇ 18 ਰੁਪਏ 14 ਪੈਸੇ, 2015-16 'ਚ 19 ਰੁਪਏ 56 ਪੈਸੇ, 2016-17 ਵਿੱਚ 21 ਰੁਪਏ 99 ਪੈਸੇ ਕਰ ਦਿੱਤਾ। ਜਦਕਿ ਡੀਜ਼ਲ ਉਤੇ 2013-14 ਵਾਲਾ ਜੋ ਟੈਕਸ 4 ਰੁਪਏ 52 ਪੈਸੇ ਸੀ, ਉਹ 2016-17 'ਚ ਵਧਾਕੇ 17 ਰੁਪਏ 83 ਪੈਸੇ ਕਰ ਦਿੱਤਾ ਗਿਆ। ਰਾਜ ਸਰਕਾਰ ਨੇ ਵੀ ਇਸ ਸਮੇਂ ਦੌਰਾਨ ਪੈਟਰੋਲ ਤੇ ਡੀਜ਼ਲ ਉਤੇ ਟੈਕਸ ਕਰਮਵਾਰ 11 ਰੁਪਏ 29 ਪੈਸੇ ਤੋਂ ਵਧਾਕੇ 14 ਰੁਪਏ 7 ਪੈਸੇ ਅਤੇ ਡੀਜ਼ਲ ਉਤੇ 6 ਰੁਪਏ 41 ਪੈਸੇ ਤੋਂ 8 ਰੁਪਏ 53 ਪੈਸੇ ਕਰ ਦਿੱਤਾ। ਕੇਂਦਰੀ ਤੇ ਰਾਜ ਸਰਕਾਰਾਂ ਨੇ ਆਪਣੇ ਖਜ਼ਾਨੇ ਭਰ ਲਏ। ਸਾਲ 2016-17 'ਚ ਕੇਂਦਰ ਸਰਕਾਰ ਨੇ 334534 ਕਰੋੜ ਰੁਪਏ ਇਸ ਟੈਕਸ ਦੇ ਕਮਾਏ ਜਦਕਿ ਰਾਜ ਸਰਕਾਰਾਂ ਨੇ 189770 ਕਰੋੜ ਰੁਪਏ ਦਾ ਬੋਝ ਲੋਕਾਂ ਉਤੇ ਪਾਇਆ।

ਕੇਂਦਰ ਦੀ ਭਾਜਪਾ-ਐਨ ਡੀ ਏ ਸਰਕਾਰ ਵਲੋਂ ਜਦੋਂ ਤੋਂ ਟੈਕਸ ਅਤੇ ਖਰਚ ਦੀ ਰਣਨੀਤੀ ਅਪਨਾਈ ਗਈ। ਜਦੋਂ ਤੋਂ ਗੁਜਰਾਤ ਵਿਕਾਸ ਮਾਡਲ ਨੂੰ ਦੇਸ਼ ਭਰ 'ਚ ਲਾਗੂ ਕਰਨਾ ਆਰੰਭ ਕੀਤਾ ਗਿਆ। ਸਰਕਾਰ ਦਾ ਖਰਚਾ 2014-15 ਤੋਂ 2016-17 ਤੱਕ ਤੇਜ਼ੀ ਨਾਲ ਵਧਿਆ। ਇਹ ਮੰਨਿਆ ਗਿਆ ਕਿ ਖਰਚਾ ਅਧਾਰਿਤ ਪਾਲਿਸੀ ਨਿੱਜੀ ਨਿਵੇਸ਼ ਨੂੰ ਸੱਦਾ ਦੇਵੇਗੀ। ਪਰੰਤੂ ਅਜਿਹਾ ਨਹੀਂ ਹੋਇਆ। ਮੇਕ ਇਨ ਇੰਡੀਆ, ਸਟਾਰਟ ਅੱਪ ਇੰਡੀਆ ਜਿਹੇ ਅਨੇਕਾਂ ਨਾਹਰੇ ਖੋਖਲੇ ਸਾਬਤ ਹੋਏ। ਨਿੱਜੀ ਨਿਵੇਸ਼ ਬਿਲਕੁਲ ਵੀ ਨਾ ਵਧਿਆ। ਸਗੋਂ ਘੱਟ ਗਿਆ। 2013-14 ਵਿੱਚ ਨਿੱਜੀ ਪੂਜੀ ਨਿਰਮਾਣ ਜੋ 24.20 ਫੀਸਦੀ ਸੀ ਘਟਕੇ 21.38 ਫੀਸਦੀ ਰਹਿ ਗਿਆ। ਸਟਾਰਟ ਅੱਪ ਇੰਡੀਆ ਤਾਂ ਸ਼ੁਰੂ ਹੀ ਨਾ ਹੋਇਆ, ਸਰਕਾਰੀ ਅੰਕੜਿਆਂ ਅਨੁਸਾਰ ਜਿਨ੍ਹਾਂ 6981 ਨਿੱਜੀ ਨਿਵੇਸ਼ਕਾਂ ਨੇ ਪੂੰਜੀ ਇਸ ਸਕੀਮ ਤਹਿਤ ਲਗਾਉਣੀ ਸੀ, ਉਹਨਾ ਵਿਚੋਂ ਮਾੜੀ ਸਰਕਾਰੀ ਆਰਥਿਕ ਹਾਲਤ ਕਾਰਨ, ਮਸਾਂ 109 ਨੂੰ ਹੀ ਸਰਕਾਰੀ ਫੰਡਿੰਗ ਅਤੇ ਸਹਾਇਤਾ ਮਿਲ ਸਕੀ। ਪੈਟਰੋਲ ਅਤੇ ਡੀਜ਼ਲ ਵਿੱਚ ਟੈਕਸ ਕਟੌਤੀ ਨਾਲ ਨਿੱਜੀ ਖਪਤ ਨੂੰ ਵੱਡਾ ਸਮਰਥਨ ਮਿਲ ਸਕਦਾ ਸੀ। ਟੈਕਸਾਂ ਦੀ ਕਟੌਤੀ ਨਾਲ ਲਾਗਤ ਮੁੱਲ 'ਚ ਬਚਤ ਹੋ ਸਕਦੀ ਸੀ। ਬਾਹਰਲੇ ਦੇਸ਼ਾਂ ਦੇ ਬਰਾਮਦਕਾਰਾਂ ਨੂੰ ਦੇਸ਼ ਚੋਂ ਸਸਤੀਆਂ ਚੀਜ਼ਾਂ ਮਿਲ ਸਕਦੀਆਂ ਹਨ। ਇਸ ਨਾਲ ਤੇਜ਼ੀ ਨਾਲ ਰੁਜ਼ਗਾਰ ਸਿਰਜਨ 'ਚ ਵਾਧਾ ਹੋ ਸਕਦਾ ਸੀ। ਪਰ ਸਰਕਾਰ ਨੇ ਇਸ ਵੱਲ ਕਦੇ ਧਿਆਨ ਹੀ ਨਾ ਦਿੱਤਾ। ਸਰਕਾਰੀ ਖਰਚ ਅਧਾਰਤ ਮਾਡਲ ਉਤੇ ਬਹੁਤ ਸਾਰੇ ਦੇਸ਼ਾਂ ਨੇ ਕੰਮ ਕੀਤਾ, ਜਦੋਂ ਉਥੇ ਮੰਦੀ ਦਾ ਦੌਰ ਸੀ। ਇਸੇ ਮਾਡਲ ਕਾਰਨ 2014 ਵਿੱਚ ਭਾਰਤ ਨੂੰ ਵੀ ਮੰਦੀ ਦਾ ਸਾਹਮਣਾ ਨਹੀਂ ਕਰਨਾ ਪਿਆ। ਸਰਕਾਰ ਦੇ ਅੰਕੜਿਆਂ ਮੁਤਾਬਕ 2013-14 'ਚ ਅਰਥ ਵਿਵਸਥਾ 6.4 ਫੀਸਦੀ ਦੀ ਦਰ ਨਾਲ ਅੱਗੇ ਵਧੀ। ਪਰ ਪਿਛਲੇ ਚਾਰ ਸਾਲ ਇਸ ਵਿਕਾਸ ਦੇ ਗੁਜਰਾਤ ਮਾਡਲ ਨੇ ਕੰਮ ਨਹੀਂ ਕੀਤਾ। ਜੀ ਐਸ ਟੀ ਦੀਆਂ ਉਚੀਆਂ ਦਰਾਂ ਨੇ ਉਦਯੋਗ ਨੂੰ ਬੁਰੀ ਤਰ੍ਹਾਂ ਝੰਜੋੜ ਕੇ ਰੱਖ ਦਿੱਤਾ। ਨੋਟਬੰਦੀ ਅਤੇ ਜੀ ਐਸ ਟੀ ਦੀ ਦੌਹਰੀ ਮਾਰ ਨੇ ਨਿਵੇਸ਼ਕਾਂ ਦੇ ਭਰੋਸੇ ਤੋੜ ਕੇ ਰੱਖ ਦਿੱਤੇ। ਅੱਜ ਸਰਕਾਰ ਦੀ ਵਿੱਤੀ ਸਥਿਤੀ ਚਿੰਤਾਜਨਕ ਹੈ। ਜਿਸ ਬਾਰੇ ਵਿਸ਼ਵ ਬੈਂਕ ਨੇ ਵੀ ਇੱਕ ਰਿਪੋਰਟ ਛਾਪੀ ਹੈ ਅਤੇ ਸਵਾਲ ਉਠਾਏ ਹਨ। ਵਿਸ਼ਵ ਬੈਂਕ ਨੇ ਭਾਰਤ ਦੀ ਜੀ ਐਸ ਟੀ ਜਿਆਦਾ ਜਟਿਲ ਕਰਾਰ ਦਿੱਤਾ ਹੈ। ਵਰਲਡ ਬੈਂਕ ਦੀ ਰਿਪੋਰਟ ਅਨੁਸਾਰ 115 ਦੇਸ਼ਾਂ ਵਿੱਚ ਭਾਰਤ ਵਿੱਚ ਟੈਕਸ ਰੇਟ ਦੂਜਾ ਸਭ ਤੋਂ ਉਚਾ ਹੈ ਅਤੇ ਏਸ਼ੀਆ ਵਿੱਚ ਸਭ ਤੋਂ ਉੱਚਾ। ਵਰਲਡ ਬੈਂਕ ਨੇ ਟੈਕਸ ਰਿਫੰਡ ਦੀ ਮੱਧਮ ਰਫਤਾਰ ਉਤੇ ਚਿੰਤਾ ਪ੍ਰਗਟਾਈ ਹੈ। ਇਸਦਾ ਅਸਰ ਪੂੰਜੀ ਨਿਵੇਸ਼ ਅਤੇ ਪੂੰਜੀ ਉਪਲੱਬਤਾ ਉਤੇ ਪੈਣ ਦਾ ਖਦਸ਼ਾ ਪ੍ਰਗਟ ਕੀਤਾ ਹੈ। ਵਿਸ਼ਵ ਬੈਂਕ ਨੇ ਤਾਂ ਭਾਰਤ ਨੂੰ ਵਿਕਾਸਸ਼ੀਲ ਦੇਸ਼ਾਂ ਦੀ ਸੂਚੀ ਤੋਂ ਵੀ ਬਾਹਰ ਕੱਢ ਦਿੱਤਾ ਹੈ। ਭਾਰਤ ਨੂੰ ਹੁਣ, ਪਾਕਿਸਤਾਨ, ਜਾਂਬੀਆਂ ਅਤੇ ਘਾਣਾ ਜਿਹੇ ਦੇਸ਼ਾਂ ਦੇ ਬਰਾਬਰ ਰੱਖਿਆ ਹੈ, ਜਿਹਨਾ ਦੇਸ਼ਾਂ ਦੀ ਅਰਥ-ਵਿਵਸਥਾ ਡਾਵਾਂਡੋਲ ਹੈ। ਹੁਣ ਜਦੋਂ ਵਿਸ਼ਵ ਭਰ 'ਚ ਕੱਚੇ ਤੇਲ ਦੇ ਭਾਅ ਵੱਧਣ ਲੱਗੇ ਹਨ, ਤਾਂ ਸਰਕਾਰ ਇਸ ਸਥਿਤੀ ਨੂੰ ਪਹਿਲਾਂ ਭਾਂਪ ਹੀ ਨਹੀਂ ਸਕੀ ਅਤੇ ਹੁਣ ਛਟਪਟਾ ਰਹੀ ਹੈ।

ਕਿਸੇ ਵੀ ਅਰਥ ਵਿਵਸਥਾ ਲਈ ਤੇਲ ਅਹਿਮ ਤੱਤ ਹੈ। ਤੇਲ ਦੇ ਕਾਰਨ ਅਰਬ ਦੇਸ਼ਾਂ ਵਿੱਚ ਯੁੱਧ ਹੋਇਆ। ਲੈਟਿਨ ਅਮਰੀਕਾ ਦੀ ਅਰਥ ਵਿਵਸ਼ਤਾ ਤੇਲ ਤੋਂ ਪ੍ਰਾਪਤ ਟੈਕਸਾਂ ਦੇ ਅਧਾਰ ਉਤੇ ਵਧੀ ਫੂਲੀ ਜਾਂ ਫਿਰ ਬਰਬਾਦ ਹੋ ਗਈ। ਵੇਂਨਜੁਏਲਾ, ਵਿਸ਼ਾਲ ਤੇਲ ਭੰਡਾਰਾਂ ਦੇ ਬਾਵਜੂਦ ਵੀ ਵਿਖਰ ਗਿਆ। ਬਹੁਤ ਵਰ੍ਹੇ ਰੂਸ ਇਸ ਅੰਦਾਜੇ ਨਾਲ ਆਪਣਾ ਬਜ਼ਟ ਤਿਆਰ ਕਰਦਾ ਰਿਹਾ ਕਿ ਤੇਲ ਦੇ ਭਾਅ 100 ਡਾਲਰ ਤੋਂ ਉਪਰ ਹੀ ਬਣੇ ਰਹਿਣਗੇ। ਜਦੋਂ ਤੇਲ ਦਾ ਮੁੱਲ ਡਿੱਗਿਆ, ਰੂਸ ਦੀ ਅਰਥ ਵਿਵਸਥਾ ਧੜੰਮ ਕਰਕੇ ਡਿੱਗ ਪਈ।

ਤੇਲ ਦੀਆਂ ਕੀਮਤਾਂ 'ਚ ਅਥਾਹ ਵਾਧੇ ਨੇ ਟੈਕਸ ਅਤੇ ਖਰਚ ਅਧਾਰਤ ਗੁਜਰਾਤ ਵਿਕਾਸ ਮਾਡਲ ਨੂੰ ਦੇਸ਼ 'ਚ ਬੁਰੀ ਤਰ੍ਹਾਂ ਫੇਲ੍ਹ ਕਰ ਕੇ ਰੱਖ ਦਿੱਤਾ ਹੈ। ਸਰਕਾਰ ਹਾਲੋਂ ਬੇਹਾਲ ਹੋਈ ਦਿਸਦੀਹੈ। ਸਮੂਹਿਕ ਚਿੰਤਨ ਅਤੇ ਸਮੂਹਿਕ ਫੈਸਲਿਆਂ ਦੀ ਘਾਟ ਦੇਸ਼ 'ਚ ਬੇਰੁਜ਼ਗਾਰੀ, ਭੁੱਖਮਰੀ ਜਿਹੀਆਂ ਵੱਡੀਆਂ ਸਮੱਸਿਆਵਾਂ ਖੜੀਆਂ ਕਰ ਰਹੀ ਹੈ। ਦੇਸ਼ ਦੀ ਅਰਥ ਵਿਵਸਥਾ ਨੂੰ ਥਾਂ ਸਿਰ ਕਰਨ ਲਈ ਬਦਲਵੀਂ ਰਣਨੀਤੀ ਹੀ ਕਾਰਗਰ ਸਾਬਤ ਹੋ ਸਕਦੀ ਹੈ, ਜਿਸ ਤਹਿਤ ਸਰਕਾਰ ਨਫਾ ਕਮਾਊ ਸਰਕਾਰ ਵਾਲਾ ਰੋਲ ਛੱਡਕੇ ਕਲਿਆਣਕਾਰੀ ਲੋਕ-ਹਿਤੂ ਨੀਤੀਆਂ ਨੂੰ ਲਾਗੂ ਕਰਨ ਲਈ ਅੱਗੇ ਆਵੇ।

## ਦਲਿਤ ਲਾੜੇ ਨੂੰ ਘੋੜੀ ਤੋਂ ਉਤਾਰ ਕੇ ਕੁੱਟਿਆ, ਪਿਲਾਇਆ ਪਿਸ਼ਾਬ

**ਭੀਲਵਾੜਾ-** ਰਾਜਸਥਾਨ ਦੇ ਭੀਲਵਾੜਾ 'ਚ ਇਕ ਦਲਿਤ ਲਾੜੇ ਨੂੰ ਘੋੜੀ ਤੋਂ ਉਤਾਰ ਕੇ ਕੁੱਟਮਾਰ ਕਰਕੇ ਮੁੱਛ ਉਖਾੜ ਕੇ ਪਿਸ਼ਾਬ ਪਿਲਾਏ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਪੁਲਿਸ ਨੂੰ ਦੱਸ ਕੇ ਇਕ ਦਲਿਤ ਲਾੜਾ ਘੋੜੀ 'ਤੇ ਆਪਣੀ ਬਰਾਤ ਲੈ ਕੇ ਨਿਕਲਿਆ ਸੀ। ਪੁਲਿਸ ਦੀ ਮੌਜੂਦਗੀ 'ਚ ਹੀ ਉਸ ਨੂੰ ਘੋੜੀ ਤੋਂ ਉਤਾਰ ਕੇ ਕੁੱਟਿਆ ਗਿਆ, ਜਿਸ ਦੌਰਾਨ ਉਸ ਨੂੰ ਗੰਭੀਰ ਸੱਟਾਂ ਆਈਆਂ। ਇਸ ਤੋਂਇਲਾਵਾ ਇਕ ਹੋਰ ਵਿਅਕਤੀ ਵੀ ਗੰਭੀਰ ਰੂਪ ਵਿਚ ਜ਼ਖਮੀ ਹੋ ਗਿਆ। ਸਾਰੇ ਜ਼ਖਮੀਆਂ ਨੂੰ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਹੈ।

ਇਸ ਘਟਨਾ ਨਾਲ ਜੁੜਿਆ ਇਕ ਵੀਡੀਓ ਵੀ ਸਾਹਮਣੇ ਆਇਆ ਹੈ। ਇਹ ਘਟਨਾ ਭੀਲਵਾੜਾ ਦੇਗੋਵਰਧਨਪੁਰਾ ਪਿੰਡਦੀ ਹੈ। ਇੱਥੇ ਪੀੜਤ ਪਰਿਵਾਰ ਨੂੰ ਪਹਿਲਾਂ ਤੋਂ ਹੀ ਅੰਦਾਜ਼ਾ ਸੀਕਿ ਪਿੰਡ ਦੇ ਦਬੰਗ ਵਿਆਹ ਦੌਰਾਨ ਹੰਗਾਮਾ ਕਰ ਸਕਦੇ ਹਨ। ਇਸ ਲਈ ਉਹਨਾਂ ਲੋਕਾਂ ਨੇ ਪੁਲਿਸ ਨੂੰ ਸੂਚਨਾ ਦੇ ਦਿੱਤੀ ਸੀ ਕਿ ਉਹ ਲੋਕ ਲਾੜੇ ਨੂੰ ਘੋੜੀ 'ਤੇ ਲੈ ਕੇ ਜਾਣਗੇ।

ਪੁਲਿਸ ਨੂੰ ਸੂਚਨਾ ਦੇਣ ਤੋਂ ਬਾਅਦ ਵੀ ਦਬੰਗਾਂ ਨੇ ਬਰਾਤ ਰੋਕ ਲਈ ਤੇ ਪੁਲਿਸ ਦੇ ਸਾਹਮਣੇ ਹੀ ਲਾੜੇ ਨੂੰ ਘੋੜੀ ਤੋਂ ਉਤਾਰ ਕੇ ਉਸ ਦੀ ਕੁੱਟਮਾਰ ਕੀਤੀ ਤੇ ਮੁੱਛ ਉਖਾੜ ਕੇ ਉਸ ਨੂੰ ਪਿਸ਼ਾਬ ਪਿਲਾਇਆ ਗਿਆ। ਉਸ ਤੋਂ ਬਾਅਦ ਪਿੰਡ 'ਚ ਮਾਹੌਲ ਤਣਾਅਪੂਰਨ ਹੋ ਗਿਆ। ਇਸ ਘਟਨਾ ਦੀ ਸੂਚਨਾ ਮਿਲਦੇ ਹੀ ਇਲਾਕੇ ਵਿਚ ਭਾਰੀ ਪੁਲਿਸ ਤਾਇਨਾਤ ਕਰ ਦਿੱਤੀ ਗਈ। ਪੁਲਿਸ ਨੇ ਕੇਸ ਦਰਜ ਕਰਕੇ 8 ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ।

## ਚੰਡੀਗੜ੍ਹ ਇੰਟਰਨੈਸ਼ਨਲ ਏਅਰਪੋਰਟ ਨੇੜੇ ਵਸੇਗਾ ਇਕ ਨਵਾਂ ਸ਼ਹਿਰ

### ਆਸਟ੍ਰੇਲੀਆ ਅਤੇ ਅਮਰੀਕਾ ਲਈ ਜਲਦੀ ਸ਼ੁਰੂ ਹੋਣਗੀਆਂ ਨਵੀਂਆਂ ਫਲਾਈਟਾਂ

**ਚੰਡੀਗੜ੍ਹ-** ਪੰਜਾਬ ਦੇ ਸ਼ਹਿਰੀ ਵਿਕਾਸ ਤੇ ਮਕਾਨ ਉਸਾਰੀ ਵਿਭਾਗ ਦੇ ਮੰਤਰੀ ਤ੍ਰਿਪਤ ਬਾਜਵਾ ਨੇ ਦੱਸਿਆ ਹੈ ਕਿ ਸਰਕਾਰ ਵੱਲੋਂ ਅੰਤਰਰਾਸ਼ਟਰੀ ਹਵਾਈ ਅੱਡੇ ਦੇ ਨਜ਼ਦੀਕ 5000 ਏਕੜ ਰਕਬੇ ਵਿੱਚ ਇਕ ਨਵਾਂ ਸ਼ਹਿਰ ਵਸਾਇਆ ਜਾਵੇਗਾ। ਵਿਭਾਗ ਦੇ ਉੱਚ ਅਧਿਕਾਰੀਆਂ ਨਾਲ ਮੀਟਿੰਗ ਉਪਰੰਤ ਉਨ੍ਹਾਂ ਦੱਸਿਆ ਕਿ ਇਸ ਸ਼ਹਿਰ ਲਈ ਜ਼ਮੀਨ 'ਲੈਂਡ ਪੂਲਿੰਗ' ਪਾਲਸੀ ਰਾਹੀਂ ਐਕੁਆਇਰ ਕੀਤੀ ਜਾਵੇਗੀ। ਇਸ ਤੋਂ ਇਲਵਾ ਨਿਊ ਚੰਡੀਗੜ੍ਹ ਵਿੱਚ 560 ਏਕੜ ਜ਼ਮੀਨ ਐਕੁਆਇਰ ਕਰਨ ਦੀ ਕਾਰਵਾਈ ਇਸ ਸਾਲ ਮੁਕੰਮਲ ਕਰ ਲਈ ਜਾਵੇਗੀ ਅਤੇ ਵੱਖ ਵੱਖ ਪਿੰਡਾਂ ਦੀ ਹੋਰ 272 ਏਕੜ ਜ਼ਮੀਨ ਨਿਊ ਚੰਡੀਗੜ੍ਹ ਲਈ ਐਕੁਵਾਇਰ ਕੀਤੀ ਜਾਵੇਗੀ, ਜੋ ਕਿ ਰਿਹਾਇਸ਼ੀ ਵਰਤੋਂ ਲਈ ਨਿਰਧਾਰਤ ਕੀਤੀ ਜਾਵੇਗੀ। ਇਸ ਤੋਂ ਇਲਾਵਾ ਨਿਊ ਚੰਡੀਗੜ੍ਹ ਅਤੇ ਐਸ.ਏ.ਐਸ ਨਗਰ ਨੂੰ ਜੋੜਨ ਲਈ ਚਾਰ-ਮਾਰਗੀ ਸੜਕ ਦਾ ਨਿਰਮਾਣ ਵੀ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਸੂਬੇ ਦੇ 165 ਸ਼ਹਿਰਾਂ ਅਤੇ ਕਸਬਿਆਂ ਦਾ ਮਾਸਟਰ ਪਲਾਨ ਦੋ ਸਾਲ ਦੇ ਅੰਦਰ ਮੁਕੰਮਲ ਕਰ ਲਿਆ ਜਾਵੇਗਾ। ਇਸ ਦੇ ਨਾਲ ਹੀ ਸਾਰੇ ਸ਼ਹਿਰਾਂ ਅਤੇ ਕਸਬਿਆਂ ਦੇ ਮਾਲ ਵਿਭਾਗ



ਅਧਾਰਤ ਮਾਸਟਰ ਪਲਾਨ ਨੂੰ ਲੋਕਾਂ ਦੀ ਸਹੂਲਤ ਲਈ ਵਿਭਾਗ ਦੀ ਵੈਬਸਾਈਟ 'ਤੇ ਉਪਲੱਬਧ ਕਰਵਾਇਆ ਜਾਵੇਗਾ।

**ਆਸਟ੍ਰੇਲੀਆ-ਅਮਰੀਕਾ ਲਈ ਜਲਦੀ ਸ਼ੁਰੂ ਹੋਣਗੀਆਂ ਨਵੀਂਆਂ ਫਲਾਈਟਾਂ**

ਚੰਡੀਗੜ੍ਹ ਹਵਾਈ ਅੱਡੇ ਤੋਂ ਇਸ ਵੇਲੇ 24 ਜਹਾਜ਼ ਘਰੇਲੂ ਉਡਾਣਾਂ ਭਰਦੇ ਹਨ ਅਤੇ ਸ਼ਾਰਜਾਹ, ਡੁਬਈ ਅਤੇ ਬੈਂਕਾਕ ਲਈ ਵੱਖਰੀਆਂ ਉਡਾਣਾਂ ਹਨ। ਫਰਵਰੀ ਮਹੀਨੇ ਰਨਵੇਅ ਨੂੰ ਅਪਗਰੇਡ ਕਰਕੇ ਨੌ ਹਜ਼ਾਰ ਫੁੱਟ ਤੋਂ ਵਧਾ ਕੇ 1200 ਫੁੱਟ ਕਰ ਦਿੱਤਾ ਗਿਆ ਸੀ ਜਦੋਂ ਕਿ ਇਸ ਵਾਰ ਇਸ ਨੂੰ 14,300 ਫੁੱਟ ਤੱਕ ਕੀਤਾ ਜਾਏਗਾ। ਇਸ ਨਾਲ ਹਵਾਈ ਜਹਾਜ਼ ਜ਼ੀਰੋ ਵਿਜ਼ੀਬਿਲਟੀ 'ਤੇ ਵੀ ਉਤਰਣ ਲੱਗ ਪੈਣਗੇ ਅਤੇ ਅਮਰੀਕਾ, ਆਸਟ੍ਰੇਲੀਆ ਅਤੇ ਪੱਛਮੀ ਦੇਸ਼ਾਂ ਲਈ ਉਡਾਣਾਂ ਸ਼ੁਰੂ ਕਰਨ ਵਾਸਤੇ ਰਸਤਾ ਖੁੱਲ੍ਹ ਜਾਵੇਗਾ। ਇਹ ਵੀ ਜਾਣਕਾਰੀ ਮਿਲੀ ਹੈ ਕਿ ਪਹਿਲੀ ਜੂਨ ਤੋਂ ਘਰੇਲੂ ਉਡਾਣਾਂ ਦੀ ਗਿਣਤੀ 24 ਤੋਂ ਵਧਾ ਕੇ 32 ਕਰ ਦਿੱਤੀ ਜਾਵੇਗੀ। ਇਸ ਵੇਲੇ ਚੰਡੀਗੜ੍ਹ ਤੋਂ ਦਿੱਲੀ, ਮੁੰਬਈ, ਹੈਦਰਾਬਾਦ, ਬੰਗਲੁਰੂ, ਸ਼੍ਰੀਨਗਰ, ਲੇਹ-ਲਦਾਖ਼ ਅਤੇ ਜੰਮੂ ਲਈ ਜਹਾਜ਼ ਉਡਾਣਾਂ ਭਰ ਰਹੇ ਹਨ। ਹਵਾਈ ਅੱਡੇ ਦੇ ਲੋਕ ਸੰਪਰਕ ਅਫਸਰ ਦਿਪੇਸ਼ ਜੋਸ਼ੀ ਤੇ ਸੀਈਓ ਸੁਨੀਲ ਦੱਤ ਨੇ ਕਿਹਾ ਹੈ ਕਿ ਰਨਵੇਅ ਦਾ ਵਿਸਥਾਰ ਹੋਣ ਤੋਂ ਬਾਅਦ ਪੱਛਮੀ ਦੇਸ਼ਾਂ ਸਮੇਤ ਆਸਟ੍ਰੇਲੀਆ ਅਤੇ ਅਮਰੀਕਾ ਲਈ ਜਹਾਜ਼ ਉਡਾਣਾਂ ਭਰਨ ਲੱਗ ਪੈਣਗੇ।

## "ਅਸੀ ਜੰਗ ਚਾਹੁੰਦੇ ਹਾਂ"



ਅਸੀਂ ਗਾਂਧੀ ਦੇ ਚੇਲੇ ਨਹੀਂ ਬਨਣਾ ਚਾਹੁੰਦੇ
ਨਾ ਹੀ ਅਹਿੰਸਾ ਸਾਡਾ ਪਰਮੋ ਧਰਮ ਹੈ
ਬੰਦੇ ਨੂੰ ਪਸ਼ੂ ਸਮਝਣ ਵਾਲੀ ਸੰਸਕ੍ਰਿਤੀ ਵਿਚ
ਸਾਡਾ ਉੱਕਾ ਵਿਸ਼ਵਾਸ ਨਹੀਂ
ਮੇਜ ਦੁਆਲੇ ਬੈਠ ਰਸਗੁੱਲੇ ਛਕਦਿਆਂ
ਆਜ਼ਾਦੀ ਮੰਗਣ 'ਚ ਵੀ ਕੋਈ ਯਕੀਨ ਨਹੀਂ ।

ਅਸੀਂ ਤਾਂ ਜੰਗ ਚਾਹੁੰਦੇ ਹਾਂ
ਉਸ ਵਿਵਸਥਾ ਦੇ ਖ਼ਿਲਾਫ਼
ਜੋ ਸਾਨੂੰ ਭੁੱਖ ਨਾਲ ਵਿਲਕਦਿਆਂ ਵੇਖ ਆਖਦੀ ਹੈ
"ਵਰਤ ਰੱਖਣਾ ਸਿਹਤ ਲਈ ਚੰਗਾ ਹੁੰਦਾ ਹੈ "
ਕਿ "ਭੁੱਖੇ ਢਿੱਡ ਕਪਾਲ ਭਾਤੀ ਕਰਨ ਨਾਲ
ਸਾਰੇ ਰੋਗ ਟੁੱਟ ਜਾਂਦੇ ਹਨ"

ਅਸੀਂ ਤਾਂ ਜੰਗ ਚਾਹੁੰਦੇ ਹਾਂ
ਉਸ ਵਿਵਸਥਾ ਦੇ ਖਿਲਾਫ਼
ਜੋ ਸਾਡੀ ਗੁਰਬਤ ਦਾ ਕਾਰਨ ਦੱਸਦੀ ਹੈ,
"ਤੁਹਾਡੀ ਤਾਂ ਕਿਸਮਤ ਵਿੱਚ ਇਹੋ ਲਿਖਿਆ "
ਜੇ ਕੋਈ ਰੱਬ ਸਾਡੀ ਕਿਸਮਤ ਲਿਖ ਰਿਹਾ
ਤਾਂ ਉਸ ਰੱਬ ਦੇ ਖ਼ਿਲਾਫ਼
ਅਸੀਂ ਜੰਗ ਚਾਹੁੰਦੇ ਹਾਂ

ਅਸੀਂ ਜੰਗ ਚਾਹੁੰਦੇ ਹਾਂ
ਸਿਰਾਂ ਉੱਤੇ ਗੰਦ ਢੋਂਦੀਆਂ ਸਾਡੀਆਂ ਮਾਵਾਂ ਭੈਣਾਂ 'ਤੇ
ਕੱਸੇ ਜਾਂਦੇ ਭੱਦੇ ਫਿਕਰਿਆਂ ਖ਼ਿਲਾਫ਼
ਸ਼ਾਹਾਂ ਦੀਆਂ ਲੁੱਚੀਆਂ ਅੱਖਾਂ 'ਚ
ਪੱਸਰੀ ਹੋਈ ਵਹਿਸ਼ਤ ਖਿਲਾਫ਼
ਧੀਆਂ ਦੇ ਚਾਵਾਂ 'ਤੇ ਕੁੰਡਲੀ ਮਾਰੀ ਬੈਠੇ
ਨਾਗਾਂ ਦੀ ਦਹਿਸ਼ਤ ਖਿਲਾਫ਼

ਅਸੀਂ ਕਿਸੇ ਟਰੇਨ ਜਾਂ ਏਅਰ ਪੋਰਟ ਦਾ ਨਾਂ
ਆਪਣੀ ਮਰਜ਼ੀ ਦਾ ਨਹੀਂ ਰਖਵਾਉਣਾ ਚਾਹੁੰਦੇ
ਤੇ ਨਾ ਹੀ ਚੌਂਕ 'ਚ ਕਿਸੇ ਵਡੇਰੇ ਦਾ ਬੁੱਤ ਲਗਵਾ
ਉਪਰ ਪੱਥਰ ਮਰਵਾਉਣਾ ਚਾਹੁੰਦੇ ਹਾਂ
ਅਸੀਂ ਤਾਂ ਆਪਣੇ ਰਹਿਬਰਾਂ ਦੇ ਵਿਚਾਰਾਂ ਨੂੰ
ਹਵਾ ਵਿੱਚ ਲਿਖ ਦੇਣ ਦੇ ਹਾਮੀ ਹਾਂ

ਅਸੀਂ ਨਹੀਂ ਚਾਹੁੰਦੇ ਕਿ
ਸਿਆਲ ਆਉਣ 'ਤੇ ਸਾਡੀਆਂ ਜਨਾਨੀਆਂ ਨੂੰ
ਸਿਉਂਕ ਖਾਧੇ ਕੰਬਲ ਵੰਡ ਦਿਤੇ ਜਾਣ
ਤੇ ਭਰੇ ਬਾਜ਼ਾਰ ਉਡਾਇਆ ਜਾਏ
ਸਾਡੀ ਗਰੀਬੀ ਦਾ ਮਜ਼ਾਕ
ਅਸੀਂ ਤਾਂ ਜਾਨਣਾ ਚਾਹੁੰਦੇ ਹਾਂ ਕਿ
ਸਾਨੂੰ ਪਸ਼ੂਆਂ ਸਾਮਾਨ ਕਿਉਂ ਸਮਝਿਆ ਜਾਂਦਾ ?
ਕਿ ਸਾਡੇ ਮਨੁੱਖੀ ਜਾਮੇ ਵਿਚ ਰਹਿਣ 'ਤੇ
ਤੁਹਾਨੂੰ ਕੀ ਤਕਲੀਫ਼ ਹੈ ?

ਉਂਵ ਸਾਨੂੰ ਪਤਾ, ਇਹ ਸਭ ਤੁਹਾਡੀ
ਆਖੌਤੀ "ਧਰਮ ਨਿਰਪੱਖ" ਨੀਤੀ ਕਾਰਨ ਹੋ ਰਿਹਾ
ਕਿ ਤੁਹਾਡੀਆਂ ਕੁੱਝ ਪੋਥੀਆਂ ਸਾਨੂੰ
"ਤਾੜਨ ਕੇ ਅਧਿਕਾਰੀ" ਆਖਦਿਆਂ
ਜੁੱਤੀ ਹੇਠ ਰੱਖਣ ਦਾ ਉਪਦੇਸ਼ ਦਿੰਦੀਆਂ ਨੇ
ਤੇ ਅਸੀ ਕਬੀਰ ਦੇ ਵੰਸ਼ਜ
ਤੁਹਾਡੀ ਆਖੌਤੀ ਨੀਤੀ ਖਿਲਾਫ਼
ਜੰਗ ਚਾਹੁੰਦੇ ਹਾਂ
ਅਸੀਂ ਜੰਗ ਚਾਹੁੰਦੇ ਹਾਂ।

- ਗੁਰਮੀਤ ਕੜਿਆਲਵੀ

# ਮਜਦੂਰਾਂ ਲਈ ਮਜਦੂਰੀ ਦਿਵਸ ਪਰੰਤੂ ਬਹੁਤੇ ਨੇਤਾਵਾਂ ਅਤੇ ਅਧਿਕਾਰੀਆਂ ਲਈ ਮਸ਼ਹੂਰੀ ਦਿਵਸ ਬਣਦਾ ਜਾ ਰਿਹਾ ਹੈ



ਕੁਲਦੀਪ ਚੰਦ
91-94175-63054

01 ਮਈ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਜਿਸਨੂੰ ਮਈ ਦਿਵਸ ਵਜੋਂ ਜਾਣਿਆ ਜਾਂਦਾ ਹੈ, ਦੀ ਸ਼ੁਰੂਆਤ 04 ਮਈ 1886 ਨੂੰ ਸ਼ਿਕਾਗੋ ਵਿੱਚ ਉਸ ਸਮੇਂ ਹੋਈ ਸੀ, ਜਦੋਂ ਮਜ਼ਦੂਰਾਂ ਦੇ ਸ਼ੋਸ਼ਣ ਨੂੰ ਰੋਕਣ ਲਈ ਮਜਦੂਰ ਇਕੱਠੇ ਹੋਕੇ ਮੰਗ ਕਰ ਰਹੇ ਸਨ ਕਿ ਇੱਕ ਦਿਹਾੜੀ ਵਿੱਚ ਕੰਮ ਦੇ ਘੰਟੇ 8 ਘੰਟੇ ਹੋਣ ਅਤੇ ਹਫਤੇ ਵਿੱਚ ਇੱਕ ਦਿਨ ਦੀ ਛੁੱਟੀ ਹੋਵੇ। ਇਸ ਦੌਰਾਨ ਕਿਸੇ ਵਿਅਕਤੀ ਨੇ ਬੰਬ ਚਲਾ ਦਿੱਤਾ ਅਤੇ ਬਾਅਦ ਵਿੱਚ ਪੁਲਿਸ ਫਾਈਰਿੰਗ ਵਿੱਚ ਕੁਝ ਮਜ਼ਦੂਰਾਂ ਦੀ ਮੌਤ ਹੋ ਗਈ ਅਤੇ ਕੁਝ ਪੁਲਿਸ ਵਾਲੇ ਵੀ ਮਾਰੇ ਗਏ। ਇਸਤੋਂ ਬਾਅਦ 1889 ਵਿੱਚ ਪੈਰਿਸ ਵਿੱਚ ਅੰਤਰ-ਰਾਸ਼ਟਰੀ ਮਹਾਂਸਭਾ ਦੀ ਦੂਜੀ ਬੈਠਕ ਵਿੱਚ ਫਰੈਂਚ ਕ੍ਰਾਂਤੀ ਨੂੰ ਯਾਦ ਕਰਦੇ ਹੋਏ ਇੱਕ ਪ੍ਰਸਤਾਵ ਪਾਸ ਕੀਤਾ ਗਿਆ ਕਿ ਇਸਨੂੰ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਦੇ ਰੂਪ ਵਿੱਚ ਮਨਾਇਆ ਜਾਵੇ, ਉਸ ਸਮੇਂ ਤੋਂ ਹੀ ਦੁਨੀਆਂ ਦੇ 80 ਦੇਸ਼ਾਂ ਵਿੱਚ ਮਈ ਦਿਵਸ ਨੂੰ ਰਾਸ਼ਟਰੀ ਛੁੱਟੀ ਘੋਸ਼ਿਤ ਕੀਤਾ ਗਿਆ ਅਤੇ ਇਸਨੂੰ ਰਾਸ਼ਟਰ ਪੱਧਰ ਤੇ ਮਨਾਇਆ ਜਾਣ ਲੱਗ ਪਿਆ। ਇਸ ਸਾਲ ਅੰਤਰਰਾਸ਼ਟਰੀ ਮਜਦੂਰ ਦਿਵਸ ਦਾ ਮੁੱਖ ਵਿਸ਼ਾ ਹੈ ਸਮਾਜਿਕ ਅਤੇ ਆਰਥਿਕ ਤਰੱਕੀ ਲਈ ਮਜ਼ਦੂਰਾਂ ਨੂੰ ਸੰਗਠਿਤ ਕਰਨਾ ਹੈ। 1919 ਵਿੱਚ ਅੰਤਰਰਾਸ਼ਟਰੀ ਮਜਦੂਰ ਸੰਗਠਨ ਹੋਂਦ ਵਿੱਚ ਆ ਗਿਆ। ਇਸਦੇ ਲੱਗਭੱਗ 185 ਦੇਸ਼ ਮੈਂਬਰ ਹਨ ਅਤੇ ਇਸਨੂੰ 1969 ਵਿੱਚ ਨੋਬਲ ਸ਼ਾਂਤੀ ਸਨਮਾਨ ਨਾਲ ਸਨਮਾਨਿਤ ਕੀਤਾ ਗਿਆ ਹੈ। ਅੰਤਰਰਾਸ਼ਟਰੀ ਮਜਦੂਰ ਸੰਗਠਨ ਦੇ ਵੱਖ ਵੱਖ ਦੇਸ਼ਾਂ ਵਿੱਚ ਦਫਤਰ ਖੋਲੇ ਗਏ ਹਨ ਅਤੇ ਸਮੇਂ ਸਮੇਂ ਤੇ ਮਜ਼ਦੂਰਾਂ ਦੀਆਂ ਸਮੱਸਿਆਵਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਜਾਂਦਾ ਹੈ ਅਤੇ ਮਜਦੂਰਾਂ ਦੀ ਭਲਾਈ ਅਤੇ ਬਿਹਤਰੀ ਲਈ ਜਰੂਰੀ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ। ਭਾਰਤ ਵਿੱਚ 01 ਮਈ ਦਾ ਦਿਹਾੜਾ ਸਭ ਤੋਂ ਪਹਿਲਾਂ ਚੇਨਈ ਵਿੱਚ 01 ਮਈ 1923 ਨੂੰ ਮਨਾਉਣਾ ਸ਼ੁਰੂ ਕੀਤਾ ਗਿਆ ਸੀ। ਉਸ ਸਮੇਂ ਇਸ ਨੂੰ ਮਦਰਾਸ ਦਿਵਸ ਵਜੋਂ ਪ੍ਰਵਾਨਿਤ ਕਰ ਲਿਆ ਗਿਆ ਸੀ। ਇਸ ਦੀ ਸ਼ੁਰੂਆਤ ਭਾਰਤੀ ਮਜ਼ਦੂਰ ਕਿਸਾਨ ਪਾਰਟੀ ਦੇ ਨੇਤਾ ਕਾਮਰੇਡ ਸਿੰਗਰਾਵੇਲੂ ਚੇਟਿਆਰ ਨੇ ਕੀਤੀ ਸੀ। ਭਾਰਤ ਵਿੱਚ ਮਦਰਾਸ ਹਾਈਕੋਰਟ ਸਾਹਮਣੇ ਇੱਕ ਵੱਡਾ ਮੁਜ਼ਾਹਰਾ ਕਰਕੇ ਇੱਕ ਮਤਾ ਪਾਸ ਕਰਕੇ ਇਹ ਸਹਿਮਤੀ ਬਣਾਈ ਗਈ ਕਿ ਇਸ ਦਿਵਸ ਨੂੰ ਭਾਰਤ ਵਿੱਚ ਵੀ ਵਰਕਰਜ਼ ਦਿਵਸ ਵਜੋਂ ਮਨਾਇਆ ਜਾਵੇ ਅਤੇ ਇਸ ਦਿਨ ਛੁੱਟੀ ਦਾ ਐਲਾਨ ਕੀਤਾ ਜਾਵੇ। ਇਸਤੋਂ ਬਾਦ ਦੇਸ਼ ਦੇ ਵੱਖ ਵੱਖ ਸੂਬਿਆਂ ਵਿੱਚ 01 ਮਈ ਦਾ ਦਿਹਾੜਾ ਮਨਾਇਆ ਜਾਣ ਲੱਗ ਪਿਆ। ਸਮਾਜ, ਦੇਸ਼, ਸੰਸਥਾ ਅਤੇ ਉਦਯੋਗ ਨੂੰ ਚਲਾਉਣ ਵਿੱਚ ਮਜ਼ਦੂਰਾਂ ਦਾ ਅਹਿਮ ਰੋਲ ਹੁੰਦਾ ਹੈ ਅਤੇ ਹਰ ਉਦਯੋਗ ਦੀ ਕਾਮਯਾਬੀ ਲਈ ਮਾਲਕ, ਸਰਮਾਇਆ, ਕਾਮੇ ਅਤੇ ਸਰਕਾਰ ਅਹਿਮ ਧਿਰਾਂ ਹੁੰਦੀਆਂ ਹਨ। ਸਰਕਾਰ ਦੀ ਭੂਮਿਕਾ ਉਦਯੋਗਿਕ ਸ਼ਾਂਤੀ, ਉਦਯੋਗਪਤੀਆਂ ਅਤੇ ਮਜ਼ਦੂਰਾਂ ਦਰਮਿਆਨ ਸੁਖਾਵੇਂ, ਸ਼ਾਂਤਮਈ ਤੇ ਪਰਿਵਾਰਕ ਸਬੰਧ ਕਾਇਮ ਕਰਨਾ, ਝਗੜੇ ਤੇ ਟਕਰਾਅ ਦੀ ਸੂਰਤ ਵਿੱਚ ਉਨ੍ਹਾਂ ਦਾ ਸਮਝੌਤਾ ਅਤੇ ਸੁਲਾਹ ਕਰਵਾਉਣ ਦਾ ਪ੍ਰਬੰਧ ਕਰਨਾ ਅਤੇ ਉਨ੍ਹਾਂ ਦੇ ਮਸਲਿਆਂ ਨੂੰ ਉਦਯੋਗਿਕ ਟ੍ਰਿਬਿਊਨਲ ਕਾਇਮ ਕਰਕੇ ਨਿਰਪੱਖਤਾ ਤੇ ਪਾਰਦਰਸ਼ੀ ਢੰਗ ਨਾਲ ਕੁਦਰਤੀ ਨਿਆਂ ਦੇ ਅਸੂਲਾਂ ਦੇ ਸਿਧਾਂਤਾਂ ਅਨੁਸਾਰ ਇਨਸਾਫ਼ ਦਿਵਾਉਣਾ ਅਤੇ ਉਨ੍ਹਾਂ ਦੀ ਬਿਹਤਰੀ ਲਈ ਸਮੇਂ-ਸਮੇਂ ਸਿਰ ਕਾਨੂੰਨੀ ਅਤੇ ਜਾਬਤਾ ਪ੍ਰਣਾਲੀ ਨਿਰਧਾਰਤ ਕਰਨਾ ਹੈ।

ਹੁਣ ਮਜਦੂਰਾਂ ਦੀ ਭਲਾਈ ਹਰ ਸਰਕਾਰ ਅਤੇ ਰਾਜਨੀਤਿਕ ਪਾਰਟੀ ਲਈ ਵਿਸ਼ੇਸ਼ ਮੁੱਦਾ ਬਣ ਗਈ ਹੈ। ਪਹਿਲੇ ਸੰਸਾਰ ਯੁੱਧ ਅਤੇ ਦੂਜੇ ਸੰਸਾਰ ਯੁੱਧ ਦੋਰਾਨ ਸਾਰੇ ਮਜ਼ਦੂਰ ਸੰਗਠਨ ਅਤੇ ਇਸਦੇ ਨੇਤਾ ਆਪਣੇ ਦੇਸ਼ਾਂ ਦੇ ਝੰਡੇ ਹੇਠ ਇਕੱਠੇ ਹੋ ਗਏ ਅਤੇ ਪੱਛਮੀ ਦੇਸ਼ਾਂ ਵਿੱਚ ਕਲਿਆਣਕਾਰੀ ਰਾਜ ਆਇਆ ਅਤੇ ਮਈ ਦਿਵਸ ਦਾ ਪੁਨਰ ਜਾਗਰਣ ਹੋਇਆ। ਸੋਵੀਅਤ ਸੰਘ ਦੇ ਟੁੱਟਣ ਦੇ ਨਾਲ ਹੀ ਪੂੰਜੀਵਾਦ ਦਾ ਬਦਲਾਓ




ਗੁੰਮ ਹੋ ਗਿਆ ਹੈ। ਇਕੱਠੇ ਕੰਮ ਕਰਨਾ ਅਤੇ ਇੱਕ ਜਗ੍ਹਾ ਕੰਮ ਕਰਨਾ ਹੁਣ ਮਹਿਜ ਇੱਕ ਸੁਪਨਾ ਹੀ ਰਹਿ ਗਿਆ। ਤਕਨਾਲੋਜੀ ਨੇ ਲੋਕਾਂ ਦੀ ਜ਼ਰੂਰਤਾਂ ਨੂੰ ਘੱਟ ਕਰ ਦਿੱਤਾ ਹੈ ਜੋ ਕੰਮ ਪਹਿਲਾਂ 100 ਮਜ਼ਦੂਰ ਮਿਲਕੇ ਕਰਦੇ ਸੀ ਉਹ ਕੰਮ ਹੁਣ ਇੱਕ ਰੋਬੋਟ ਕਰ ਲੈਂਦਾ ਹੈ। ਭਾਰਤ ਵਿੱਚ ਚੀਨ ਤੋਂ ਬਾਦ ਸਭਤੋਂ ਵੱਧ ਕਾਮੇ ਹਨ, ਇਨ੍ਹਾਂ ਵਿਚੋਂ ਬਹੁਤੇ ਕਾਮੇ ਗੈਰ ਸੰਗਠਿਤ ਖੇਤਰ ਵਿੱਚ ਹੀ ਕੰਮ ਕਰਦੇ ਹਨ। ਸੰਗਠਿਤ ਖੇਤਰ ਵਿੱਚ ਕੰਮ ਕਰਨ ਵਾਲੇ ਕਾਮਿਆਂ ਦੇ ਹਿੱਤਾਂ ਦੀ ਸੁਰਖਿੱਆ ਲਈ ਵੱਖ ਵੱਖ ਯੂਨੀਅਨਾਂ ਕੰਮ ਕਰਦੀਆਂ ਹਨ ਜਿਸ ਕਾਰਨ ਸਰਕਾਰਾਂ ਤੇ ਦਬਾਓ ਬਣਿਆ ਰਹਿੰਦਾ ਹੈ ਪ੍ਰੰਤੂ ਗੈਰ ਸੰਗਠਿਤ ਖੇਤਰ ਦੇ ਬਹੁਤੇ ਮਜ਼ਦੂਰ ਸ਼ੋਸ਼ਣ ਦਾ ਹੀ ਸ਼ਿਕਾਰ ਰਹਿੰਦੇ ਹਨ। ਗੈਰ ਸੰਗਠਿਤ ਖੇਤਰ ਵਿੱਚ ਕੰਮ ਕਰਨ ਵਾਲੇ ਬਹੁਤੇ ਕਾਮੇ ਪ੍ਰਵਾਸੀ ਹੁੰਦੇ ਹਨ ਜਿਨ੍ਹਾਂ ਵਿਚੋਂ ਬਹੁਤੇ ਅਪਣੇ ਪਰਿਵਾਰਾਂ ਤੋਂ ਦੂਰ ਰਹਿੰਦੇ ਹਨ। ਦੇਸ਼ ਵਿੱਚ ਕਾਮਿਆਂ ਦੇ ਹੱਕਾਂ ਦੀ ਰਾਖੀ ਲਈ ਲੱਗਭੱਗ 60 ਹਜਾਰ ਟ੍ਰੇਡ ਯੂਨੀਅਨਾਂ ਚੱਲ ਰਹੀਆਂ ਹਨ ਅਤੇ ਟ੍ਰੇਡ ਯੂਨੀਅਨਾਂ ਦੀਆਂ 10 ਕੇਂਦਰੀ ਫੈਡਰੇਸ਼ਨਾਂ ਹਨ। ਬਹੁਤੀਆਂ ਯੂਨੀਅਨਾਂ ਸਿਰਫ ਸੰਗਠਿਤ ਖੇਤਰਾਂ ਦੇ ਕਾਮਿਆਂ ਲਈ ਹੀ ਕੰਮ ਕਰਦੀਆਂ ਹਨ ਜਦਕਿ ਗੈਰ ਸੰਗਠਿਤ ਖੇਤਰ ਦੇ ਬਹੁਤੇ ਮਜਦੂਰਾਂ ਲਈ ਕੋਈ ਵੀ ਯੂਨੀਅਨ ਕੰਮ ਨਹੀਂ ਕਰਦੀ ਹੈ। ਅੰਤਰਰਾਸਟਰੀ ਮਜ਼ਦੂਰ ਸੰਗਠਨ ਦੀ ਰਿਪੋਰਟ ਅਨੁਸਾਰ ਮਜ਼ਦੂਰਾਂ ਦੇ ਕੰਮ ਕਰਨ ਦੇ ਹਾਲਾਤ ਬਹੁਤ ਮਾੜੇ ਹਨ ਅਤੇ ਭਾਰਤ ਵਿੱਚ 2019 ਤੱਕ ਦੁਨੀਆਂ ਦੇ ਸਭਤੋਂ ਵੱਧ ਲੱਗਭੱਗ 77 ਫਿਸਦੀ ਕਾਮੇ ਮਾੜੇ ਹਾਲਤ ਵਿੱਚ ਕੰਮ ਕਰਨਗੇ। ਭਾਰਤੀ ਸੰਵਿਧਾਨ ਮਜ਼ਦੂਰਾਂ ਨੂੰ ਸ਼ੋਸ਼ਣ ਤੋਂ ਬਚਾਉਣ ਅਤੇ ਭਲਾਈ ਲਈ ਸਪੱਸ਼ਟ ਨਿਰਦੇਸ ਦਿੰਦਾ ਹੈ ਜਿਵੇਂ ਆਰਟੀਕਲ 23 ਜਬਰੀ ਮਜਦੂਰੀ ਨੂੰ ਰੋਕਦਾ ਹੈ, 24 ਬੱਚਿਆਂ ਨੂੰ ਕਈ ਥਾਵਾਂ ਤੇ ਕੰਮ ਕਰਨ ਤੇ ਪਾਬੰਦੀ ਲਗਾਂਦਾ ਹੈ। 42ਵੀਂ ਸੋਧ ਦੁਆਰਾ ਲਾਗੂ ਕੀਤੀ ਗਈ 43 ਏ ਨਿਰਦੇਸ ਦਿੰਦੀ ਹੈ ਕਿ ਉਦਯੋਗਾਂ ਦੇ ਪ੍ਰਬੰਧਕੀ ਕਮੇਟੀ ਵਿੱਚ ਕਾਮਿਆਂ ਨੂੰ ਵੀ ਸ਼ਾਮਿਲ ਕੀਤਾ ਜਾਵੇ। ਲੱਗਭੱਗ 144 ਕੇਂਦਰੀ ਅਤੇ ਰਾਜਾਂ ਦੇ ਕਨੂੰਨ ਮਜਦੂਰਾਂ ਦੀ ਭਲਾਈ ਲਈ ਬਣਾਏ ਗਏ ਹਨ। ਬੇਸ਼ਕ ਹਰ ਸਾਲ 01 ਮਈ ਦਾ ਦਿਨ ਅੰਤਰਰਾਸ਼ਟਰੀ ਮਜਦੂਰ ਦਿਵਸ ਵਜੋਂ ਮਨਾਇਆ ਜਾਂਦਾ ਹੈ ਅਤੇ ਵੱਖ-ਵੱਖ ਥਾਵਾਂ ਤੇ ਮਜ਼ਦੂਰਾਂ ਦੀ ਮਾੜ੍ਹੀ ਹਾਲਤ ਤੇ ਚਿੰਤਾ ਪ੍ਰਗਟ ਕੀਤੀ ਜਾਂਦੀ ਹੈ ਅਤੇ ਇਹਨਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਸਕੀਮਾਂ ਬਣਾਈਆਂ ਅਤੇ ਘੋਸ਼ਿਤ ਕੀਤੀਆਂ ਜਾਂਦੀਆਂ ਹਨ। ਗੈਰ ਸੰਗਠਤ ਖੇਤਰ ਹੋਟਲਾਂ, ਢਾਬਿਆਂ, ਖੇਤੀਬਾੜੀ, ਭੱਠਿਆਂ, ਸੜ੍ਹਕ ਅਤੇ ਬਿਲਡਿੰਗ ਨਿਰਮਾਣ, ਠੇਕੇਦਾਰਾਂ ਵਲੋਂ ਕਰਵਾਏ ਜਾ ਰਹੇ ਕੰਮ ਵਿੱਚ ਲੱਗੇ ਮਜਦੂਰਾਂ ਦੀ ਭਲਾਈ ਦੇ ਨਾਂ ਤੇ ਹਰ ਸਾਲ ਕਰੋੜ੍ਹਾਂ ਰੁਪਏ ਖਰਚੇ ਜਾਂਦੇ ਹਨ। ਸਰਕਾਰ ਵਲੋਂ ਮਹਿਲਾ ਮਜਦੂਰਾਂ, ਬਾਲ ਮਜਦੂਰਾਂ ਵੱਲ ਵਿਸ਼ੇਸ਼ ਧਿਆਨ ਦੇਣ ਦਾ ਦਾਅਵਾ ਕੀਤਾ ਜਾਂਦਾ ਹੈ ਅਤੇ ਇਹਨਾਂ ਦੇ ਵਿਕਾਸ ਲਈ ਸਕੀਮਾਂ ਬਣਾਈਆਂ ਜਾਂਦੀਆ ਹਨ ਪਰ ਇਹ ਸਕੀਮਾਂ ਕਾਗਜ਼ਾਂ ਵਿੱਚ ਹੀ ਰਹਿ ਜਾਂ-ਦੀਆਂ ਹਨ। ਸਰਕਾਰ ਵਲੋਂ ਕੀਤੇ ਜਾਂਦੇ ਵਾਅਦਿਆਂ ਵਿੱਚੋਂ ਬਹੁਤੇ ਸਿਰਫ ਵਾਅਦੇ ਹੀ ਰਹਿ ਜਾਂਦੇ ਹਨ ਅਤੇ ਮੁੜਕੇ ਬਹੁਤੇ ਰਾਜਨੀਤੀਵਾਨ ਅਤੇ ਅਧਿਕਾਰੀਆਂ ਨੂੰ ਇਨ੍ਹਾਂ ਮਜਦੂਰਾਂ ਦੀ ਯਾਦ ਨਹੀਂ ਆਂਦੀ ਹੈ। ਕੰਮ ਕਾਜ ਦੇ ਮਾੜੇ ਹਾਲਤਾਂ ਕਾਰਨ ਮਜਦੂਰਾਂ ਦੀ ਵਿਗੜਦੀ ਜਾ ਰਹੀ ਸਿਹਤ, ਮਜਦੂਰ ਭਲਾਈ ਵਿਭਾਗ ਦੇ ਅਧਿਕਾਰੀਆਂ ਦੀ ਲਾਪਰਵਾਹੀ ਕਾਰਨ ਹੋ ਰਹੀ ਲੁੱਟ ਖਸੁੱਟ, ਆਏ ਦਿਨ ਮਜਦੂਰਾਂ ਨਾਲ ਵਾਪਰ ਰਹੇ ਹਾਦਸੇ ਆਦਿ ਕਾਰਨ ਮਜ਼ਦੂਰਾਂ ਦੀ ਹਾਲਤ ਵਿਗੜਦੀ ਹੀ ਜਾ ਰਹੀ ਹੈ। ਸਰਕਾਰ ਵਲੋਂ ਸ਼ੁਰੂ ਕੀਤੀ ਗਈ ਪੇਂਡੂ ਮਜਦੂਰਾਂ ਲਈ ਮਹਾਤਮਾ ਗਾਂਧੀ ਰੁਜਗਾਰ ਗਰਾਂਟੀ ਯੋਜਨਾ ਵੀ ਬਹੂਤੇ ਅਧਿਕਾਰੀਆਂ ਅਤੇ ਰਾਜਨੀਤੀਵਾਨਾਂ ਦੀ ਮਿਲੀਭੁਗਤ ਕਾਰਨ ਮਜਦੂਰਾਂ ਨਾਲੋ ਅਧਿਕਾਰੀਆਂ ਲਈ ਵੱਧ ਲਾਭਦਾਇਕ ਸਾਬਿਤ ਹੋ ਰਹੀ ਹੈ। ਸਰਕਾਰ ਵਲੋਂ ਬਾਲ ਮਜ਼ਦੂਰਾਂ ਤੋਂ ਕਿਸੇ ਵੀ ਤਰਾਂ ਦੀ ਮਜ਼ਦੂਰੀ ਕਰਵਾਣਾ ਗੈਰ ਕਨੂੰਨੀ ਕਰਾਰ ਦਿਤਾ ਗਿਆ ਹੈ ਅਤੇ ਬਾਲ ਮਜ਼ਦੂਰੀ ਕਰਵਾਣ ਲਈ ਜ਼ਿੰਮੇਵਾਰ ਅਧਿਕਾਰੀਆਂ ਅਤੇ ਲੋਕਾਂ ਖਿਲਾਫ ਸਜ਼ਾ ਅਤੇ ਜ਼ੁਰਮਾਨਾ ਰੱਖਿਆ ਗਿਆ ਹੈ ਪਰ ਹੈਰਾਨੀ ਹੈ ਕਿ ਬਾਲ ਮਜ਼ਦੂਰਾਂ ਤੋਂ ਸ਼ਰੇਆਮ ਕੰਮ ਕਰਵਾਇਆ ਜਾ ਰਿਹਾ ਹੈ ਅਤੇ ਹਰ ਸ਼ਹਿਰ ਕਸਬੇ ਵਿੱਚ ਬੱਚਿਆਂ ਦਾ ਸ਼ੋਸ਼ਣ ਕੀਤਾ ਜਾ ਰਿਹਾ ਹੈ। ਮਜਦੂਰਾਂ ਨੂੰ ਜੋਖਿਮ ਭਰੇ ਕੰਮ ਕਰਨ ਕਾਰਨ ਕਈ ਤਰਾਂ ਦੀਆਂ ਬਿਮਾਰੀਆਂ ਵੀ ਲੱਗ ਚੁਕੀਆਂ ਹਨ ਪਰ ਮਾਲਕਾਂ ਵਲੋਂ ਇਹਨਾਂ ਤੋਂ ਸਿਰਫ ਕੰਮ ਲੈਣ ਤੱਕ ਹੀ ਮਤਲਬ ਰੱਖਿਆ ਜਾਦਾ ਹੈ। ਬੇਸੱਕ ਸਰਕਾਰ ਵਲੋਂ ਮਜਦੂਰਾਂ ਦੀ ਭਲਾਈ ਲਈ ਵੱਖ ਵੱਖ ਵਿਭਾਗ ਬਣਾਏ ਗਏ ਹਨ ਪਰ ਮਜਦੂਰਾਂ ਦੇ ਇਨਸਾਫ ਅਤੇ ਭਲਾਈ ਲਈ ਬਣਾਏ ਗਏ ਬੋਰਡ ਅਤੇ ਵਿਭਾਗ ਵੀ ਬਹੁਤੀ ਵਾਰ ਮਜ਼ਦੂਰਾਂ ਦੀ ਥਾਂ ਅਪਣੇ ਹੀ ਅਧਿਕਾਰੀਆਂ ਅਤੇ ਆਗੂਆਂ ਦਾ ਭਲਾ ਕਰਨ ਵਿੱਚ ਮਾਣ ਮਹਿਸੂਸ ਕਰਦੇ ਹਨ।

ਇਸ ਤਰਾਂ ਸਰਕਾਰਾਂ, ਮਜ਼ਦੂਰ ਯੂਨੀਅਨਾਂ, ਸਰਕਾਰੀ ਅਧਿਕਾਰੀਆਂ, ਰਾਜਨੀਤਿਕ ਪਾਰਟੀਆ ਵਲੋਂ ਕਰਵਾਏ ਜਾਂਦੇ ਵੱਡੇ ਵੱਡੇ ਸਮਾਗਮ ਸਿਰਫ ਖਾਨਾਪੂਰਤੀ ਹੀ ਲੱਗਦੇ ਹਨ। ਪਿਛਲੇ ਸਮੇਂ ਵੱਖ ਵੱਖ ਅਦਾਰਿਆਂ ਵਿੱਚ ਵਾਪਰੀਆਂ ਅਣਸੁਖਾਵੀਂ ਘਟਨਾਵਾਂ ਨੇ ਸਾਬਤ ਕਰ ਦਿਤਾ ਹੈ ਕਿ ਸਰਕਾਰ ਮਜਦੂਰਾਂ ਦੀ ਸੁਰਖਿਆ ਲਈ ਕਿੰਨੀ ਗੰਭੀਰ ਹੈ। ਗੈਰ ਸੰਗਠਿਤ ਖੇਤਰ ਵਿੱਚ ਕੰਮ ਕਰਦੇ ਕਰੋੜਾਂ ਮਜਦੂਰਾਂ ਨੂੰ ਅਜੇ ਤੱਕ 01 ਮਈ ਦੇ ਦਿਹਾੜ੍ਹੇ ਬਾਰੇ ਵੀ ਪੂਰੀ ਜਾਣਕਾਰੀ ਨਹੀਂ ਹੈ। ਇਨ੍ਹਾਂ ਮਜਦੂਰਾਂ ਲਈ 01 ਮਈ ਮਜਦੂਰ ਦਿਵਸ ਦਾ ਕਦੋਂ ਮਹੱਤਵ ਹੋਊਗਾ ਇਹ ਅਜੇ ਤੱਕ ਵੀ ਇੱਕ ਵੱਡੀ ਬੁਝਾਰਤ ਹੀ ਹੈ। 01 ਮਈ ਦਾ ਦਿਹਾੜਾ ਮਨਾਉਣ ਦਾ ਅਸਲੀ ਮਕਸਦ ਉਦੋਂ ਹੀ ਪੂਰਾ ਹੋਵੇਗਾ ਜਦੋਂ ਮਜਦੂਰਾਂ ਦੇ ਹੱਕ ਪੂਰੀ ਤਰਾਂ ਸੁਰਖਿਅਤ ਹੋਣਗੇ, ਉਨ੍ਹਾਂ ਦੀ ਹੋ ਰਹੀ ਲੁੱਟ ਖਸੁੱਟ ਬੰਦ ਹੋਵੇਗੀ।

# ਲੋਕਤੰਤਰ ਦੇ ਚੌਥੇ ਥੰਮ ਪ੍ਰੈੱਸ ਨੂੰ ਆਖਿਰ ਕਦੋਂ ਮਿਲੇਗੀ ਆਜ਼ਾਦੀ?



ਪ੍ਰਮੋਦ ਧੀਰ ਜੈਤੋ
91-98550-31081

ਪ੍ਰੈੱਸ ਦੀ ਆਜਾਦੀ ਦੇਸ਼ ਤੇ ਸਮਾਜ ਦੀ ਆਜ਼ਾਦੀ ਹੈ। ਇਸ ਲਈ ਪ੍ਰੈੱਸ ਦੀ ਅਜ਼ਾਦੀ ਬਹੁਤ ਜਰੂਰੀ ਹੈ। ਬਿਨਾਂ ਜ਼ਿੰਮੇਵਾਰੀ ਦੇ ਕਿਸੇ ਵੀ ਤਰ੍ਹਾਂ ਦੀ ਆਜ਼ਾਦੀ ਲਾਭਕਾਰੀ ਨਹੀਂ ਹੁੰਦੀ। ਮੀਡੀਆਂ ਦਾ ਕੰਮ ਜਨਤਾ ਦੀ ਅਵਾਜ਼ ਬਣਨਾ ਹੈ। ਜਨਤਾ ਦੀਆਂ ਮੁਸ਼ਕਲਾ ਨੂੰ ਉਜਾਗਰ ਕਰਨਾ ਹੈ। ਤਿੰਨ ਮਈ ਦਾ ਦਿਨ ਵਿਸ਼ਵ ਪ੍ਰੈੱਸ ਦਿਵਸ ਅਤੇ ਵਿਸ਼ਵ ਪ੍ਰੈੱਸ ਆਜ਼ਾਦੀ ਦਿਵਸ ਦੇ ਤੌਰ ਤੇ ਮਨਾਇਆ ਜਾਂਦਾ ਹੈ। ਸੰਨ 1993 ਵਿੱਚ ਸੰਯੁਕਤ ਰਾਸ਼ਟਰ ਨੇ 3 ਮਈ ਨੂੰ ਪ੍ਰੈੱਸ ਆਜ਼ਾਦੀ ਦਿਵਸ਼ ਐਲਾਨਿਆ ਸੀ।

ਭਾਰਤ ਨੂੰ ਆਜ਼ਾਦ ਕਰਾਉਣ ਵਿੱਚ ਪ੍ਰੈਸ ਨੇ ਅਹਿਮ ਭੂਮਿਕਾ ਨਿਭਾਈ ਸੀ। ਸਹੀ ਪੱਤਰਕਾਰ ਦੀ ਸੋਚ ਹਮੇਸ਼ਾ ਇਹੀ ਰਾਗ ਅਲਾਪਦੀ ਹੈ "ਸਿਰ ਜਾਏ ਤਾਂ ਜਾਏ ਪਰ ਫਰਜ਼ ਨਾ ਜਾਏ"। ਪਰ ਅੱਜ ਕੱਲ ਸੱਚ ਦਾ ਸਾਥ ਦੇਣ ਵਾਲੇ ਪੱਤਰਕਾਰਾਂ 'ਤੇ ਹੋ ਰਹੇ ਹਮਲੇ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ ਜਿਸ ਕਾਰਣ ਪੱਤਰਕਾਰ ਵਿੱਚ ਵੀ ਸਹਿਮ ਦਾ ਮਾਹੌਲ ਹੈ। ਸਰਕਾਰ ਨੂੰ ਪੱਤਰਕਾਰਾਂ ਨੂੰ ਸੁਰੱਖਿਆ ਮਹੱਈਆ ਕਰਵਾਉਣੀ ਚਾਹੀਦੀ ਹੈ ਤਾਂ ਕਿ ਉਹ ਨਿੱਡਰ ਹੋ ਕੇ ਸੱਚ ਲੋਕਾਂ ਸਾਹਮਣੇ ਲਿਆ ਸਕਣ। ਮੀਡੀਆ ਸਰਕਾਰਾਂ ਨੂੰ ਉਹਨਾਂ ਦੀਆਂ ਪ੍ਰਾਪਤੀਆਂ ਤੇ ਟੀਚਿਆਂ ਤੋ ਇਲਾਵਾਂ ਉਹਨ੍ਹਾਂ ਦੀਆਂ ਕਮੀਆਂ ਤੋ ਵੀ ਜਾਣੂ ਕਰਵਾਉਦਾ ਹੈ। ਅਜੋਕੇ ਸਮੇਂ 'ਚ ਮਜਬੂਰੀ ਵੱਸ ਮੀਡੀਆਂ ਵੱਲੋਂ ਆਪਣੀ ਜ਼ਿੰਮੇਵਾਰੀ ਸਹੀ ਢੰਗ ਨਾਲ ਨਹੀਂ ਨਿਭਾਈ ਜਾ ਰਹੀ।

ਪੱਤਰਕਾਰਾਂ ਨੂੰ ਅਖਬਾਰਾਂ ਦੇ ਅਦਾਰਿਆਂ ਵੱਲੋਂ ਕੋਈ ਵੀ ਮਿਹਨਤਾਨਾ ਨਹੀਂ ਦਿੱਤਾ ਜਾਂਦਾ ਸਿਰਫ ਕੁਝ ਕੁ ਅਖਬਾਰਾਂ 'ਤੇ ਚੈਨਲਾਂ ਵੱਲੋਂ ਬਿਲਕੁਲ ਨਾਂ ਮਾਤਰ ਭੱਤਾ ਦਿੱਤਾ ਜਾਂਦਾ ਹੈ ਜਿਸ ਕਾਰਣ ਪੱਤਰਕਾਰਾਂ ਦਾ ਗੁਜਾਰਾ ਕਰਨਾ ਤੇ ਪਰਿਵਾਰ ਦਾ ਪਾਲਣ ਪੋਸ਼ਣ ਕਰਨਾ ਬਹੁਤ ਹੀ ਮੁਸ਼ਕਲ ਹੈ। ਉਲਟਾ ਅਦਾਰਿਆਂ ਵੱਲੋਂ ਪੱਤਰਕਾਰਾਂ ਨੂੰ ਵੱਧ ਤੋਂ ਵੱਧ ਸਪਲੀਮੈਂਟ ਕੱਢਣ ਲਈ ਮਜ਼ਬੂਰ ਕੀਤਾ ਜਾਂਦਾ ਹੈ ਅਤੇ ਸਰਕੁਲੇਸ਼ਨ ਵਧਾਉਣ ਲਈ ਜ਼ੋਰ ਪਾਇਆ ਜਾਂਦਾ ਹੈ। ਹੁਣ ਪੱਤਰਕਾਰਾਂ ਨੂੰ ਸਪਲੀਮੈਂਟ ਵੀ ਉਹੀ ਲੋਕ, ਸੰਸਥਾਵਾਂ, ਰਾਜਨੀਤਿਕ, ਵਪਾਰਕ ਅਦਾਰੇ, ਅਫਸਰ ਆਦਿ ਦਿੰਦੇ ਹਨ ਜਿੰਨਾਂ ਨੇ ਪੱਤਰਕਾਰਾਂ ਤੋਂ ਆਪਣੇ ਹੱਕ ਵਿੱਚ ਖਬਰਾਂ ਲਗਾਉਣੀਆਂ ਹੁੰਦੀਆਂ ਹਨ।

ਜੇਕਰ ਪੱਤਰਕਾਰ ਕੋਲ ਕਿਸੇ ਦੇ ਖਿਲਾਫ ਖਬਰ ਆ ਵੀ ਜਾਵੇ ਤਾਂ ਉਸ ਦੀ ਮਜਬੂਰੀ ਬਣ ਜਾਂਦੀ ਹੈ ਖਬਰ ਰੋਕਣ ਲਈ ਕਿਉਂਕਿ ਉਸਨੇ ਉਸੇ ਆਸਾਮੀ ਤੋਂ ਸਪਲੀਮੈਂਟ ਲਿਆ ਹੁੰਦਾ ਹੈ ਜਾਂ ਲੈਣਾ ਹੁੰਦਾ ਹੈ। ਇਹਨਾਂ ਸਮੱਸਿਆਵਾਂ ਦੇ ਹੱਲ ਲਈ ਅਤੇ ਪ੍ਰੈੱਸ ਦੀ ਆਜ਼ਾਦੀ ਲਈ ਸਰਕਾਰ ਨੂੰ ਇਸ ਤਰਾਂ ਦੇ ਨਿਯਮ ਬਣਾਉਣੇ ਚਾਹੀਦੇ ਹਨ ਕਿ ਹਰ ਇੱਕ ਪੱਤਰਕਾਰ ਨੂੰ ਸਰਕਾਰੀ ਮੁਲਾਜ਼ਮਾ ਵਾਂਗ ਪੂਰੀਆਂ ਤਨਖਾਹਾਂ ਦਿੱਤੀਆਂ ਅਤੇ ਬਣਦੀਆਂ ਸਹੂਲਤਾਂ ਦਿੱਤੀਆਂ ਜਾਣ। ਕਿਉਂਕਿ ਪੱਤਰਕਾਰ ਲੋਕਤੰਤਰ ਦਾ ਚੌਥਾ ਥੰਮ ਗਿਣੇ ਜਾਂਦੇ ਹਨ। ਅਖਬਾਰਾਂ ਅਤੇ ਚੈਨਲਾਂ ਦੇ ਅਦਾਰਿਆਂ ਨੂੰ ਵੀ ਚਾਹੀਦਾ ਹੈ ਕਿ ਪੱਤਰਕਾਰਾਂ ਨੂੰ ਸਪਲੀਮੈਂਟ ਕੱਢਣ ਜਾਂ ਸਰਕੁਲੇਸ਼ਨ ਵਧਾਉਣ ਲਈ ਕਹਿਣ ਦੀ ਬਜਾਏ ਹੋਰ ਨਵੇਂ ਮੁਲਾਜ਼ਮਾਂ ਨੂੰ ਇਹਨਾਂ ਕੰਮਾਂ ਲਈ ਭਰਤੀ ਕੀਤਾ ਜਾਵੇ ਤਾਂ ਕਿ ਪੱਤਰਕਾਰ ਤਨਾਅ ਮੁਕਤ ਅਤੇ ਨਿੱਡਰ ਹੋ ਕੇ ਖਬਰਾਂ ਲਗਾ ਸਕਣ ਅਤੇ ਪ੍ਰੈੱਸ ਦੀ ਆਜ਼ਾਦੀ ਨੂੰ ਬਹਾਲ ਕੀਤਾ ਜਾ ਸਕੇ।

## ਹਾਣੀਆਂ ਦੀ ਗੱਲ

ਮਦਨ ਬੰਗੜ 91 95015 -75511



ਮੈਂ ਤਾਂ ਲਿਖਦਾ ਹਾਂ ਸਦਾ ਪੰਜਾਂ ਪਾਣੀਆਂ ਦੀ ਗੱਲ
ਜਿਹੜੇ ਰੁਲਦੇ ਹਾਲਾਤਾਂ ਵਿੱਚ ਹਾਣੀਆਂ ਦੀ ਗੱਲ।

ਸਾਡੇ ਨਾਲ ਬੀਤੀਆਂ ਜੋ ਕਿਨੂੰ ਦੱਸੀਏ ਕਹਾਣੀਆਂ
ਕੋਈ ਛੇੜਦਾ ਹੀ ਨਹੀਂ ਉਹ ਕਹਾਣੀਆਂ ਦੀ ਗੱਲ।

ਇੱਥੇ ਘਪਲੇ ਘੁਟਾਲਿਆਂ ਦੀ ਗੱਲ ਤੁਰੀ ਰਹਿੰਦੀ
ਕੋਈ ਕਰਦਾ ਨਹੀਂ ਹੋਈਆਂ ਵੰਡਾਂ ਕਾਣੀਆਂ ਦੀ ਗੱਲ।

ਕੱਚੇ ਕੋਠਿਆਂ ਦੀ ਯਾਦ ਮੇਰੇ ਚੇਤਿਆਂ ਚ ਰਹਿੰਦੀ
ਤਦੇ ਲਿਖਦਾ ਹਾਂ ਮੱਖਣ ਮਧਾਣੀਆਂ ਦੀ ਗੱਲ।

ਫੇਸਬੁੱਕ ਤੇ ਮੋਬਾਈਲਾਂ ਪੀੜ੍ਹੀ ਅੱਜ ਦੀ ਹੈ ਪੱਟੀ
ਕੋਈ ਜਾਣਦਾ ਨਾ ਰਾਜੇ ਅਤੇ ਰਾਣੀਆਂ ਦੀ ਗੱਲ।

ਨਾ ਉਹ ਬੋਹੜਾਂ ਨਾ ਹੀ ਬਾਬੇ ਨਾ ਰਹੇ ਉਹ ਹਾਲਾਤ
ਮੈਨੂੰ ਚੇਤੇ ਇੱਕ ਇੱਕ ਉਨ੍ਹਾਂ ਢਾਣੀਆਂ ਦੀ ਗੱਲ।

ਖੁੱਲ੍ਹੀ ਛੱਤ ਨੰਗੇ ਪਿੰਡੇ ਕੱਟੇ ਦਿਨ ਅਤੇ ਰਾਤਾਂ
ਧੁੱਪਾਂ ਕਿੰਨੀਆਂ ਹੰਢਾਈਆਂ ਅਤੇ ਮਾਣੀਆਂ ਦੀ ਗੱਲ।

ਕੋਈ ਆਖਦਾ ਹੈ ਅੱਗ ਕੋਈ ਲਿਖਦਾ ਮਸ਼ੂਕ
ਕੋਈ ਲਿਖਦਾ ਨਾ ਧੀਆਂ ਤੇ ਧਿਆਣੀਆਂ ਦੀ ਗੱਲ।

ਮੈਂ ਤਾਂ ਲਿਖਦਾ ਹਾਂ ਸਦਾ ਪੰਜਾਂ ਪਾਣੀਆਂ ਦੀ ਗੱਲ
ਜਿਹੜੇ ਰੁਲਦੇ ਹਾਲਾਤਾਂ ਵਿੱਚ ਹਾਣੀਆਂ ਦੀ ਗੱਲ।

## ਸਮਾਂ

ਬੰਦਿਆ ਨਾ ਕਰ ਤੂੰ ਮਨਆਈਆਂ
ਰੱਬ ਤੇ ਮੌਤ ਤੋਂ ਡਰਿਆ ਕਰ ਬੰਦਿਆ।
ਨਾ ਕਰ ਅਹੰਕਾਰ ਤੂੰ ਇਸ ਦੇਹੀ ਦਾ
ਸਮੇਂ ਦਾ ਨਹੀਂ ਪਾਇਆ ਭੇਤ ਕਿਸੇ ਨੇ।
ਸਮਾਂ ਨਹੀਂ ਕਿਸੇ ਦਾ ਮਿੱਤਰ
ਰਾਜੇ ਮੰਗਦੇ ਭੀਖ ਦੇਖੇ ਨੇ।
ਸਮਾਂ ਭਿਖਾਰੀਆਂ ਨੂੰ ਬਣਾਵੇ ਰਾਜੇ
ਸਮਾਂ ਬਣਾਵੇ ਕੱਖਾਂ ਤੋਂ ਲੱਖਾਂ 'ਤੇ।
ਫਰਸ਼ਾਂ ਤੋਂ ਪਹੁੰਚਾਵੇ ਅਰਸ਼ਾਂ ਤੱਕ
ਕੌਣ ਜਾਣਦਾ।
ਕਦੋਂ ਹਾਸਿਆਂ ਦੀ ਥਾਂ ਮੱਲ ਲੈਂਣੀ ਹੰਝੂਆਂ ਨੇ
ਕੋਈ ਪਤਾ ਨਹੀਂ ਕਦੋਂ ਖੁਸ਼ੀਆਂ।
ਬਦਲ ਜਾਣੀਆਂ ਗਮੀਆਂ ਵਿਚ
ਪਤਾ ਨਹੀਂ ਕਦੋਂ।
ਮੱਥੇ ਦੀਆਂ ਲਿਖੀਆਂ ਤੱਕਦੀਰਾਂ ਨੂੰ
ਲੱਗ ਜਾਣਾ ਗ੍ਰਹਿਣ
ਨਾ ਕਰ ਮਾਣ ਤੂੰ ਬੰਦਿਆ ਇਸ ਦੇਹੀ ਦਾ।
ਸਮੇਂ ਦਾ ਨਹੀਂ ਪਾਇਆ ਭੇਤ ਕਿਸੇ ਨੇ
ਬੰਦਿਆ ਨਾ ਕਰ ਅਹੰਕਾਰ ਤੂੰ ਇਸ ਦੇਹੀ ਦਾ।
ਸਮਾਂ ਫੁੱਲਾਂ ਦੀ ਸੇਜ ਵੀ ਹੈ ਤੇ ਕੰਡਿਆਂ ਦੀ ਵਾੜ ਵੀ
ਸਮਾਂ ਬਹਾਰ ਵੀ ਹੈ, ਸਮਾਂ ਖਿਜ਼ਾ ਵੀ।
ਇਹ ਜ਼ਿੰਦਗੀ ਹੈ ਚਾਰ ਦਿਨ ਕੀ, ਕੱਲ੍ਹ ਅਜਿਹਾ ਕਾਰਜ ਕਰਜਾ
ਜਿਸ ਨਾਲ ਤੇਰੇ ਜਾਣ ਮਗਰੌਂ
ਦੁਨੀਆਂ ਤੈਨੂੰ ਯਾਦ ਕਰੇ
ਤੂੰ ਹੱਸੇ ਤੇ ਦੁਨੀਆਂ ਰੋਵੇ।



- ਮਾਸਟਰ ਨਿਰਮਲ ਸਿੰਘ ਲਾਲੀ
530-777-0955

# ਦੁਆਬੇ 'ਚ ਅੰਬੀਆਂ ਦੇ ਦੇਸ਼ ਦਾ ਰਸਿਆ ਸੰਧੂਰੀ ਅੰਬ ਸੀ ਸ.ਦਿਲਬਾਗ ਸਿੰਘ

## ਵਾਰਿਸ ਭਰਾਵਾਂ ਦੇ ਪਿਤਾ ਸਵਰਗੀ ਦਿਲਬਾਗ ਸਿੰਘ ਨਾਲ਼ ਗੁਜ਼ਾਰੇ ਪਲਾਂ ਦੀ ਯਾਦ



ਰੇਸ਼ਮ ਕਰਨਾਣਵੀ
91-98158-80104

14 ਮਈ 2012 ਦੀ ਗੱਲ ਹੈ ਮੈਂ ਤੇ ਮੇਰਾ ਦੋਸਤ ਸਰਬਜੀਤ ਵਿਦੇਸ਼ੋਂ ਆਏ ਉਸ ਦੇ ਦੋਸਤ ਨੂੰ ਮਿਲਣ ਮਾਹਿਲਪੁਰ ਗਏ ਪਰ ਉਹ ਦਿੱਤੇ ਸਮੇਂ ਤੋਂ ਕਈ ਘੰਟੇ ਹੀ ਲੇਟ ਹੋ ਗਿਆ, ਇਸ ਦੌਰਾਨ ਅਮਰੀਕਾ ਵਿੱਚ ਅੰਬੇ-ਦਕਰ ਟਾਈਮਜ਼ ਅਤੇ ਦੇਸ਼ ਦੁਆਬਾ ਦੇ ਮੁੱਖ ਸੰਪਾਦਕ ਪ੍ਰੇਮ ਕੁਮਾਰ ਚੁੰਬਰ ਦਾ ਫੋਨ ਆ ਗਿਆ, ਜਦੋਂ ਸਾਡੇ ਮਾਹਿਲਪੁਰ ਹੋਣ ਦਾ ਦੱਸਿਆ ਤਾਂ ਉਨ੍ਹਾਂ ਨੇ ਲਾਗਲੇ ਪਿੰਡ ਹੱਲੂਵਾਲ ਦੇ ਆਪਣੇ ਪੁਰਾਣੇ ਦੋਸਤਾਂ ਨੂੰ ਯਾਦ ਕੀਤਾ ਤੇ ਕਿਹਾ ਕਿ ਜੇਕਰ ਸਮਾਂ ਹੈ ਤਾਂ ਉਨ੍ਹਾਂ ਨੂੰ ਮਿਲ ਆਓ, ਨਾਮ ਪਤਾ ਦੱਸਿਆ ਤਾਂ ਅਸੀਂ ਉਨ੍ਹਾਂ ਦੇ ਘਰ ਚਲੇ ਗਏ, ਜਾਣ ਪਛਾਣ ਕਰਵਾਈ ਤਾਂ ਉਨ੍ਹਾਂ ਨੇ ਆਪਣੇ ਵੱਡੇ ਭਰਾ ਨੂੰ ਨਾਲ਼ ਬੈਠ ਕੇ ਚੁੰਬਰ ਸਾਹਿਬ ਨਾਲ਼ ਪੁਰਾਣੀਆਂ ਯਾਦਾਂ ਛੇੜ ਲਈਆਂ ਤੇ ਫਿਰ ਅਮਰੀਕਾ ਤੋਂ ਆਏ ਫੋਨ ਤੇ ਰੱਜ ਕੇ ਗੱਲਾਂ ਕੀਤੀਆਂ।ਉੱਥੇ ਹੀ ਸਾਡੇ ਮਨ ਵਿੱਚ ਵਾਰਸ ਭਰਾਵਾਂ ਦੇ ਘਰ ਜਾਣ ਦਾ ਵਿਚਾਰ ਆਇਆ ਕਿ ਆਏ ਹਾਂ ਤੇ ਉਨ੍ਹਾਂ ਦੇ ਘਰ ਹੀ ਜਾ ਆਈਏ। ਉੱਥੋਂ ਪੁੱਛਣ ਤੇ ਪਤਾ ਲੱਗਿਆ ਕਿ ਮਨਮੋਹਨ ਵਾਰਿਸ, ਸੰਗਤਾਰ ਅਤੇ ਕਮਲ ਹੀਰ ਦੇ ਪਿਤਾ ਸ.ਦਿਲਬਾਗ ਸਿੰਘ ਇੱਕਲੇ ਹੀ ਪਿੰਡ ਰਹਿੰਦੇ ਹਨ। ਅਸੀਂ ਸਿਖਰ ਦੁਪਹਿਰੇ ਪਿੰਡ ਦੀ ਬਾਹਰਵਾਰ ਫਿਰਨੀ ਦੇ ਖੂੰਜੇ ਤੇ ਵੱਡੀ ਹਵੇਲੀ ਦਾ ਝਕਦਿਆਂ ਨੇ ਗੇਟ ਖੜਕਾ ਦਿੱਤਾ ਅੰਦਰੋਂ ਆਏ ਬਜ਼ੁਰਗ ਨੇ ਗੇਟ ਖੋਲ੍ਹਿਆ, ਅਸੀਂ ਆਪਣੀ ਜਾਣ ਪਛਾਣ ਕਰਵਾਈ ਤਾਂ ਬਿਨਾਂ ਕਿਸੇ ਝਿਜਕ ਦੇ ਅੰਦਰ ਬੁਲਾ ਲਿਆ ਤੇ ਦੱਸਿਆ ਕਿ ਉਹ ਹੀ ਵਾਰਿਸ ਭਰਾਵਾਂ ਦੇ ਪਿਤਾ ਹਨ।

ਸਾਦਗੀ ਦੀ ਮੂਰਤ, ਪੇਂਡੂ ਸਧਾਰਨਤਾ, ਸਾਦਾ ਪਹਿਰਾਵਾ, ਮਸਤ ਮੌਲਾ ਅਤੇ ਫੱਕਰ ਸੁਭਾਅ ਵਾਲੇ ਦਿਲਬਾਗ ਸਿੰਘ ਹੋਰਾਂ ਨੂੰ ਮਿਲ ਕੇ ਆਪਣਾ ਪਣ ਮਹਿਸੂਸ ਹੋਇਆ, ਕੋਈ ਰਸਮੀ ਜਿਹੀ ਮਹਿਮਾਨ ਨਿਵਾਜ਼ੀ ਨਹੀਂ ਲੱਗੀ, ਖੁੱਲ੍ਹੀਆਂ ਗੱਲਾਂ ਹੋਈਆਂ ਜਿਵੇਂ ਜਿਵੇਂ ਗੱਲ ਤੁਰਦੀ ਗਈ ਰੌਚਕ ਹੁੰਦੀ ਗਈ।ਗੀਤਾਂ ਦੀਆਂ, ਗੀਤਕਾਰਾਂ ਦੀਆਂ, ਗਾਇਕਾਂ ਅਤੇ ਸਰੋਤਿਆਂ ਦੀਆਂ ਗੱਲਾਂ ਹੋਈਆਂ। ਅਜੋਕੀ ਗਾਇਕੀ ਦੀਆਂ ਗੱਲਾਂ ਹੋਈਆਂ,ਜਿਨ੍ਹਾਂ ਵਿੱਚ ਦੇਬੀ ਮਖ਼ਸੂਸ ਪੁਰੀ, ਸਾਡੇ ਗੁਆਂਢੀ ਪਿੰਡ ਜਸਵੀਰ ਗੁਣਾਚੌਰੀਆ, ਦਵਿੰਦਰ ਖੰਨੇ ਵਾਲੇ ਦੇ ਗੀਤਾਂ ਦੀਆਂ ਗੱਲਾਂ ਹੋਈਆਂ, ਗੀਤਕਾਰੀ ਦੀਆਂ ਖੂਬੀਆਂ ਤੇ ਕਮੀਆਂ ਦੀਆਂ ਗੱਲਾਂ ਦਿਲਬਾਗ ਸਿੰਘ ਹੋਰੀਂ ਬੜੀ ਬੇਬਾਕੀ ਨਾਲ਼ ਕੀਤੀਆਂ। ਢਾਡੀ ਅਮਰ ਸਿੰਘ ਸ਼ੌਂਕੀ ਦੀਆਂ ਗੱਲਾਂ ਕੀਤੀਆਂ ਉਨ੍ਹਾਂ ਦੇ ਗੀਤਾਂ, ਵਾਰਾਂ, ਕਲੀਆਂ ਦੇ ਮੁੱਖੜੇ ਸੁਣਾਏ।ਵਰਿਸ ਸ਼ਾਹ ਦੀ ਹੀਰ ਦੇ ਛੰਦ ਜ਼ੁਬਾਨੀ ਸੁਣਾਏ। ਆਪਣੇ ਕੁਦਰਤ ਦੀ ਗੋਦ ਦੇ ਨਿੱਘ ਅਤੇ ਫੁੱਲਾਂ ਬੂਟਿਆਂ ਨਾਲ਼ ਪਿਆਰ ਦੇ ਆਨੰਦ ਦੀ ਗਾਥਾ ਸੁਣਾਈ। ਜਿਸ ਦੇ ਮੋਹ ਨੇ ਦਿਲਬਾਗ ਸਿੰਘ ਨੂੰ ਕਨੇਡਾ ਤੋਂ ਫਿਰ ਆਪਣੇ ਦੇਸ਼ ਦੁਆਬੇ ਵਿੱਚ ਖਿੱਚ ਲਿਆਂਦਾ। ਮਨਮੋਹਨ ਵਾਰਿਸ, ਕਮਲ ਹੀਰ ਅਤੇ ਸੰਗਤਾਰ ਦੇ ਪਿਤਾ ਦਿਲਬਾਗ ਸਿੰਘ ਦੀ ਹਰ ਗੱਲ ਚੋਂ ਉਨ੍ਹਾਂ ਦੀ ਜ਼ਿੰਦਗੀ ਦੀ ਘਾਲਣਾ, ਅਣਥੱਕ ਸੰਘਰਸ਼ ਦੀ ਹੀ ਝਲਕ ਪੈਂਦੀ ਸੀ। ਗੱਲਬਾਤ ਕਰਦਿਆਂ ਹੱਥ ਤੇ ਹੱਥ ਮਾਰ ਕੇ ਠਹਾਕੇ ਨਾਲ਼ ਹੱਸਦਿਆਂ ਉਨ੍ਹਾਂ ਭਾਰੇ ਹੱਥਾਂ ਦੀ ਤਾੜੀ ਦੇ ਖੜਾਕ ਚੋਂ ਹੱਥੀਂ ਕੀਤੀ ਮਿਹਨਤ ਦੀ ਝਲਕ ਪੈਂਦੀ, ਮਜ਼ਬੂਤ ਉਂਗਲਾਂ ਦੀਆਂ ਪੋਰਾਂ, ਗੱਠਾਂ ਉਨ੍ਹਾਂ ਦੀ ਜ਼ਿੰਦਗੀ ਦੀ ਮਜ਼ਬੂਤੀ ਦਾ ਸਬੂਤ ਦਿੰਦੀ ਸੀ। ਵਾਰਿਸ ਭਰਾਵਾਂ ਦੀ ਗਾਇਕੀ ਵਿੱਚ ਵਿਸ਼ਵ ਪ੍ਰਸਿੱਧੀ ਦੇ ਮਹਿਲ ਦੀਆਂ ਨੀਂਹਾਂ ਦੀ ਮਜ਼ਬੂਤੀ ਪਿਤਾ ਸ. ਦਿਲਬਾਗ ਸਿੰਘ ਦੀ ਜ਼ਿੰਦਗੀ ਦੀ ਕਾਵਿਕ ਅਤੇ ਸੰਗੀਤਕ ਕਿਰਤ ਦਾ ਹਾਸਿਲ ਹੈ। ਸ.ਦਿਲਬਾਗ ਸਿੰਘ ਦਾ ਜਨਮ ਰੌਲ਼ਿਆਂ ਤੋਂ ਬਾਰਾਂ ਸਾਲ ਪਹਿਲਾਂ 1935 ਦਾ ਹੈ ਤੇ 1952 ਵਿੱਚ ਦਸਵੀਂ ਪਾਸ ਕਰਕੇ ਨੌਕਰੀ ਨਹੀਂ ਕੀਤੀ ਸਗੋਂ ਖੇਤੀਬਾੜੀ ਕੀਤੀ।ਸੰਗੀਤ ਦੇ ਸ਼ੌਕ ਕਰਕੇ 12 ਸਾਲ ਦੀ ਉਮਰ ਵਿੱਚ ਦੋ ਤਾਰਾ ਵਜਾਉਣਾ ਸਿੱਖਿਆ ਤੇ ਵੈਂਜੋ ਵਜਾਉਣ ਵਿੱਚ ਮੁਹਾਰਤ ਹਾਸਲ ਕੀਤੀ।ਉਨ੍ਹਾਂ ਨੇ ਆਪਣੀ ਜੀਵਨ ਸਾਥਣਗੁਰਬਖ਼ਸ਼ ਕੌਰ ਦੇ ਸੁੱਘੜ ਸਾਥ ਨਾਲ਼ ਬੱਚਿਆਂ ਨੂੰ ਪੜ੍ਹਾ ਲਿਖਾ ਕੇ ਕਾਬਲ ਬਣਾਇਆ, ਸੰਗੀਤ ਦੀ ਗੁੜ੍ਹਤੀ ਦਿੱਤੀ, ਜਿਸ ਦੀ ਮਿਠਾਸ ਦਾ ਅਸਰ ਪੰਜਾਬੀ ਗਾਇਕੀ ਚ ਖਾਸ ਮੁਕਾਮ ਹਾਸਿਲ ਮਨਮੋਹਨ ਵਾਰਿਸ, ਕਮਲ ਹੀਰ ਅਤੇ ਸੰਗਤਾਰ ਦੀ ਗਾਇਕੀ ਵਿੱਚ ਮਹਿਸੂਸ ਹੁੰਦਾ ਹੈ।

ਪਹਿਲੇ ਸਮਿਆਂ ਦੀ ਕੀਤੀ ਪੜ੍ਹਾਈ ਦਾ ਅਸਰ ਉਨ੍ਹਾਂ ਦੀ ਵਿਦਵਤਾ ਚੋਂ ਸਾਫ਼ ਨਜ਼ਰ ਆਉਂਦਾ।ਹੁਣ ਦੇ ਸਮੇਂ ਦੀਆਂ ਸਮਾਜਿਕ ਖੂਬੀਆਂ ਕਮੀਆਂ ਦੀ ਵੀ ਬਾਰੀਕੀ ਨਾਲ਼ ਘੋਖ, ਨਿਰਖ਼ ਪਰਖ਼ ਉਨ੍ਹਾਂ ਦੇ ਜ਼ਿੰਦਗੀ ਦੇ ਤਜ਼ਰਬੇ ਦਾ ਹਾਸਲ ਲੱਗੀ।ਹਰ ਖੇਤਰ ਦੀ, ਨਵੀਆਂ ਪੁਰਾਣੀਆਂ ਫਿਲਮਾਂ ਦੀ ਜਾਣਕ-ਾਰੀ ਹੈ ਵਡਮੁੱਲੀ ਲੱਗੀ। ਉਨ੍ਹਾਂ ਨੇ ਹਵੇਲੀ ਦਾ ਹਰ ਕਮਰਾ ਬੜੇ ਚਾਅ ਨਾਲ਼ ਦਿਖਾਇਆ ਜਿਸ ਵਿੱਚ ਹੈਰਾਨ ਕਰਨ ਵਾਲੀਆਂ ਗੱਲਾਂ ਵੀ ਲੱਗੀਆਂ,ਉਨ੍ਹਾਂ ਨੇ ਆਪਣੀ ਸੁੱਖ ਸਹੂਲਤ ਵਾਲਾ ਮਨਮੌਜ਼ੀ ਸੰਸਾਰ ਦਿਖਾਇਆ,ਜਿੱਥੇ ਮਰਜ਼ੀ ਬੈਠ ਜਾਓ, ਜਾਹ ਤਾਂ ਕਿਤੇ ਗਰਮੀ ਮਹਿਸੂਸ ਹੋ ਜਾਏ, ਹਰ ਢੁੱਕਵੀਂ ਥਾਂ ਪੱਖੇ, ਕੂਲਰ ਲੱਗੇ ਹੋਏ ਸੀ, ਹੱਸਦਿਆਂ ਹੱਸਦਿਆਂ ਅਲਮਾਰੀ ਦੇ ਉਹਲੇ ਚ ਲੱਗਾ ਏ.ਸੀ. ਵੀ ਦਿਖਾਇਆ, ਆਪਣੀ ਅੱਠਵੀਂ ਜਮਾਤ ਦੀ ਉਰਦੂ ਵੀ ਸਜਿਲਦ ਕਰਕੇ ਸਾਂਭੀ ਕਿਤਾਬ ਵੀ ਦਿਖਾਈ। ਉਨ੍ਹਾਂ ਦਾ ਸੰਜੀਦਾ ਉਰਦੂ,ਫਾਰਸੀ ਸ਼ਾਇਰੀ ਨਾਲ਼ ਲਗਾਓ ਦਾ ਭੇਤ ਵੀ ਲੱਗਾ। ਪੰਜਾਬੀ ਕਵਿਤਾ ਵਿੱਚ ਪ੍ਰੋਫੈਸਰ ਮੋਹਨ ਸਿੰਘ ਦੀ ਕਿਤਾਬ "ਸਾਵੇ ਪੱਤਰ" ਨਾਲ਼ ਅਥਾਹ ਮੋਹ ਪਿਆਰ ਝਲਕਿਆ ਜੋ ਉਨ੍ਹਾਂ ਦੀ ਸਭ ਤੋਂ ਵੱਧ ਪਸੰਦੀਦਾ ਕਿਤਾਬ ਸੀ। ਸ. ਦਿਲਬਾਗ ਸਿੰਘ ਦਾ ਪ੍ਰੋ. ਮੋਹਨ ਸਿੰਘ ਦੀ ਕਵਿਤਾ ਨਾਲ਼ ਏਨਾ ਪਿਆਰ ਕਿ ਉਨ੍ਹਾਂ ਦੀਆਂ ਕਵਿਤਾਵਾਂ ਦੇ ਬੰਦ ਹੂ ਬ ਹੂ ਅੰਗਰੇਜ਼ੀ ਵਿੱਚ ਅਨੁਵਾਦ ਕੀਤੇ ਹੋਏ ਸਨ, ਉਹ ਵੀ ਕਵਿਤਾ ਰੂਪ ਵਿੱਚ। ਉਨ੍ਹਾਂ ਦੀ ਇਹ ਖ਼ੂਬੀ ਕਿ ਕਿਸੇ ਕਵਿਤਾ ਦਾ ਸਿਰਫ ਅੰਗਰੇਜ਼ੀ ਅਨੁਵਾਦ ਹੀ ਨਹੀਂ ਕਰਨਾ ਸਗੋਂ ਉਸ ਨੂੰ ਅੰਗਰੇਜ਼ੀ ਕਵਿਤਾ ਵਿੱਚ ਢਾਲ਼ ਦੇਣ ਦੀ ਮੁਹਾਰਤ ਦਿਲਬਾਗ ਸਿੰਘ ਹੋਰਾਂ ਕੋਲ਼ ਪਹਿਲੀ ਵਾਰ ਦੇਖੀ ਸੁਣੀ।ਇੱਕ ਫਾਰਸੀ ਦੇ ਸ਼ੇਅਰ ਦਾ ਅੰਗਰੇਜ਼ੀ ਕਵਿਤਾ ਵਿੱਚ ਤਰਜ਼ਮਾ ਕੀਤਾ ਹੋਇਆ ਉਨ੍ਹਾਂ ਨੇ ਕਮਰੇ ਦੀ ਕੰਧ ਤੇ ਚਿਪਕਾਇਆ ਹੋਇਆ ਸੀ ਜੋ ਇਸ ਤਰ੍ਹਾਂ ਸੀ :

ਵਾਹਿਦ ਖ਼ੁਦਾ  ਹਕੀਕਤ ਹਾਸ਼ਤੀ।
ਆਲਮ ਫ਼ਨਾਹ ਸ਼ਕਸਤ ਫਾਸ਼ਤੀ।
Nature is omnipotent to repeat.
Creature is fatal to defeat.

ਹੋਰ ਬਹੁਤ ਸਾਰੀਆਂ ਕਵਿਤਾਵਾਂ ਦਾ ਇਸ ਤਰ੍ਹਾਂ ਦਾ ਅਨੁਵਾਦ ਅਤੇ ਪਰਮਾਤਮਾ ਨੂੰ ਪ੍ਰੀਭਾਸ਼ਤ ਕਰਨ ਵਾਲੀ ਅੰਗਰੇਜ਼ੀ ਕਵਿਤਾ ਸੁਣਾਈ। ਉਨ੍ਹਾਂ ਨੇ ਪੰਜਾਬੀ, ਉਰਦੂ ਅਤੇ ਅੰਗਰੇਜ਼ੀ ਭਾਸ਼ਾ ਦੀਆਂ ਕਵਿਤਾਵਾਂ ਲਿਖੀਆਂ ਅਤੇ ਗੀਤ ਲਿਖੇ ਹਨ।ਆਪਣੇ ਰੰਗ'ਚ ਹੀਰ, ਮਿਰਜ਼ਾ ਸਾਹਿਬਾ ਦੇ ਬੋਲ ਲਿਖੇ ਹਨ। ਇਸ ਦੌਰਾਨ ਰੌਅ ਵਿੱਚ ਆ ਕੇ ਉਨ੍ਹਾਂ ਨੇ ਆਪਣੀ ਵੈਂਜੋ ਦੀਆਂ ਸੰਗੀਤਕ ਧੁਨਾਂ ਨਾਲ਼ ਅਮਰ ਸਿੰਘ ਸ਼ੌਂਕੀ ਦੀਆਂ ਕਲੀਆਂ ਛੇੜੀਆਂ, ਮਿਰਜ਼ਾ ਸਾਹਿਬਾ ਹੀਰ ਦੇ ਛੰਦਾਂ ਦੀਆਂ ਲਹਿਰਾਂ ਉਠਾਲ਼ੀਆਂ, ਕਮਲ ਹੀਰ ਦੇ ਗੀਤ ਨੱਚਣੇ ਨੂੰ ਕਰੇ ਮੇਰਾ ਜੀਅ, ਦਾ ਸੰਗੀਤ ਸੁਣਾਇਆ, ਲੋਕ ਬੋਲੀਆਂ 'ਚ ਇੱਕ ਮਜ਼ਾਹੀਆ ਬੋਲੀ ਇਹ ਸੁਣਾਈ :

ਜੇ ਮੁੰਡਿਆ ਵੇ ਤੂੰ ਗਿੱਧਾ ਪੁਆਉਣਾ,
ਜੇ ਮੁੰਡਿਆ ਵੇ ਤੂੰ ਗਿੱਧਾ ਪੁਆਉਣਾ,
ਝਾਂਜਰਾਂ ਲਿਆ ਦੇ ਭੈਣ ਦੀਆਂ,
ਚੁਬਾਰੇ ਮੰਜਾ ਡਾਹ ਲੈ ਧਮਕਾਂ ਪੈਣਗੀਆਂ।

ਤੇ ਨਾਲ਼ ਹੀ ਹੱਥ ਤੇ ਹੱਥ ਮਾਰ ਕੇ ਹੱਸਦੇ ਕਹਿੰਦੇ,"ਕਹੀਂ ਤਾਂ ਆਪਣੇ ਗੁਣਾਚੌਰੀਏ ਨੂੰ ਇੱਦਾਂ ਧਮਕਾਂ ਪਾ ਕੇ ਦਿਖਾਵੇ।"

ਸ. ਦਿਲਬਾਗ ਸਿੰਘ ਨੇ ਆਪਣੇ ਜੀਵਨ ਦੇ ਤਜ਼ਰਬੇ ਤੋਂ ਪ੍ਰਾਪਤ ਗਿਆਨ ਦੀ ਗੱਲ ਆਪਣੀਆਂ ਕਵਿਤਾਵਾਂ, ਗੀਤਾਂ ਵਿੱਚ ਕੀਤੀ ਹੈ। ਉਨ੍ਹਾਂ ਦੀ ਲਿਖਤਾਂ ਵਿੱਚੋਂ ਕੁਝ ਕੁ ਸਤਰਾਂ ਸਾਂਝੀਆਂ ਕਰਦੇ ਹਾਂ:

ਕੌਣ ਲੰਘੀ ਮੇਰੇ ਬਾਗ਼ 'ਚੋਂ ਜੀਹਨੂੰ ਦੇਖ ਕੇ ਸੰਧੂਰੀ ਹੋਈਆਂ ਅੰਬੀਆਂ।
ਕੌਣ ਲੰਘੀ ਮੇਰੇ ਬਾਗ਼'ਚੋਂ ਜੀਹਦੇ ਰੂਪ'ਚ ਹਵਾਵਾਂ ਗਈਆਂ ਰੰਗੀਆਂ।

ਮਾਹੀ ਤੁਰ ਗਿਆ ਲਾਮਾਂ ਨੂੰ ਜਾ ਕੇ ਚਿੱਠੀਆਂ ਮੂਲ ਨਾ ਪਾਈਆਂ।
ਮੈਨੂੰ ਚਰਖ਼ਾ ਕੱਤਦੀ ਨੂੰ ਯਾਦਾਂ ਵਿੱਛੜੇ ਸੱਜਣ ਦੀਆਂ ਆਈਆਂ।

ਜੋ ਹੱਕ ਕਿਸੇ ਦਾ ਲੁੱਟਦੇ ਨੇ।
ਉਹ ਜੜ੍ਹ ਆਪਣੀ ਹੀ ਪੁੱਟਦੇ ਨੇ।

ਹਰ ਕਿਸੇ ਗੁਲਾਮੀ ਤੋਂ, ਹੋ ਗਿਆ ਦਿਲਬਾਗ ਅਜ਼ਾਦ।
ਹੁਣ ਹਰ ਵੇਲੇ  ਗਾਉਂਦਾ ਏ, ਇਨਕਲਾਬ ਜ਼ਿੰਦਾਬਾਦ।

ਸ਼ਹਿਜ਼ਾਦੀ ਡਾਇਨਾ ਦੀ ਮੌਤ ਤੇ ਉਸ ਦੇ ਬੱਚਿਆਂ ਪ੍ਰਿੰਸ ਅਤੇ ਹੈਰੀ ਦਾ ਦਰਦ ਉਨ੍ਹਾਂ ਲਿਖਿਆ:

ਮੰਮੀ ਮੰਮੀ ਕਰਦੇ ਹੱਸਦੇ ਸੀ ਤਕਦੀਰਾਂ ਗੋਦ ਚੋਂ ਚੁੱਕ ਗਈਆਂ।
ਦੋ ਫੁੱਲ ਖਿੜੇ ਕੁਮਲਾ ਗਏ ਜਦੋਂ ਨਾਜ਼ੁਕ ਡਾਲੀਆਂ ਸੁੱਕ ਗਈਆਂ।

ਹੀਰਾ ਜਨਮ ਗੁਆ ਦਿੱਤਾ ਮੰਦਰਾਂ ਵਿੱਚ ਮੱਥੇ ਘਸਾ ਕੇ।
ਸੱਚ ਦਾ 'ਬਾਗ਼ ਸੁਕਾ ਦਿੱਤਾ ਨਫ਼ਰਤ ਦੀ ਅੱਗ ਮਚਾ ਕੇ।

ਸ਼ਬਦ ਗਾਵਣ ਆਈਆਂ ਇੰਦਰਪੁਰੀ ਤੋਂ ਪਰੀਆਂ।
ਵੇਲਾਂ ਧਰਮ ਦੀਆਂ ਵਿੱਚ ਦਰਗਾਹ ਦੇ ਹਰੀਆਂ।

ਜੇ ਤੂੰ ਏਂ 'ਦਿਲਬਾਗ' ਤਾਂ ਦਿਲਗੀਰ ਨਾ ਹੋ ਜਾਈਂ।
ਰਾਂਝੇ ਵਾਂਗੂੰ ਟਿੱਲੇ ਨਾਥ ਦੇ ਜਾ ਫਕੀਰ ਨਾ ਹੋ ਜਾਈਂ।

ਕੱਟ ਸ਼ੌਕ ਨਾਲ਼ ਦਿਨ ਚਾਰ, ਬਹਿਕੇ ਵਿੱਚ ਹਵੇਲੀ ਦੇ।
ਸਭ ਛੱਡ ਕੇ ਝੂਠੇ ਝੇੜੇ,ਦੁਨੀਆਂ ਮਤਲਬ ਦੀ ਚੇਲੀ ਦੇ।

ਬੜੇ ਹੀ ਸ਼ੌਕ ਨਾਲ਼ ਅਤੇ ਕੁਦਰਤੀ ਨਜ਼ਾਰਿਆਂ ਦੇ ਨੇੜੇ 1976 ਵਿੱਚ ਉਸਾਰੀ ਹਵੇਲੀ ਵਿੱਚ ਸ਼ੌਕ ਨਾਲ਼ ਚਾਰ ਦਿਨ ਕੱਟ ਕੇ ਇੱਕ ਵਿਲੱਖਣ ਸਖ਼ਸ਼ 25 ਅਪ੍ਰੈਲ 2018 ਨੂੰ ਆਪਣੇ ਪਿੱਛੇ ਘੁੱਗ ਵਸਦਾ ਪਰਿਵਾਰ ਛੱਡ ਕੇ ਫ਼ਾਨੀ ਸੰਸਾਰ ਤੋਂ ਰੁਖ਼ਸਤ ਹੋ ਗਏ। ਜਿਨ੍ਹਾਂ ਨੂੰ ਹਮੇਸ਼ਾਂ ਸਤਿਕਾਰ ਨਾਲ਼ ਯਾਦ ਕੀਤਾ ਜਾਂਦਾ ਰਹੇਗਾ।







---

# ਸ਼ਬਦਾਂ ਦੀ ਸ਼ਕਤੀ

(ਸਫਾ 6 ਦੀ ਬਾਕੀ)

ਪਿੰਡ ਦੇ ਇੱਕ ਬਜ਼ੁਰਗ ਨੇ ਇੱਕ ਵਾਰ ਮੈਨੂੰ ਦੱਸਿਆ ਇੱਕ ਦੁਕਾਨਦਾਰ ਦੇ ਘਰ ਵਿੱਚ ਕੁਝ ਕਮਰਿਆਂ ਵਿੱਚ ਰੂੰ ਭਰੀ ਹੋਈ ਸੀ। ਉਸਦੇ ਤਾਜੇ ਵਿਆਹੇ ਪੁੱਤ ਦੀ ਘਰਵਾਲੀ ਆਪਣੇ ਪਤੀ ਤੋਂ ਪੁੱਛਣ ਲੱਗੀ ਕਿ 'ਇਹ ਰੂੰ ਕਿਉਂ ਰੱਖੀ ਹੈ?' ਤਾਂ ਉਸਨੇ ਮਜ਼ਾਕ ਵਿੱਚ ਕਹਿ ਦਿੱਤਾ। "ਇਹ ਤੂੰ ਕੱਤਣੀ ਹੈ।" ਬੱਸ ਇਹ ਗੱਲ ਉਸ ਦੇ ਦਿਮਾਗ ਤੇ ਅਸਰ ਕਰ ਗਈ। ਉਹ ਹਰ ਵੇਲੇ ਇਹ ਹੀ ਕਿਹਾ ਕਰੇ "ਮੈਂ ਐਨੀ ਰੂੰ ਕਿਵੇਂ ਕੱਤੂ?" ਮਾਪਿਆਂ ਤੋਂ ਕੁੜੀ ਦੀ ਹਾਲਤ ਜਰ ਨਾ ਹੋਈ, ਉਹ ਉਸਨੂੰ ਆਪਣੇ ਪਿੰਡ ਲੈ ਆਏ। ਇੱਕ ਗੁਆਂਢੀ ਨੇ ਜਦੋਂ ਇਸ ਕੁੜੀ ਦੀ ਹਾਲਤ ਬਾਰੇ ਸੁਣਿਆ ਤਾਂ ਉਹ ਘਰਦਿਆਂ ਨੂੰ ਕਹਿਣ ਲੱਗਿਆ "ਮੈਂ ਤੁਹਾਡੀ ਕੁੜੀ ਨੂੰ ਠੀਕ ਕਰ ਸਕਦਾ ਹਾਂ" ਤੇ ਘਰ ਵਾਲੇ ਉਸਨੂੰ ਕੁੜੀ ਕੋਲ ਲੈ ਗਏ। ਉਹ ਕੁੜੀ ਨੂੰ ਕਹਿਣ ਲੱਗਿਆ, "ਕੱਲ ਮੈਂ ਤੇਰੇ ਸਹੁਰੇ ਪਿੰਡ ਗਿਆ ਸੀ ਉਥੇ ਤਾਂ ਤੁਹਾਡੇ ਘਰ ਨੂੰ ਅੱਗ ਲੱਗ ਗਈ।" ਕੁੜੀ ਪੁੱਛਣ ਲੱਗੀ "ਰੂੰ ਵੀ ਮੱਚ ਗਈ ਹੈ? ਉਸਨੇ ਕਿਹਾ "ਉਹ ਵੀ ਰਾਖ ਹੋ ਗਈ ਹੈ।" ਬੱਸ ਇਹ ਕਹਿਣ ਦੀ ਦੇਰ ਸੀ ਕਿ ਕੁੜੀ ਠੀਕ ਹੋ ਗਈ।

ਇਸੇ ਤਰ੍ਹਾਂ ਦੀ ਇੱਕ ਘਟਨਾ ਸਾਡੀ ਤਰਕਸ਼ੀਲ ਲਹਿਰ ਦੇ ਇਤਿਹਾਸ ਵਿੱਚ ਵਾਪਰ ਚੁੱਕੀ ਹੈ। ਬਠਿੰਡੇ ਹਾਜੀ ਰਤਨ ਗੁਰਦੁਆਰੇ ਦੇ ਨਾਲ ਵਾਲੇ ਘਰ ਦੀ ਗੱਲ ਹੈ ਕਿ ਘਰ ਵਾਲਾ ਜਦੋਂ ਬੰਦੂਕ ਖਰੀਦ ਕੇ ਆਪਣੇ ਘਰ ਲੈ ਕੇ ਆਇਆ ਤਾਂ ਉਸਦੀ ਪਤਨੀ ਪੁੱਛਣ ਲੱਗੀ ਕਿ "ਤੁਸੀਂ ਬੰਦੂਕ ਕਿਉਂ ਖਰੀਦ ਲਿਆਏ ਹੋ?" ਤਾਂ ਉਹ ਕਹਿਣ ਲੱਗਿਆ "ਬੰਦੂਕਾਂ ਘਰ ਵਿੱਚ ਆਈਆਂ ਮਾੜੀਆਂ ਹੀ ਹੁੰਦੀਆਂ ਹਨ ਜਾਂ ਤਾਂ ਇਸ ਨਾਲ ਕੋਈ ਮੈਨੂੰ ਮਾਰਦੂ ਜਾਂ ਮੈਂ ਕਿਸੇ ਨੂੰ ਮਾਰ ਕੇ ਅੰਦਰ ਹੋ ਜੂ।" ਬੱਸ ਇਹ ਕਹਿਣ ਦੀ ਦੇਰ ਸੀ ਕਿ ਘਰ ਵਿੱਚ ਘਟਨਾਵਾਂ ਵਾਪਰਨ ਦਾ ਸਿਲਸਿਲਾ ਸ਼ੁਰੂ ਹੋ ਗਿਆ। ਜਦੋਂ ਵੀ ਉਸਦੇ ਪਤੀ ਦੁਆਰਾ ਬੰਦੂਕ ਬਾਰੇ ਆਖੀ ਹੋਈ ਗੱਲ ਉਸ ਇਸਤਰੀ ਦੇ ਦਿਮਾਗ ਵਿੱਚ ਆਉਂਦੀ ਤਾਂ ਘਰ ਵਿੱਚ ਕਿਤੇ ਨਾ ਕਿਤੇ ਅੱਗ ਲੱਗ ਜਾਂਦੀ।

ਸੋ ਮਿਠਾਸ ਨਾਲ ਕਹੇ ਸ਼ਬਦ ਦਾਰੂ ਵੀ ਹੋ ਜਾਂਦੇ ਨੇ ਤੇ ਕੌੜੇ ਸ਼ਬਦ ਡੰਗ ਵੀ ਮਾਰ ਜਾਂਦੇ ਨੇ। ਸ਼ਬਦਾਂ ਰਾਹੀ ਰੋਗਾਂ ਦਾ ਇਲਾਜ ਇੱਕ ਧੰਦਾ ਹੀ ਹੈ ਇਸ ਤੋਂ ਵੱਧ ਕੁਝ ਵੀ ਨਹੀਂ।

ਮਿਨੀਸੋਟਾ ਦਾ ਇੱਕ ਡਾਕਟਰ ਨਿਲੋਨ ਆਪਣੀ ਕਿਤਾਬ ਵਿੱਚ ਲਿਖਦਾ ਹੈ ਕਿ 1970 ਵਿੱਚ ਉਸਨੇ ਪਾਦਰੀ ਕੁਲ-ਮੈਨ ਤੋਂ ਠੀਕ ਹੋਣ ਦੇ ਦਾਅਵੇ ਕੀਤੇ ਹੋਏ 25 ਵਿਅਕਤੀਆਂ ਦੀ ਲਿਸਟ ਲਈ। ਇੱਕ ਇਸਤਰੀ ਜਿਸਨੂੰ ਫੇਫੜੇ ਦੇ ਕੈਂਸਰ ਹੋਣ ਦੀ ਬਿਮਾਰੀ ਦਰਸਾਈ ਗਈ ਸੀ ਉਸ ਨੂੰ ਤਾਂ ਇਹ ਬਿਮਾਰੀ ਹੈ ਹੀ ਨਹੀਂ ਸੀ। ਇੱਕ ਰੀੜ ਦੀ ਹੱਡੀ ਦੇ ਮਰੀਜ ਨੂੰ ਠੀਕ ਹੋਣ ਕਰਕੇ ਬੈਲਟ ਉਤਾਰਨ ਦਾ ਸੁਝਾਅ ਦੇ ਦਿੱਤਾ ਗਿਆ। ਦੂਸਰੇ ਦਿਨ ਉਸਦੀ ਰੀੜ ਦੀ ਹੱਡੀ ਟੁੱਟ ਗਈ। ਚਾਰ ਮਹੀਨੇ ਬਾਅਦ ਉਸਦੀ ਮੌਤ ਹੋ ਗਈ।


ਸੋ ਬੀਜ ਮੰਤਰਾਂ ਰਾਹੀ ਇਲਾਜ ਕਰਨ ਵਾਲਿਆਂ ਦੇ ਦਾਅਵਿਆਂ ਦੀ ਪੜਤਾਲ ਕਰਨ ਦੀ ਲੋੜ ਹੈ। ਜੇ ਉਨ੍ਹਾਂ ਦੇ ਦਾਅਵੇ ਸੱਚੇ ਨੇ ਤਾਂ ਹਸਪਤਾਲਾਂ ਨੂੰ ਉਨ੍ਹਾਂ ਦੇ ਸਪੁਰਦ ਕਰ ਦੇਣਾ ਚਾਹੀਦਾ ਹੈ। ਜੇ ਉਹ ਆਪਣੇ ਕੀਤੇ ਦਾਅਵਿਆਂ ਤੇ ਪੂਰੇ ਨਹੀਂ ਉਤਰਦੇ ਤਾਂ ਉਨ੍ਹਾਂ ਦੀ ਥਾਂ ਜੇਲਾਂ ਵਿੱਚ ਹੋਣੀ ਚਾਹੀਦੀ ਹੈ।

ਅੰਤ ਵਿੱਚ ਮੈਂ ਆਪਣੇ ਲੋਕਾਂ ਨੂੰ ਇਹੋ ਹੀ ਸਲਾਹ ਦੇਵਾਗਾਂ ਕਿ 1935 ਵਿੱਚ ਭਾਰਤ ਵਿੱਚ ਔਸਤ ਉਮਰ 35 ਸਾਲ ਸੀ। ਬੀਜ ਮੰਤਰ ਉਦੋਂ ਵੀ ਸਨ ਪਰ ਜੇ ਅੱਜ ਇਹ ਭਾਰਤ ਵਿੱਚ ਹੀ 68 ਸਾਲ ਹੋ ਚੁੱਕੀ ਹੈ, ਇਹ ਕਿਸੇ ਵੀ ਬੀਜ ਮੰਤਰਾਂ ਨੇ ਨਹੀਂ ਕੀਤੀ ਸਗੋਂ ਆਧੁਨਿਕ ਡਾਕਟਰੀ ਉਪਚਾਰਾਂ ਨੇ ਕੀਤੀ ਹੈ। ਚੇਚਕ, ਟੀ. ਵੀ., ਪੋਲੀਓ ਵਰਗੀਆਂ ਬਿਮਾਰੀਆਂ ਜੇ ਅੱਜ ਕਾਬੂ ਵਿੱਚ ਆਈਆਂ ਹਨ ਤਾਂ ਇਹ ਕਿਸੇ ਬੀਜ ਮੰਤਰ ਕਰਕੇ ਨਹੀਂ ਸਗੋਂ ਨਵੀਨਤਮ ਡਾਕਟਰੀ ਖੋਜਾਂ ਕਰਕੇ ਹੋਈਆਂ ਹਨ।

ਧਰਤੀ ਤੇ ਮੌਜੂਦ ਕੁਝ ਵਿਅਕਤੀ ਇਤਿਹਾਸ ਦਾ ਪਹੀਆ ਪਿੱਛੇ ਨੂੰ ਮੋੜਨ ਲਈ ਯਤਨਸ਼ੀਲ ਹਨ। ਹਾਲਾਂਕਿ ਉਹ ਇਹ ਜਾਣਦੇ ਹਨ ਕਿ ਜੇ ਉਨ੍ਹਾਂ ਨੂੰ ਪੁਰਾਤਨ ਯੁੱਗਾਂ ਵਾਲੀਆਂ ਹਾਲਤਾਂ ਵਿਚ ਜੀਵਨ ਬਸਰ ਕਰਨ ਲਈ ਕਿਹਾ ਜਾਵੇ ਤਾਂ ਉਹ ਹੁਣੇ ਹੀ ਹੱਥ ਖੜੇ ਕਰ ਜਾਣਗੇ। ਪਰ ਫਿਰ ਵੀ ਬੀਤਿਆ ਯੁੱਗ ਉਨ੍ਹਾਂ ਨੂੰ ਚੰਗਾ ਲੱਗਦਾ ਹੈ? ਕਿਉਂਕਿ ਬੀਤੇ ਯੁੱਗ ਦੇ ਪ੍ਰਸ਼ੰਸਕਾਂ ਦੀਆਂ ਜੇਬਾਂ ਹਮੇਸ਼ਾ ਖੁੱਲੀਆਂ ਰਹਿੰਦੀਆਂ ਹਨ।

## ਸਾਹਿਤਕ ਪੈੜਾਂ- ਕੁਝ ਰਚਨਾਵਾਂ

# ਡਾ.ਭੀਮ ਰਾਓ ਅੰਬੇਦਕਰ ਦੇ ਜਨਮ ਦਿਨ ਦੀਆਂ ਮੁਬਾਰਕਾਂ



**ਆਜ਼ਾਦ ਜਲੰਧਰੀ 1-408-438-2888**

ਚੌਦਾਂ ਅਪ੍ਰੈਲ ਸੰਨ 1891 ਨੂੰ
ਭੀਮ ਰਾਓ ਆਇਆ ਹੈਸੀ ਰਿਸ਼ਮਾਂ ਖਿਲਾਰਦਾ।

ਭੀਮਾ ਬਾਈ ਮਾਈ ਜੀ ਦੇ ਵਿਹੜੇ ਵਿਚ ਰੌਣਕਾਂ ਨੇ
ਉਚਾ ਕੀਤਾ ਨਾਮ ਪਿਤਾ ਰਾਮ ਜੀ ਮਹਾਰ ਦਾ।

ਸੋਹਣਾ ਜਿਹਾ ਮੁੱਖ ਦੁੱਖ ਦੂਰ ਹੁੰਦੇ ਵਿਹੰਦਿਆਂ ਹੀ
ਦਲਿਤਾਂ ਦੇ ਘਰ ਆਇਆ ਰੂਪ ਕਰਤਾਰ ਦਾ।

ਮਹੂ ਦੀਆਂ ਗਲੀਆਂ ਦੇ ਕੱਖ ਭੀ ਸੀ ਨੱਚ ਉਠੇ
ਚੌਹੀਂ ਪਾਸੀਂ ਹੜ੍ਹ ਆਇਆ ਪ੍ਰੇਮ ਤੇ ਪਿਆਰ ਦਾ।

ਕਿਸੇ ਨੂੰ ਕੀ ਪਤਾ ਸੀ ਕਿਹ ਲਾਲ ਭੀਮਾ ਬਾਈ ਮਾਂ ਦਾ
ਸਦੀਆਂ ਦੀ ਸੁੱਤੀ ਹੋਈ ਕੌਮ ਨੂੰ ਜਗਾਵੇਗਾ।

ਦੇਊਗਾ ਦਿਲਾਸੇ ਹਾਸੇ ਵੰਡੂਗਾ ਇਹ ਦਲਿਤਾਂ ਨੂੰ
ਦੇਸ਼ ਦਾ ਕਾਨੂੰਨ ਹੱਥੀਂ ਆਪਣੀ ਬਣਾਏਗਾ।

ਤ੍ਰੇਤੇ ਜੁੱਗ ਵਿਚ ਸੁਆਮੀ ਸਿਰੀ ਵਾਲਮੀਕ ਜੀ ਨੇ
ਹਿੰਮਾਂ ਨਾ ਰੁੱਖ ਇਤਿਹਾਸ ਦਾ ਸੀ ਮੋੜਿਆ।

ਗੁਰੂ ਰਵਿਦਾਸ ਨਾਮਦੇਵ ਤੇ ਕਬੀਰ ਜੀ ਨੇ
ਵਰਨਾਂ ਦੇ ਮਹਿਲ ਨੂੰ ਸੀ ਫੜ ਕੇ ਝੰਜੋੜਿਆ।

ਊਚ-ਨੀਚ, ਜਾਤ-ਪਾਤ ਵਾਲਾ ਮਜ਼ਬੂਤ ਪੰਜਾ
ਭੀਮ ਰਾਓ ਸਾਹਿਬ ਨੇ ਸੀ ਫੜਕੇ ਮਰੋੜਿਆ।

ਵੱਡਿਆਂ ਵਡੇਰਿਆਂ ਦੀ ਕੀਤੀ ਕੁਰਬਾਨੀਆਂਦੀ
ਲੜੀ ਤਾਈਂ ਭੀਮ ਰਾਓ ਸਾਹਿਬ ਨੇ ਜੀ ਜੋੜਿਆ।

ਲੱਖਾਂ ਤੇ ਕਰੋੜਾਂ ਬਾਵਾ ਸਾਹਿਬ ਦੇ ਮੁਰੀਦ ਹੋ ਗਏ
ਦਿੱਤੀ ਜਾ ਗਵਾਹੀਇਤਿਹਾਸ ਦਿਆਂ ਪੱਠਿਆਂ।

ਬੜੇ ਬੜੇ ਦੇਸ਼ ਦਿਆਂ ਲੀਡਰਾਂਸਲਾਮ ਕੀਤਾ
ਵਰਨਾਂ ਦੇ ਬਾਨੀਆਂ ਨੇ ਸਿੱਕਾ ਅਹੁਦਾ ਮੱਲਿਆ।

ਜਨਮ ਦਿਹਾੜਾ ਬਾਵਾ ਸਾਹਿਬ ਭੀਮ ਰਾਓ ਜੀਦਾ
ਖੁਸ਼ੀਆਂ ਮਨਾਈਏ ਆਓ ਸੰਗਤੇ ਪਿਆਰੀਏ

ਔਹਦੀ ਕੁਰਬਾਨੀ ਤੇਜ ਤਪ ਤੇ ਤਿਆਗ ਅਹੁਦਾ
ਪਰਉਪਕਾਰ ਅਹੁਦੇ ਬੈਠ ਕੇ ਬਿਚਾਰੀਏ।

ਯਾਦ ਨੇ ਕਿਹ ਭੁੱਲ ਗਏ ਨੇ ਔਹਦੇ ਕਾਰਨਾਮੇ ਸਾਨੂੰ
ਆਪਣੇ ਦਿਲਾਂ 'ਚ ਬਹਿ ਕੇ ਆਪਾਂ ਝਾਤੀ ਮਾਰੀਏ।

ਲੋੜ ਇਤਫਾਕ ਦੀ ਏ ਅੱਜ ਸਾਡੀ ਕੌਮ ਤਾਈਂ
ਝੱਖੜਾਂ ਦੇ ਵਿਚ ਫਸੀ ਬੇੜੀ ਨੂੰ ਉਬਾਰੀਏ।

ਪੜ੍ਹੋ, ਲਿਖੋ ਮਿਲਕੇ ਸੰਘਰਸ਼ ਕਰੋ ਨੌਜਵਾਨੋ
ਬਚਨ ਅਮੁੱਲੇ ਬਾਵਾ ਸਾਹਿਬ ਦੇ ਕਮਾਲ ਨੇ।

ਅਸੀਂ ਭੀ ਜੇ ਇਕ ਹੋ ਕੇ ਵਧਾਂਗੇ ਆਜ਼ਾਦ ਅੱਗੇ
ਪੈਰ-ਪੈਰ ਉਤੇ ਬਾਵਾ ਸਾਹਿਬ ਸਾਡੇ ਨਾਲ ਨੇ।

**ਜੈ ਭੀਮ! ਜੈ ਭਾਰਤ!!**



## ਗ਼ਜ਼ਲ

ਦਲਿਤਾਂ ਦੇ ਐ ਮਸੀਹਾ ਮੇਰਾ ਸਲਾਮ ਤੈਨੂੰ
ਕਰਦੇ ਨੇ ਯਾਦ ਲੋਕੀ ਸੁDELਬਹਾ ਤੇ ਸ਼ਾਮ ਤੈਨੂੰ।

ਤੇਰਾ ਜਨਮ ਦਿਨ ਹੈ ਬਾਵਾ ਮੌਸਮ ਦਾ ਹੈ ਤਕਾਜ਼ਾ
ਅੱਜ ਦੇਣ ਆਏ ਖਾਦਿਮ ਸ਼ਰਧਾ ਦੇ ਜਾਮ ਤੈਨੂੰ।

ਤਕਰੀਰ ਦੇ ਐ ਸ਼ਾਹਾ, ਤਹਿਰੀਰ ਦੇ ਐ ਧਨੀਆ
ਦੱਸ ਕੀ ਸੁਣਾਏ ਸ਼ਾਇਰ ਆਪਣਾ ਕਲਾਮ ਤੈਨੂੰ।

ਸ਼ਰਧਾਂਜਲੀ ਸਮਝ ਕੇ ਚੰਦ ਸ਼ੇਅਰ ਇਹਤਗਮਨ
ਅੱਜ ਭੇਟ ਕਰ ਰਿਹਾ ਏ ਤੇਰਾ ਗੁਲਾਮ ਤੈਨੂੰ।

ਸੰਸਾਰ ਵਿਚ ਕਿਸੇ ਨੂੰ ਸ਼ਾਇਦ ਨਸੀਬ ਹੋਵੇ
ਮਿਲਿਆ ਮੁਦੱਬਰਾਂ ਵਿਚ ਜਿਹੜਾ ਮੁਕਾਮ ਤੈਨੂੰ।

ਵਰਨਾਂ ਦੇ ਕੰਡਿਆਂ ਤੇ ਚਲਦਾ ਰਿਹਾ ਹਮੇਸ਼ਾ
ਮਿਲਿਆ ਨਾ ਜ਼ਿੰਦਗੀ ਭਰ ਕਿਧਰੇ ਆਰਾਮ ਤੈਨੂੰ।

'ਆਜ਼ਾਦ' ਕਹਿ ਰਹੇ ਨੇ ਆਸਾਰ ਅੱਜ ਸਮੇਂ ਦੇ
ਪੂਜਣਗੇ ਰੱਬ ਸਮਝਕੇ ਲੋਕੀ ਤਮਾਮ ਤੈਨੂੰ।।

## ਗ਼ਜ਼ਲ

ਤੈਂ ਖੂਹ ਐਸੇ ਬਾਵਾ ਜੀ ਹਿੰਮਤਾਂ ਦੇ ਗੇੜੇ
ਫਸਲ ਆਸ ਦੀ ਜੰਮ ਪਈ ਦਲਿਤਾਂ ਦੇ ਵਿਹੜੇ।

ਰਗਾਂ ਵਿਚ ਲਹੂ ਸਰਦ ਗਰਮਾ ਗਏ ਸਨ
ਤੈਂ ਮਰਦਾਨਗੀ ਦੇ ਜਦੋਂ ਸਾਜ਼ ਛੇੜੇ।

ਲਗਾਤਾਰ ਚਲਦਾ ਰਿਹਾ ਉਮਰ ਸਾਰੀ
ਮਨੂੰਵਾਦੀਆਂ ਤੈਂ ਬਖੀਏ ਉਧੇੜੇ।

ਤੇਰੇ ਕਦਮ ਥਿੜਕੇ ਨਾ ਰਾਹ ਵਿਚ ਕਿਤੇ ਭੀ
ਤੂੰ ਲੈ ਆਇਆ ਕਸਤੀ ਨੂੰ ਸਾਹਿਲ ਦੇ ਨੇੜੇ।

ਤੈਂ ਦਲਿਤਾਂ ਦੇ ਦੁੱਖ ਆਪਣੀ ਝੋਲੀ 'ਚ ਪਾ ਲਏ
ਗਰੀਬਾਂ 'ਚ ਵੰਡੇ ਤੈਂ ਖੁਸ਼ੀਆਂ ਤੇ ਖੇੜੇ।

ਆਓ ਰਲ ਕੇ ਆਪਾਂ ਸਿਰੇ ਕੰਮ ਚੜ੍ਹਾਈਏ
ਸ਼ੁਰੂ ਕੀਤੇ ਅੰਬੇਦਕਰ ਨੇ ਸੀ ਜਿਹੜੇ।

ਜੇ 'ਆਜ਼ਾਦ' ਆਪਸ 'ਚ ਮਿਲ ਕੇ ਨਾ ਚੱਲੇ
ਤਾਂ ਖਾਂਦੇ ਰਹਾਂਗੇ ਹਮੇਸ਼ਾ ਥਪੇੜੇ।

**ਪੁਸਤਕ ਚਰਚਾ**


# ਪੁਸਤਕ - 'ਯੁੱਗ ਪੁਰਸ ਡਾ.ਅੰਬੇਡਕਰ-ਕਿਉਂ ਖ਼ੌਫ਼ ਖਾਂਦੇ ਹਨ ਲੋਕ'

**ਲੇਖਕ-ਐੱਸ.ਆਰ.ਲੱਧੜ (ਆਈ.ਏ.ਐੱਸ)**
**ਪ੍ਰਕਾਸ਼ਕ - ਸਾਹਿਬ ਦੀਪ ਪਬਲੀਕੇਸ਼ਨ, ਭੀਖੀ**
**ਕੁੱਲ ਪੰਨੇ-222**

ਬੀਤੇ ਦਿਨੀਂ ਪੰਜਾਬ ਯੂਨੀਵਰਸਿਟੀ ਦੇ ਗੋਲਡਨ ਜੁਬਲੀ ਹਾਲ ਵਿਖੇ ਅੰਬੇਡਕਰ ਸਟੂਡੈਂਟ ਐਸੋਸੀਏਸ਼ਨ ਵੱਲੋਂ ਭਾਰਤੀ ਸੰਵਿਧਾਨ ਦੇ ਨਿਰਮਾਤਾ,ਭਾਰਤ ਰਤਨ ਬਾਬਾ ਸਾਹਿਬ ਡਾ.ਭੀਮ ਰਾਉ ਅੰਬੇਡਕਰ ਜੀ ਦੇ 127ਵੇਂ ਜਨਮ ਦਿਹਾੜੇ ਸਬੰਧੀ ਇੱਕ ਸਮਾਗਮ ਆਯੋਜਿਤ ਕੀਤਾ ਗਿਆ। ਜਿਸ ਵਿੱਚ ਸ੍ਰੀ ਐੱਸ. ਆਰ. ਲੱਧੜ ਦੀ ਪੁਸਤਕ 'ਯੁੱਗ ਪੁਰਸ ਡਾ. ਅੰਬੇਡਕਰ- ਕਿਉਂ ਖ਼ੌਫ਼ ਖਾਂਦੇ ਹਨ ਲੋਕ' ਪ੍ਰਸਿੱਧ ਲੇਖਕ ਅਤੇ ਡਾ. ਅੰਬੇਡਕਰ ਜੀ ਦੇ ਸਹਿਯੋਗੀ ਰਹੇ ਸ੍ਰੀ ਕੇ.ਸੀ.ਸੁਲੇਖ ਨੇ ਰਿਲੀਜ਼ ਕੀਤੀ। ਐੱਸ. ਆਰ. ਲੱਧੜ ਪੰਜਾਬ ਦੇ ਸੀਨੀਅਰ ਆਈ. ਏ. ਐੱਸ ਅਧਿਕਾਰੀ ਹਨ ਅਤੇ ਪੰਜਾਬ ਸਰਕਾਰ ਦੇ ਪ੍ਰਵਾਸੀ ਭਾਰਤੀਆਂ ਸਬੰਧੀ ਵਿਭਾਗ ਦੇ ਪ੍ਰਮੁੱਖ ਸਕੱਤਰ ਸਨ। ਇਸ ਪੁਸਤਕ ਤੋਂ ਪਹਿਲਾਂ ਵੀ ਸ੍ਰੀ ਐੱਸ.ਆਰ.ਲੱਧੜ ਦੀ ਪੁਸਤਕ 'ਸ਼ੇਰਨੀ ਦਾ ਦੁੱਧ' ਪ੍ਰਕਾਸ਼ਿਤ ਹੋ ਚੁੱਕੀ ਹੈ, ਜਿਸ ਨੂੰ ਪਾਠਕ ਵਰਗ ਵੱਲੋਂ ਕਾਫੀ ਪਸੰਦ ਕੀਤਾ ਗਿਆ।

ਬਾਬਾ ਸਾਹਿਬ ਡਾ. ਅੰਬੇਡਕਰ ਜੀ ਨੂੰ ਜ਼ਿਆਦਾਤਰ ਦਲਿਤਾਂ ਦਾ ਮਸੀਹਾ ਕਰਕੇ ਪ੍ਰਚਾਰਿਆ ਜਾਂਦਾ ਰਿਹਾ ਹੈ, ਜੋ ਉਨ੍ਹਾਂ ਦੀ ਬਹੁਪੱਖੀ ਸ਼ਖ਼ਸੀਅਤ ਨੂੰ ਨੀਵਾਂ ਕਰਕੇ ਪੇਸ਼ ਕਰਦਾ ਹੈ, ਕਿਉਂਕਿ ਡਾ. ਅੰਬੇਡਕਰ ਜੀ ਨੇ ਅਛੂਤਾਂ ਦੀ ਭਲਾਈ ਦੇ ਨਾਲ ਨਾਲ ਸਮੁੱਚੀ ਔਰਤ ਜਾਤੀ ਲਈ ਜੋ ਕੀਤਾ, ਉਸ ਦੀ ਹੋਰ ਕਿਧਰੇ ਮਿਸਾਲ ਨਹੀ ਮਿਲਦੀ।

ਇੱਥੇ ਹੀ ਬੱਸ ਨਹੀ ਡਾ. ਅੰਬੇਡਕਰ ਨੇ ਅਧੁਨਿਕ ਭਾਰਤ ਦੇ ਨਿਰਮਾਣ ਦੀ ਨੀਂਹ ਰੱਖੀ ਅਤੇ ਰਿਜ਼ਰਵ ਬੈਂਕ ਆਫ਼




ਇੰਡੀਆ, ਚੋਣ ਕਮਿਸ਼ਨ,ਮਜ਼ਦੂਰਾਂ ਅਤੇ ਸਰਕਾਰੀ ਮੁਲਾਜ਼ਮਾਂ ਲਈ ਹੜਤਾਲਾਂ-ਸੰਘਰਸ਼ ਕਰਨ ਦੇ ਨਾਲ ਨਾਲ ਅੱਠ ਘੰਟੇ ਕੰਮ ਕਰਨ ਦਾ ਵਿਵਸਥਾ, ਤਨਖ਼ਾਹ ਸਮੇਤ ਐਤਵਾਰ ਦੀ ਛੁੱਟੀ,ਔਰਤ ਕਰਮਚਾਰੀਆਂ ਲਈ ਪ੍ਰਛੂਤਾ ਛੁੱਟੀ, ਡੈਮ, ਗਰਿੱਡ ਸਿਸਟਮ ਆਦਿ ਕੰਮ ਕਰਕੇ ਭਾਰਤ ਦੇਸ ਤੇ ਉਪਕਾਰ ਕੀਤਾ ਹੈ। ਡਾ.ਅੰਬੇਡਕਰ ਵੱਲੋਂ ਕੀਤੇ ਮਹਾਨ ਕਾਰਜਾਂ ਨੂੰ ਦੇਸ ਦੀ ਜਨਤਾ ਤੋਂ ਛੁਪਾ ਕੇ ਰੱਖਿਆ ਗਿਆ। ਅਜਿਹੇ ਵਿੱਚ ਸ੍ਰੀ ਲੱਧੜ ਦੀ ਇਸ ਪੁਸਤਕ ਬਾਬਾ ਸਾਹਿਬ ਅੰਬੇਡਕਰ ਜੀ ਦੇ ਸਮੁੱਚੇ ਕਾਰਜਾਂ ਜਾਣਕਾਰੀ ਦਾ ਸੋਮਾ ਹੈ। ਐੱਸ. ਆਰ. ਲੱਧੜ ਦੀ ਪੁਸਤਕ 'ਯੁੱਗ ਪੁਰਸ ਡਾ. ਅੰਬੇਡਕਰ - ਕਿਉਂ ਖ਼ੌਫ਼ ਖਾਂਦੇ ਹਨ ਲੋਕ' ਵਿੱਚ ਮਾਡਰਨ ਭਾਰਤ ਦੇ ਨਿਰਮਾਤਾ ਡਾ. ਬੀ. ਆਰ. ਅੰਬੇਡਕਰ ਦੇ ਜੀਵਨ,ਸੰਘਰਸ਼ ਅਤੇ ਸਿਧਾਂਤ ਸਬੰਧੀ ਪੰਜਾਬੀ ਭਾਸ਼ਾ ਵਿੱਚ ਲਿਖਿਆ ਗਿਆ ਹੈ। ਇਸ ਪੁਸਤਕ ਦਾ ਵਿਸ਼ੇਸ਼ ਪਹਿਲੂ ਇਹ ਹੈ ਕਿ ਇਸ ਵਿੱਚ ਦਰਜ ਟਿੱਪਣੀਆਂ ਜਾਂ ਹਵਾਲੇ ਬੇਹੱਦ ਭਰੋਸੇਯੋਗ ਅਤੇ ਉਚ ਪੱਧਰ ਦੀਆਂ ਹਨ। ਜਿਸ ਕਰਕੇ ਇਸ ਪੁਸਤਕ ਨੂੰ ਰੈਫਰੈਂਸ ਵਜੋਂ ਵੀ ਵਰਤਿਆ ਜਾ ਸਕਦਾ ਹੈ। ਸ੍ਰੀ ਲੱਧੜ ਦੀ ਇਸ ਪੁਸਤਕ ਵਿੱਚ ਕੁੱਲ 22 ਵੱਖ ਵੱਖ ਵਿਸਿਆਂ ਸਬੰਧੀ ਡਾ. ਅੰਬੇਡਕਰ ਦੇ ਜੀਵਨ ਬਾਰੇ ਚਰਚਾ ਕੀਤੀ ਗਈ ਹੈ। ਜਿਨ੍ਹਾਂ ਵਿੱਚ ਮੁੱਖ ਤੌਰ 'ਤੇ ਡਾਕਟਰ ਅੰਬੇਡਕਰ ਬਾਰੇ ਪ੍ਰਸਿੱਧ ਸ਼ਖ਼ਸੀਅਤਾਂ ਦੇ ਵਿਚਾਰ, ਵਰਤਮਾਨ ਵਿੱਚ ਡਾ. ਅੰਬੇਡਕਰ ਦਾ ਫ਼ਲਸਫ਼ਾ,ਅਛੂਤਾਂ ਨੂੰ ਮੁਕਤੀ ਕਿਵੇਂ ਮਿਲੂ? ਗਾਂਧੀ ਅਤੇ ਅਛੂਤ, ਬੁੱਧ ਧਰਮ ਅਤੇ ਨੈਤਿਕਤਾ, ਧਰਮ ਅਤੇ ਅਛੂਤ, ਅੰਬੇਡਕਰ ਦੀ ਸਿੱਖ ਧਰਮ ਵਿੱਚ ਰੁਚੀ, ਅਛੂਤਾਂ ਦੀ ਆਜ਼ਾਦੀ ਦਾ ਮੁੱਢ, ਅੰਬੇਡਕਰ ਅਤੇ ਰਾਜਨੀਤੀ ਆਦਿ ਸਮੇਤ ਬਾਬਾ ਸਾਹਿਬ ਦੇ ਸਮੁੱਚੇ ਜੀਵਨ ਦਾ ਉੱਚ ਪਾਏ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ। ਸਰਕਾਰੀ ਨੌਕਰਸਾਹ ਹੋਣ ਬਾਵਜੂਦ ਵੀ ਸ੍ਰੀ ਐੱਸ. ਆਰ. ਲੱਧੜ ਨੇ ਜਿਸ ਬੇਬਾਕੀ ਨਾਲ ਇਸ ਪੁਸਤਕ ਨੂੰ ਲਿਖਿਆ ਹੈ, ਉਹ ਸੱਚਮੁੱਚ ਦਲੇਰਾਨਾ ਕਦਮ ਹੈ।



**ਐੱਸ.ਆਰ.ਲੱਧੜ (ਆਈ.ਏ.ਐੱਸ)**

ਸੀਨੀਅਰ ਪ੍ਰਸ਼ਾਸਨਿਕ ਅਧਿਕਾਰੀ ਸ੍ਰੀ ਐੱਸ. ਆਰ. ਲੱਧੜ ਇਸ ਉੱਦਮ ਲਈ ਵਧਾਈ ਦੇ ਪਾਤਰ ਹਨ। ਸਾਨੂੰ ਇਸ ਪੁਸਤਕ ਨੂੰ ਜ਼ਰੂਰ ਪੜ੍ਹਨਾ ਚਾਹੀਦਾ ਹੈ ਤਾਂ ਕਿ ਬਾਬਾ ਸਾਹਿਬ ਸਬੰਧੀ ਸਹੀ ਤੱਥਾਂ ਸਮੇਤ ਜਾਣਕਾਰੀ ਮਿਲ ਸਕੇ।



**ਕੁਲਵੰਤ ਸਿੰਘ ਟਿੱਬਾ**
**92179-71379**



## ਮਾਂ

ਉਸ ਪੁੱਤ ਨੂੰ ਮਿਲਣ ਅਸੀਸਾਂ ਕਿਵੇਂ ਜੱਗ ਪਿਆ ਚੇਤੇ ਕਰਦਾ
ਇਕ ਵਹਿੰਗੀ ਤੇ ਦੂਜੇ ਅੰਨੇ ਮਾਂ ਪਿਓ ਤੀਜਾ ਦਸਰਥ ਹੱਥੋਂ ਮਰਦਾ
'ਸਰਵਣ' ਵਰਗੇ ਪੁੱਤ ਨਾ ਲੱਭਦੇ ਗੱਲ ਝੂਠ ਨਾ ਜਾਣੀ ਤੂੰ
ਇੱਥੇ ਦੁੱਧ ਨਾਲ ਪੁੱਤ ਪਾਲ ਕੇ ਮਾਂ ਤਰਸੇ ਪਾਣੀ ਨੂੰ।

ਬੂਹੇ ਤੇ ਨਿੱਤ ਖੜ੍ਹ ਕੇ ਵੇਖੇ ਪੁੱਤ ਪੜ੍ਹਕੇ ਸਕੂਲੋਂ ਆਵੇ
ਲੇਟ ਨਾ ਹੋ ਜਾਵੇ ਪੁੱਤ ਮੇਰਾਫਿਰ ਉਠਾਕੇ ਚੂਰੀ ਖਾਵੇ
ਕਹਿਣਾ ਮੀਂਹ ਕਣੀ ਦਾ ਰੰਗ ਤੇ ' ਫੜ ਛਤਰੀ ਤਾਣੀ ਤੂੰ
ਇੱਥੇ ਦੁੱਧ ਨਾਲ ਪੁੱਤ ਪਾਲ ਕੇ ਮਾਂ ਤਰਸੇ ......

ਤੋਰ ਦਿੰਦੀ ਮਾਂ ਪੁੱਤ ਪ੍ਰਦੇਸੀ ਕੋਈ ਸੁਖ ਦਾ ਸਾਹ ਫਿਰ ਆਊ
ਪੁੱਤ ਵਿਗੜੇ ਦੀਆਂ ਪਹੁੰਚਣ ਖਬਰਾਂ ਸਦਾ ਸੁੱਖ ਦੀ ਖੈਰ ਮਨਾਊ
ਬੈਠੀ ਫੇਰ ਸਨੇਹੇ ਘਲਦੀ ਵਿਆਹੀ ਧੀ ਤਾਂ ਰਾਣੀ ਨੂੰ
ਇੱਥੇ ਦੁੱਧ ਨਾਲ ਪੁੱਤ ਪਾਲ ਕੇ ਮਾਂ ਤਰਸੇ ......

ਲੱਕੜਾਂ ਠੰਡੀਆਂ ਹੋਣ ਨਾ ਦਿੰਦੇ ਵੰਡੀਆਂ ਘਰ ਵਿਚ ਪਾਉਂਦੇ
ਜਿਉਂਦਿਆਂ ਨੂੰ ਕੁਝ ਪੁੱਛਦੇ ਨਾ ਘਿਓ ਮਰਿਆਂ ਦੇ ਮੂੰਹ ਲਾਉਂਦੇ
ਨਾ ਸੰਗ ਸ਼ਰਮ ਦਾ ਘਾਟਾ ਛੱਡੋ ਰੀਤ ਪੁਰਾਣੀ ਨੂੰ
ਇੱਥੇ ਦੁੱਧ ਨਾਲ ਪੁੱਤ ਪਾਲ ਕੇ ਮਾਂ ਤਰਸੇ ......

ਮਾਂ ਤਾਂ ਰੱਬ ਦਾ ਰੂਪ ਦੂਜਾ ਜਿਹੜੀ ਸੁੱਕੇ ਥਾਂ ਤੇ ਪਾਵੇ
ਗਿੱਲੇ ਥਾਂ ਤੇ ਆਪ ਪੈਂਦੀ ਲੋਰੀ ਦੇ ਕੇ ਲਾਡ ਲਡਾਵੇ
ਦੱਸੇ 'ਦੇਵ ਘੋਲੀਆ' ਭੁੱਲ ਜਾਂਦੇ ਜਿਹੜੀ ਮੌਜ ਸੀ ਮਾਣੀ ਨੂੰ
ਇੱਥੇ ਦੁੱਧ ਨਾਲ ਪੁੱਤ ਪਾਲ ਕੇ ਮਾਂ ਤਰਸੇ ਪਾਣੀ ਨੂੰ

**-ਦੇਵ ਘੋਲੀਆ ਖੁਰਦ (ਫਰਿਜ਼ਨੋ)**
**559-232-7764**



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

## CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

**NEW & USED TIRES**
**WASH, LUBE, BRAKES**

Call:
650-642-0697

**3525 Highway 99, West Corning, CA 96021**
Across the Street from TA Truck Stop

# ਗੁਰੂ ਨਾਨਕ ਸਪੋਰਟਸ ਕਲੱਬ ਸਨਵਾਕੀਨ ਅਤੇ ਕਰਮਨ ਵੱਲੋਂ

# ਵਿਸਾਖੀ ਟੂਰਨਾਮੈਂਟ

## Punjabi Family Picnic And Open Kabaddi

**ਅਮਰੀਕਾ ਵਿੱਚ ਸ਼ੈਂਟਰਲ ਕੈਲੀਫੋਰਨੀਆਂ ਦੇ ਸ਼ਹਿਰ ਸਨਵਾਕੀਨ ਵਿੱਚ ਹਰ ਸਾਲ ਦੀ ਤਰ੍ਹਾਂ ਇਸ ਸਾਲ 2018 ਦੀ ਵਿਸਾਖੀ ਨੂੰ ਸਮਰਪਿਤ**

## 12 ਮਈ ਨੂੰ ਫੈਮਲੀ ਪਿਕਨਿਕ ਅਤੇ 13 ਮਈ 2018 ਨੂੰ ਉਪਨ ਕਬੱਡੀ ਤੇ ਹੋਰ ਖੇਡਾਂ

**ਇਸ ਟੂਰਨਾਮੈਂਟ ਵਿੱਚ ਸਾਮਲ ਹੋਣ ਲਈ ਸਮੂੰਹ ਖਿਡਾਰੀਆਂ ਅਤੇ ਖੇਡ ਪ੍ਰੇਮੀਆਂ ਨੂੰ ਖੁੱਲਾ ਸੱਦਾ ਦਿੱਤਾ ਜਾਂਦਾ ਹੈ।**

ਗੁਰੂ ਨਾਨਕ ਸਪੋਰਟਸ ਕਲੱਬ ਵੱਲੋਂ ਸਨਵਾਕੀਨ ਸਕੂਲ ਦੀਆਂ ਖੁਲੀਆਂ ਗਰਾਉਡਾ ਅਤੇ ਪਾਰਕਾ ਵਿੱਚ 12 ਅਤੇ 13 ਮਈ 2018 ਨੂੰ ਅੱਠਵਾਂ ਅਮਰੀਕਨ ਵਿਸਾਖੀ ਟੂਰਨਾਮੈਂਟ ਕਰਵਾਇਆ ਜਾ ਰਿਹਾ ਹੈ। ਜਿਸ ਵਿੱਚ 12 ਮਈ, ਦਿਨ ਸ਼ਨੀਵਾਰ ਦੀ ਪਰਿਵਾਰਕ ਪਿਕਨਿਕ ਵਿੱਚ ਦੌੜਾ, ਚਾਟੀ ਰੇਸ਼, ਮਿਊਜ਼ੀਕਲ ਚੇਅਰ, ਵਧੀਆਂ ਪੁਸ਼ਾਕ ਮੁਕਾਬਲੇ ਤੋਂ ਇਲਾਵਾ ਪੰਜਾਬ ਦੀਆਂ ਪੁਰਾਤਨ ਖੇਡਾਂ ਜਿਵੇ ਘੋੜਾ ਕਬੱਡੀ, ਖੋ-ਖੋ, ਸ਼ੱਕਰ ਭਿੱਜੀ, ਗੁੱਲੀ ਡੰਡਾ, ਬਾਂਦਰ ਕੀਲਾ, ਬੰਟੇ, ਰੁਮਾਲ ਚੁੱਕਣਾ ਅਤੇ ਤਿੰਨ ਟੰਗੀ ਦੌੜ (ਸਪੈਸਲ ਮਾਂ-ਧੀ) ਨੂੰ ਵੀ ਫੈਮਲੀ ਪਿਕਨਿਕ ਵਜੋਂ ਉਤਸਾਹਿਤ ਕੀਤਾ ਜਾਵੇਗਾ। 13 ਮਈ, ਦਿਨ ਐਤਵਾਰ ਨੂੰ ਉਪਨ ਕਬੱਡੀ, ਰੱਸਾਕਸੀ, ਭਾਰ ਚੁੱਕਣਾ, ਗੋਲਾ ਸੁੱਟਣਾ, ਕੁਸਤੀਆਂ ਤੋਂ ਇਲਾਵਾ ਬੱਚਿਆ ਅਤੇ ਔਰਤਾ ਦੀਆਂ ਹੋਰ ਬਹੁਤ ਸਾਰੀਆਂ ਖੇਡਾਂ ਮੁੱਖ ਅਕਰਸ਼ਣ ਹੋਣਗੀਆਂ। ਹੋਰ ਜਾਣਕਾਰੀ ਲੈਣ ਲਈ ਪ੍ਰਬੰਧਕਾ ਨਾਲ ਸੰਪਰਕ ਕਰੋ।






Family Fun Gidha and Boliyan

13 ਮਈ 2018, ਦਿਨ ਐਤਵਾਰ

## ਉਪਨ ਕਬੱਡੀ

ਰੱਸਾਕਸੀ, ਦੌੜਾ, ਕੁਸਤੀਆਂ, ਭਾਰ ਚੁਕਣਾ ਆਦਿਕ। ਇਸ ਤੋਂ ਇਲਾਵਾ ਦਿਲਦਾਰ ਬ੍ਰਦਰਜ਼ ਮਿਊਜ਼ੀਕਲ ਗਰੁੱਪ, ਲੋਕ ਪ੍ਰਸਿੱਧ ਗਾਇਕ ਧਰਮਵੀਰ ਥਾਂਦੀ, ਕਮਲਜੀਤ ਬੈਨੀਪਾਲ ਅਤੇ ਹੋਰ ਬਹੁਤ ਸਾਰੇ ਕਲਾਕਾਰ ਵਿਸ਼ੇਸ਼ ਰੰਗਾ-ਰੰਗ ਪ੍ਰੋਗਰਾਮ ਪੇਸ਼ ਕਰਨਗੇ।

ਉਪਨ ਕਬੱਡੀ ਅਤੇ ਉਮਰ ਅੰਡਰ 21 ਸਾਲ



ਬਾਬਿਆ ਵੱਲੋਂ ਰੱਸਾਕਸ਼ੀ ਦੇ ਮੁਕਾਬਲੇ ਹੋਣਗੇ।




ਸਟੇਜ ਹੋਸਟ: ਬੀਬੀ ਆਸ਼ਾਂ ਸ਼ਰਮਾਂ



**Vaiskhi Tournament 2018**
WILL BE HELD AT THE SAN JOAQUIN SCHOOL'S PLAY GROUNDS.
HELD BY THE GURU NANAK SPORTS CLUB OF SAN JOAQUIN AND KERMAN, CALIFORNIA. THE EVENT WILL BE HELD ON
MAY 12 AND 13 2018 (SATURDAY AND SUNDAY).

**ਇਨਾਮ**

**12 ਮਈ 2018 ਦਿਨ ਸ਼ਨੀਵਾਰ ਪਰਿਵਾਰਿਕ ਪਿਕਨਿਕ**



ਦਿਲਦਾਰ ਮਿਊਜ਼ੀਕਲ ਗਰੁੱਪ ਫਰਿਜ਼ਨੋ ਵੱਲੋਂ ਮਨੋਰੰਜਨ ਹੋਵੇਗਾ।



ਜੀ.ਐਚ.ਜੀ.ਅਕੈਡਮੀ, ਫਰਿਜ਼ਨੋ



ਕਰਮਨ ਪੰਜਾਬੀ ਸਕੂਲ, ਕਰਮਨ



ਬੀਬੀਆਂ ਦੀ ਚਾਟੀ ਦੌੜ ਅਤੇ ਰੱਸ਼ਾਕਸੀ

## More Information:

**Gurbinder S. Dhaliwal (559) 281-4697, Mohan S. Badesha (559) 248-6694, Simple Aulakh (559) 217-5465 .**

Gurdarshan Brar (559) 974-0952, Dalvir Chaudry (209) 675-8764, Mintu Dhaliwal 559-994-0396, Rupinder Kang (559) 709-0353, Avtar S. Grewal (559) 352-6025, Sukhi Randhawa (559) 698-4876, Gurbax Sidhu (559) 217-5486, Parmjit Mander: (559) 709-3580, Deep Billan (559) 217-1441, Raj Dhaliwal (559) 217-4974, Ajit Badesha (559) 706-2143, Ranmegh Dhesi (559) 577-3875, Sharanjit Singh Dhillon (559) 829-4465, Gurmit Samra (559) 917-0209, Messi Pehalwan (559) 347-4009.

**Near Location: Guru Nanak Sikh Temple, 8695 Main Street, San Joaquin, CA .93660.**

Scan for Directions

**ਟੂਰਨਾਮੈਂਟ ਸਮੇਂ ਕਾਰ ਪਾਰਕਿੰਗ, ਸ਼ਖਤ ਸਕਿਊਰਟੀ, ਔਰਤਾਂ ਅਤੇ ਬੱਚਿਆ ਦੇ ਬੈਠਣ ਤੋਂ ਇਲਾਵਾ ਮੁਫਤ ਲੰਗਰਾਂ ਦਾ ਪ੍ਰਬੰਧ ਹੋਵੇਗਾ।**

Media Sponsor: Kulwant Ubhi Dhalian & Neeta Machhike. Special Thanks to All Media sponsers. Photography By: Jeet Gill - www.Mogavideo.com

Designed By: Kulwant Ubhi Dhalian (559) 473-9264.